# ਵਿਗਿਆਨ ਜੋਤ

***ਸਾਲ 11, ਅੰਕ 3***

ਮਈ-ਜੂਨ, 2016

**PUNPUN/2006/17457**



ਮੁੱਖ ਸੰਪਾਦਕ: ਮੇਘ ਰਾਜ ਮਿੱਤਰ

ਸੰਪਾਦਕ: ਅਜਮੇਰ ਸਿੱਧੂ
ਰਣਜੀਤ ਝਨੇਰ

ਮੁੱਖ ਪ੍ਰਬੰਧਕ: ਅਮਿੱਤ ਮਿੱਤਰ

ਸੰਪਾਦਕੀ ਬੋਰਡ
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ.ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ ਵਿੱਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



**ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**
ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਭਾਰਤ ਬੁਲੰਦੀਆਂ ਵੱਲ ਜਾ ਰਿਹਾ ਹੈ ਜਾਂ ਨਿਵਾਣ ਵੱਲ ?



ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਬਿਆਨ ਬਹੁਤ ਤਿੱਖੇ ਦੇ ਰਹੇ ਹਨ, ਜਦਕਿ ਉਨ੍ਹਾਂ ਦਾ ਅਮਲ ਥੋਥਾ ਹੈ। ਉਨ੍ਹਾਂ ਵੱਲੋਂ ਜੋ ਡਰਾਮੇਬਾਜ਼ੀ ਪਿਛਲੇ ਸਮੇਂ ਕੀਤੀ ਗਈ ਹੈ, ਉਨ੍ਹਾਂ ਤੋਂ ਨਜ਼ਰ ਏਹੀ ਆਉਂਦਾ ਹੈ ਕਿ ਭਾਰਤ ਬੁਲੰਦੀਆਂ ਵੱਲ ਵਧ ਰਿਹਾ ਹੈ, ਪਰ ਅਸਲ ਵਿਚ ਇਹ ਡੂੰਘਾਈਆਂ ਵੱਲ ਜਾ ਰਿਹਾ ਹੈ। ਯੋਗਾ ਦਿਨ ਮਨਾਉਣੇ ਜਾਂ ਬੈਂਕ ਖਾਤੇ ਖੁਲ੍ਹਵਾਉਣੇ ਜਾਂ ਸਵੱਛ ਭਾਰਤ ਦੇ ਨਾਅਰੇ ਬੁਲੰਦ ਕਰਨੇ ਜਾਂ ਧਰਮਾਂ ਅਤੇ ਜਾਤਾਂ-ਪਾਤਾਂ ਦਾ ਅੰਤਰ ਵਧਾਉਣਾ ਜਾਂ ਗ਼ਰੀਬਾਂ ਨੂੰ ਛੱਡ ਕੇ ਗਊਆਂ-ਬਾਂਦਰਾਂ ਜਾਂ ਸੂਰਾਂ ਲਈ ਖ਼ਜ਼ਾਨੇ ਦਾ ਮੂੰਹ ਖੋਲ੍ਹਣਾ, ਕਦੇ ਉਹ ਪਾਕਿਸਤਾਨੀ ਸਿਪਾਹੀਆਂ ਦੇ ਸਿਰ ਵੱਢ ਕੇ ਲਿਆਉਣ ਦੀ ਗੱਲ ਕਰਦਾ ਹੈ, ਕਦੇ ਵਿਦੇਸ਼ਾਂ ਵਿਚੋਂ ਕਾਲਾ ਧਨ ਲਿਆ ਕੇ ਹਰੇਕ ਵਿਅਕਤੀ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾਂ ਕਰਵਾਉਣ ਦੀ ਹਾਮੀ ਭਰਦਾ ਹੈ, ਕਦੇ ਮਾਸਾਹਾਰ ਅਤੇ ਸਾਕਾਹਾਰ ਦਾ ਰਾਗ ਅਲਾਪਦਾ ਹੈ, ਕਦੇ ਲਾਲ ਕਿਲੇ 'ਤੇ ਖੜ੍ਹ ਕੇ 'ਮਨ ਕੀ ਬਾਤ' ਕਰਦਾ ਹੈ, ਕਦੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਕਨ੍ਹਈਆ ਕੁਮਾਰ ਅਤੇ ਹੈਦਰਾਬਾਦ ਯੂਨੀਵਰਸਿਟੀ ਦੇ ਰੋਹਿਤ ਵੇਮੁਲਾ ਬਾਰੇ ਬੇਲੋੜਾ ਵਿਵਾਦ ਖੜ੍ਹਾ ਕਰਦਾ ਹੈ, ਕਈ ਵਾਰ ਰਿਜ਼ਰਵੇਸ਼ਨ ਦੇ ਮੁੱਦੇ 'ਤੇ ਬੇਲੋੜੇ ਵਿਵਾਦਤ ਬਿਆਨ ਦਿੱਤੇ ਜਾਂਦੇ ਹਨ। ਇਹ ਸਾਰੀਆਂ ਗੱਲਾਂ ਦਰਸਾਉਂਦੀਆਂ ਹਨ ਕਿ ਰੌਲਾ-ਰੱਪਾ ਤਾਂ ਵਧ ਰਿਹਾ ਹੈ, ਪਰ ਗ਼ਰੀਬਾਂ ਪ੍ਰਤੀ ਕੋਈ ਵੀ ਹਾਂ ਪੱਖੀ ਪ੍ਰਾਪਤੀਆਂ ਨਜ਼ਰ ਨਹੀਂ ਆ ਰਹੀਆਂ। ਗ਼ੈਰ-ਵਿਗਿਆਨਕ ਖ਼ਬਰਾਂ ਵਿਖਾਉਣ ਲਈ ਭਾਰਤੀ ਚੈਨਲਾਂ ਨੂੰ ਖੁੱਲ੍ਹੇ ਛੱਡ ਦਿੱਤਾ ਹੈ। ਉਹ ਸ਼ਨੀ ਚੱਕਰ, ਰੁਦਰਾਕਸ਼ ਦੀਆਂ ਮਾਲਾਵਾਂ ਆਦਿ ਦਾ ਪ੍ਰਚਾਰ ਕਰਕੇ ਆਮ ਲੋਕਾਂ ਨੂੰ ਸ਼ਰੇਆਮ ਲੁੱਟ ਰਹੇ ਹਨ। ਸੈਂਕੜੇ ਚੈਨਲ ਜੋਤਿਸ਼ ਦੀ ਰੱਟ ਲਾਈ ਜਾ ਰਹੇ ਹਨ। ਉਨ੍ਹਾਂ ਦੀ ਵਿਗਿਆਨਕ ਪਰਖ ਕਰਵਾਉਣ ਵਾਲਾ ਕੋਈ ਨਹੀਂ ਹੈ। ਬਹੁਤ ਸਾਰੇ ਚੈਨਲ ਤਾਂ ਬਾਬਿਆਂ ਦੀਆਂ ਦਵਾਈਆਂ ਵਿਕਵਾ ਕੇ ਲੋਕਾਂ ਦੀਆਂ ਸਿਹਤਾਂ ਨਾਲ ਖਿਲਵਾੜ ਕਰਵਾ ਰਹੇ ਹਨ। ਭਸਮਾਂ ਦੇ ਨਾਮ 'ਤੇ ਭਾਰੀ ਧਾਤਾਂ ਵੇਚੀਆਂ ਜਾ ਰਹੀਆਂ ਹਨ। ਲੋਕਾਂ ਦੀਆਂ ਕਿਡਨੀਆਂ ਫੇਲ੍ਹ ਹੋ ਰਹੀਆਂ ਹਨ। ਹਜ਼ਾਰਾਂ ਵਰ੍ਹੇ ਪੁਰਾਣੀਆਂ ਪੈਥੀਆਂ ਮੁੜ ਪ੍ਰਚਾਰੀਆਂ ਜਾ ਰਹੀਆਂ ਹਨ, ਜੋ ਸਿਹਤ ਪੱਖੋਂ ਭਾਰਤ ਨੂੰ ਪਿੱਛੇ ਧੱਕਣ ਦੀਆਂ ਨਿਸ਼ਾਨੀਆਂ ਹਨ। ਮਨੂਸਮ੍ਰਿਤੀ ਤਾਂ ਕਹਿੰਦੀ ਹੈ, "ਜਿਹੜਾ ਵਿਅਕਤੀ ਭਗਵਾਂ ਭੇਸ ਧਾਰਨ ਕਰਕੇ ਕਾਰੋਬਾਰ ਕਰਦਾ ਹੈ, ਰਾਜੇ ਨੂੰ ਚਾਹੀਦਾ ਹੈ ਕਿ ਉਹ ਪੱਥਰ ਬੰਨ੍ਹ ਕੇ ਉਸ ਨੂੰ ਨਦੀ ਵਿਚ ਡੁਬੋ ਦੇਵੇ।" ਜਦਕਿ ਸਾਡੇ ਦੇਸ਼ ਦਾ ਰਾਜਾ ਤਾਂ ਬਾਪੂ ਆਸਾਰਾਮ, ਬਾਬਾ ਰਾਮਦੇਵ, ਸ੍ਰੀ ਸ੍ਰੀ ਰਵੀਸ਼ੰਕਰ, ਗੁਰਮੀਤ ਰਾਮ ਰਹੀਮ ਦੇ ਗ਼ੈਰ-ਵਿਗਿਆਨਕ ਕਾਰੋਬਾਰਾਂ ਨੂੰ ਅੱਗੇ ਵਧਾਉਣ 'ਤੇ ਲੱਗਿਆ ਹੋਇਆ ਹੈ। ਕੀ ਇਹ ਬਾਬੇ ਦੇਸ਼ ਨੂੰ ਵਿਗਿਆਨਕ ਤੌਰ 'ਤੇ ਅਗਾਂਹ ਵਧਾਉਣ ਵਿਚ ਕੋਈ ਰੋਲ ਅਦਾ ਕਰਨਗੇ ਜਾਂ ਪਿਛਾਂਹ ਖਿੱਚਣ ਵਿਚ ਹੀ ਮਸ਼ਰੂਫ਼ ਰਹਿਣਗੇ ?

ਸੋ ਉਪਰੋਕਤ ਡਰਾਮੇਬਾਜ਼ੀਆਂ ਅਤੇ ਪੈਦਾ ਕੀਤੇ ਜਾ ਰਹੇ ਵਾਦ-ਵਿਵਾਦ ਭਾਰਤ ਨੂੰ ਡੂੰਘਾਈਆਂ ਵੱਲ ਹੀ ਲਿਜਾ ਸਕਦੇ ਹਨ, ਬੁਲੰਦੀਆਂ 'ਤੇ ਨਹੀਂ।

ਪ੍ਰਧਾਨ ਮੰਤਰੀ ਸ੍ਰੀ ਮੋਦੀ ਭਾਰਤ ਦੇ ਵਿਗਿਆਨੀਆਂ ਦੀ ਸਾਇੰਸ ਕਾਂਗਰਸ ਦਾ ਉਦਘਾਟਨ ਕਰਦਿਆਂ ਗਣੇਸ਼ ਦੀ ਉਦਾਹਰਣ ਦਿੰਦਿਆਂ ਕਹਿੰਦਾ ਹੈ, "ਹਜ਼ਾਰਾਂ ਸਾਲ ਪਹਿਲਾਂ ਸਾਡੇ ਦੇਸ਼ ਵਿਚ ਸਰਜਰੀ ਵਿਗਿਆਨ ਬਹੁਤ ਵਧੀਆ ਹੁੰਦਾ ਸੀ। ਮਨੁੱਖ ਦੇ ਸਿਰ ਉਪਰ ਹਾਥੀ ਦਾ ਸਿਰ ਲਗਾ ਦੇਣਾ ਉਨ੍ਹਾਂ ਲਈ ਮਾਮੂਲੀ ਗੱਲ ਸੀ।" ਪਰ ਧਰਤੀ ਵਿਚ ਦੱਬੀਆਂ ਹੋਈਆਂ ਕਰੋੜਾਂ ਖੋਪੜੀਆਂ ਤੇ ਪਿੰਜਰ ਉਸ ਦੀ ਗੱਲ ਦਾ ਮਜ਼ਾਕ ਉਡਾ ਰਹੇ ਹਨ।

-ਮੇਘ ਰਾਜ ਮਿੱਤਰ

# ਯਾਦਾਂ ਦੇ ਝਰੋਖੇ ’ਚੋਂ...

ਮੇਘ ਰਾਜ ਮਿੱਤਰ
ਫੋਨ ਨੰ: 98887-87440



## 1. ਗੁਰਦਵਾਰਾ ਸਾਹਿਬ ‘ਰੱਬ ਦਾ ਕੁੱਤਾ ਜੀ’

ਮੇਰੇ ਭਾਰਤ ਮਹਾਨ ਵਿਚ ਜਾਨਵਰਾਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਅਸਲ ਵਿਚ, ਸਾਡੇ ਮਿਥਿਹਾਸਕ ਦੇਵੀ-ਦੇਵਤਿਆਂ ਦੀਆਂ ਸਵਾਰੀਆਂ ਜਾਨਵਰ ਹੀ ਸਨ। ਉਸ ਸਮੇਂ ਮਸ਼ੀਨਰੀ ਦੀ ਖੋਜ ਨਹੀਂ ਸੀ ਹੋਈ। ਇਸ ਲਈ ਰੇਲਗੱਡੀਆਂ, ਕਾਰਾਂ, ਬੱਸਾਂ ਅਤੇ ਹਵਾਈ ਜਹਾਜ਼ਾਂ, ਸਮੁੰਦਰੀ ਜਹਾਜ਼ਾਂ ਦੀ ਕੋਈ ਉਪਲਬਧੀ ਨਹੀਂ ਸੀ। ਜੇ ਦੁਨੀਆਂ ਦੇ ਸਾਰੇ ਧਰਮਾਂ ਨੂੰ ਵੇਖਿਆ ਜਾਵੇ ਤਾਂ ਹਰੇਕ ਜਾਨਵਰ ਦੇਵਤਿਆਂ ਦੀਆਂ ਸਵਾਰੀਆਂ ਬਣਦਾ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਡਾਇਨਾਸੋਰ, ਮੈਮਥ ਜਾਂ ਹੋਰ ਅਜਿਹੇ ਜਾਨਵਰ, ਜਿਨ੍ਹਾਂ ਦੀ ਅੱਜ ਦੇ ਸਮੇਂ ਵਿਚ ਹੋਂਦ ਲੁਪਤ ਹੋ ਚੁੱਕੀ ਹੈ, ਦੇਵਤਿਆਂ ਦੀਆਂ ਸਵਾਰੀਆਂ ਕਿਉਂ ਨਹੀਂ ਬਣੇ? ਸੱਚ ਤਾਂ ਇਹ ਹੈ ਕਿ ਪਿਛਲੇ ਯੁੱਗ ਦੇ ਵਸਨੀਕਾਂ ਨੂੰ ਜਾਂ ਮਿਥਿਹਾਸਕ ਗ੍ਰੰਥਾਂ ਦੇ ਰਚਨਾਕਾਰਾਂ ਨੂੰ ਜਾਂ ਚਿੱਤਰਕਾਰਾਂ ਨੂੰ ਇਨ੍ਹਾਂ ਦੀ ਹੋਂਦ ਦੀ ਜਾਣਕਾਰੀ ਨਹੀਂ ਸੀ। ਇਸ ਲਈ ਇਹ ਜਾਨਵਰ ਦੇਵਤਿਆਂ ਦੀਆਂ ਸਵਾਰੀਆਂ ਨਹੀਂ ਬਣੇ। ਕੁਤੀਆ ਦੇਵੀ ਦੇ ਮੰਦਰ ਬਾਰੇ ਤਾਂ ‘ਵਿਗਿਆਨ ਜੋਤ’ ਦੇ ਪਿਛਲੇ ਅੰਕ (ਦਸੰਬਰ-ਜਨਵਰੀ) ਵਿਚ ਜਾਣਕਾਰੀ ਵੀ ਦਿੱਤੀ ਗਈ ਹੈ। ਹੁਣ ਇਹ ਖ਼ਬਰ ਵੀ ਪ੍ਰਾਪਤ ਹੋਈ ਹੈ ਕਿ ਸਿੱਖ ਧਰਮ ਵਾਲਿਆਂ ਨੇ ਦਿੱਲੀ ਵਿਚ ਅਜਿਹਾ ਗੁਰਦੁਆਰਾ ਸਾਹਿਬ ਉਸਾਰਿਆ ਹੈ, ਜਿਸ ਦਾ ਨਾਂਅ ‘ਰੱਬ ਦਾ ਕੁੱਤਾ ਜੀ’ ਰੱਖਿਆ ਗਿਆ ਹੈ। ਭਾਵੇਂ ਇਹ ਗੁਰਦੁਅਰਾ ਕਿਸੇ ਜਾਨਵਰ ਦੀ ਯਾਦ ਵਿਚ ਨਹੀਂ ਬਣਾਇਆ ਗਿਆ, ਸਗੋਂ ਅਜਿਹੇ ਵਿਅਕਤੀ ਦੀ ਯਾਦ ਵਿਚ ਬਣਾਇਆ ਗਿਆ ਹੈ, ਜੋ ਆਪਣੇ ਆਪ ਨੂੰ ‘ਰੱਬ ਦਾ ਕੁੱਤਾ’ ਕਹਿੰਦਾ ਸੀ। ਉਸ ਅਨੁਸਾਰ, ਕੁੱਤੇ ਜਿਨ੍ਹਾਂ ਵਫ਼ਾਦਾਰ ਇਨਸਾਨ ਵੀ ਨਹੀਂ ਹੋ ਸਕਦਾ। ਇਸ ਵਿਅਕਤੀ ਨੇ ਆਪਣੀ ਕੁੱਝ ਜਾਇਦਾਦ ਗੁਰਦੁਆਰਾ ਸਾਹਿਬ ਉਸਾਰਨ ਲਈ ਦਾਨ ਵਿਚ ਵੀ ਦੇ ਦਿੱਤੀ ਸੀ।

ਇਸੇ ਤਰ੍ਹਾਂ ਨਾਂਦੇੜ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੇ ਵੰਸ਼ਜ਼ ਦੇ ਘੋੜੇ ਦੇ ਸਸਕਾਰ ਵੇਲੇ ਦੀ ਤਸਵੀਰ ਵੀ ਮੀਡੀਆ ’ਤੇ ਪ੍ਰਚਾਰੀ ਜਾ ਰਹੀ ਹੈ। ਅਸਲ ਵਿਚ, ਮੇਰੇ ਪੰਜਾਬੀ ਭਰਾ ਬਹੁਤ ਭੋਲੇ ਹਨ ਤੇ ਉਹ ਇਨ੍ਹਾਂ ਗੱਲਾਂ ਦੇ ਝਾਂਸੇ ਵਿਚ ਆ ਜਾਂਦੇ ਹਨ ਤੇ ਦਾਨ-ਪੁੰਨ ਚੜ੍ਹਾਉਣਾ ਸ਼ੁਰੂ ਕਰ ਦਿੰਦੇ ਹਨ। ਸਿੱਟੇ ਵਜੋਂ, ਲੋਕਾਂ ਦੀ ਲਾਈਲੱਗਤਾ ਵਧਦੀ ਹੈ।

## 2. ਕਲਕੱਤੇ ਦਾ ਪੁਲ

ਕਲਕੱਤਾ ਵਿਖੇ ਇਕ ਓਵਰਬਰਿਜ ਦੀ ਉਸਾਰੀ 2009 ਤੋਂ ਚੱਲ ਰਹੀ ਸੀ। ਸਮੇਂ-ਸਮੇਂ ਦੀਆਂ ਸਿਆਸਤਾਂ ਤੇ ਠੇਕੇਦਾਰਾਂ ਦੇ ਗੱਠਜੋੜ ਨੇ ਇਸ ਪੁਲ ਨੂੰ ਨੇਪਰੇ ਚਾੜ੍ਹਦਿਆਂ ਸੱਤ ਸਾਲ ਲਗਾ ਦਿੱਤੇ। ਮਾਰਚ-2016 ਦੇ ਅਖ਼ੀਰਲੇ ਦਿਨਾਂ ਵਿਚ ਇਹ ਪੁਲ ਢਹਿ-ਢੇਰੀ ਹੋ ਗਿਆ ਹੈ। ਲਗਭਗ 25 ਵਿਅਕਤੀ ਅਤੇ ਬਹੁਤ ਸਾਰੀਆਂ ਕਾਰਾਂ ਤੇ ਟਰੱਕ ਇਸ ਹੇਠ ਆ ਕੇ ਦਰੜੇ ਗਏ ਹਨ। ਇਸ ਪੁਲ ਦਾ ਮਹੂਰਤ ਕਰਨ ਸਮੇਂ ਵੀ ਹਵਨ, ਪਾਠ-ਪੂਜਾ ਕਰਵਾਈ ਗਈ ਸੀ। ਹੁਣ ਕੰਪਨੀ ਦਾ ਦਾਅਵਾ ਹੈ ਕਿ ਇਹ ਪੁਲ ਭਗਵਾਨ ਦੀ ਮਰਜ਼ੀ ਕਰਕੇ ਡਿਗਿਆ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਭਗਵਾਨ ਜੀ ਨੇ ਹੀ ਇਸ ਪੁਲ ਦਾ ਠੇਕਾ ਲਿਆ ਹੋਇਆ ਸੀ? ਜਾਂ ਪੁਲਿਸ ਨੂੰ ਗ਼ੈਰ-ਇਰਾਦਤਨ ਕਤਲਾਂ ਲਈ ਭਗਵਾਨ ਜੀ ਨੂੰ ਜ਼ਿੰਮੇਵਾਰ ਠਹਿਰਾਅ ਕੇ ਉਸ ਦੀ ਗ੍ਰਿਫ਼ਤਾਰੀ ਕਰਨੀ ਚਾਹੀਦੀ ਹੈ? ਅਸਲ ਵਿਚ, ਇਹ ਸਾਰਾ ਕੁੱਝ ਠੇਕੇਦਾਰਾਂ ਅਤੇ ਇੰਜੀਨੀਅਰਾਂ ਦੀ ਨਾਲਾਇਕੀ ਕਾਰਨ ਵਾਪਰਿਆ ਹੈ।

ਮੇਰੇ ਭਾਰਤ ਵਿਚ ਬਹੁਤੇ ਅਮੀਰ ਵਿਅਕਤੀ ਸਿਆਸਤਦਾਨਾਂ ਨੂੰ ਰਿਸ਼ਵਤਾਂ ਦੇ ਕੇ ਅਤੇ ਲੋਕਾਂ ਨਾਲ ਠੱਗੀਆਂ ਮਾਰ ਕੇ ਅਮੀਰ ਹੁੰਦੇ ਹਨ। ਇਸ ਲਈ ਉਨ੍ਹਾਂ ਦੀ ਗ਼ਲਤੀ ਜਾਂ ਉਨ੍ਹਾਂ ਵੱਲੋਂ ਦਿੱਤੀ ਹੋਈ ਰਿਸ਼ਵਤ ਕਰਕੇ ਜਾਂ ਵੱਧ ਮੁਨਾਫ਼ੇ ਦੇ ਲਾਲਚ ਵਿਚ ਘਟੀਆ ਮਟੀਰੀਅਲ ਵਰਤਣ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਅਜਿਹੇ ਵਿਅਕਤੀਆਂ ਨੂੰ ਇਕ ਸੁਖਾਲਾ ਜਿਹਾ ਬਹਾਨਾ ਮਿਲ ਜਾਂਦਾ ਹੈ ਕਿ ਇਹ ਸਾਰਾ ਕੁੱਝ ਪ੍ਰਮਾਤਮਾ ਨੇ ਕੀਤਾ ਹੈ। ਸੋ, ਇਹ ਸੱਚ ਹੈ ਕਿ ਡਾਕਟਰਾਂ ਦੀ ਲਾਪ੍ਰਵਾਹੀ ਕਰਕੇ



ਕੁੱਝ ਵਿਅਕਤੀ ਜਾਨ ਤੋਂ ਹੱਥ ਧੋ ਬੈਠਦੇ ਹਨ ਤੇ ਡਾਕਟਰ ਉਪਰ ਵੱਲ ਨੂੰ ਹੱਥ ਕਰ ਦਿੰਦੇ ਹਨ। ਦਵਾਈਆਂ ਲਿਖਣ ਸਮੇਂ Rx ਪਾ ਛੱਡਦੇ ਹਨ, ਜਿਸ ਦਾ ਮਤਲਬ ਹੈ ਕਿ ਜ਼ਿੰਦਗੀ ਤਾਂ ਭਗਵਾਨ ਦੇ ਹੱਥ ਵਿਚ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਭਗਵਾਨ ਇਕ ਅਜਿਹਾ ਔਜ਼ਾਰ ਹੈ, ਜੋ ਗ਼ਲਤੀਆਂ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਪਨਾਹ ਦਿੰਦਾ ਹੈ।

## 3. ਨਾਸਤਿਕ ਅਫ਼ਸਰ ਦਾ ਗੀਤਾ ਦੀ ਸਹੁੰ ਖਾਣ ਤੋਂ ਇਨਕਾਰ



ਪੂਨੇ ਦੀ ਮਿਉਂਸਪਲ ਕਾਰਪੋਰੇਸ਼ਨ ਦੇ ਜ਼ੋਨਲ ਕਮਿਸ਼ਨਰ ਦਿਨੇਸ਼ ਮੌਲਕ ਦੀ ਇਕ ਕੇਸ ਵਿਚ ਪੇਸ਼ੀ ਸੀ। ਜੱਜ ਨੇ ਉਸ ਨੂੰ ਗੀਤਾ ’ਤੇ ਹੱਥ ਰੱਖ ਕੇ ਸਹੁੰ ਖਾਣ ਲਈ ਕਿਹਾ। ਉਸ ਦਾ ਕਹਿਣਾ ਸੀ ਕਿ ਉਹ ਇਕ ਨਾਸਤਿਕ ਹੈ, ਇਸ ਲਈ ਉਹ ਇਹ ਸਹੁੰ ਨਹੀਂ ਖਾ ਸਕਦਾ। ਭਾਵੇਂ ਉਸ ਨੇ ਭਾਰਤੀ ਸੰਵਿਧਾਨ ਦੀ ਸਹੁੰ ਖਾਣ ਦੀ ਸਹਿਮਤੀ ਦੇ ਦਿੱਤੀ। ਜੱਜ ਨੇ ਉਸ ਨੂੰ ਚਿਤਾਵਨੀ ਦਿੱਤੀ ਕਿ ਅਜਿਹਾ ਕਰਨ ’ਤੇ ਉਸ ਉਪਰ ਕੋਈ ਕਾਰਵਾਈ ਵੀ ਹੋ ਸਕਦੀ ਹੈ। ਇਸ ਤਰ੍ਹਾਂ ਜੱਜ ਨੇ ਇਸ ਕੇਸ ਵਿਚ ਅਗਲੀ ਪੇਸ਼ੀ ਪਾ ਦਿੱਤੀ।

ਇਸ ਅਫ਼ਸਰ ਨੇ ਕਿਹਾ, "ਜਦੋਂ ਭਗਵਾਨ ਵਿਚ ਮੇਰਾ ਕੋਈ ਯਕੀਨ ਹੀ ਨਹੀਂ। ਮੈਂ ਝੂਠੀ ਸਹੁੰ ਨਹੀਂ ਖਾ ਸਕਦਾ। ਇਸ ਲਈ ਮੈਂ ਰੱਬ ਦਾ ਪੁੱਤਰ ਨਹੀਂ ਹਾਂ। ਮੈਂ ਤਾਂ ਇਕ ਵਿਅਕਤੀ ਦਾ ਪੁੱਤਰ ਹਾਂ।" ਪ੍ਰਸਿੱਧ ਵਕੀਲਾਂ ਦਾ ਕਹਿਣਾ ਸੀ ਕਿ ਕਾਨੂੰਨ ਵਿਚ ਪ੍ਰਮਾਤਮਾ ਦੀ ਸਹੁੰ ਖਾਣ ਤੋਂ ਬਗੈਰ ਹੋਰ ਕੋਈ ਦੂਜਾ ਬਦਲ ਨਹੀਂ ਹੈ। ਇਸ ਲਈ ਭਾਰਤ ਵਿਚ ਵਧ ਰਹੀ ਨਾਸਤਿਕਾਂ ਦੀ ਗਿਣਤੀ ਨੂੰ ਵੇਖ ਕੇ ਅਦਾਲਤਾਂ ਨੂੰ ਕੋਈ ਬਦਲਵਾਂ ਪ੍ਰਬੰਧ ਕਰਨਾ ਚਾਹੀਦਾ ਹੈ।

### 4. ਲੁਧਿਆਣਾ ਪਹੁੰਚੇ ਕੁਮਾਰ ਸਵਾਮੀ ਨੂੰ ਚੁਣੌਤੀ

ਬੀਜ ਮੰਤਰਾਂ ਰਾਹੀਂ ਇਲਾਜ ਕਰਨ ਦਾ ਦਾਅਵਾ ਕਰਨ ਵਾਲੇ ਕੁਮਾਰ ਸਵਾਮੀ ਨੂੰ ਤਰਕਸ਼ੀਲ ਸੁਸਾਇਟੀ ਭਾਰਤ ਨੇ ਚੁਣੌਤੀ ਦਿੱਤੀ ਹੈ ਕਿ ਉਹ ਕਿਸੇ ਸਮੇਂ ਵੀ ਤਰਕਸ਼ੀਲਾਂ ਦੁਆਰਾ ਲਿਆਂਦੇ ਗਏ ਦਸ ਮਰੀਜ਼ਾਂ ਦਾ ਇਲਾਜ ਕਰ ਸਕੇ ਤਾਂ ਉਸ ਨੂੰ ਇਕ ਕਰੋੜ ਰੁਪਏ ਦਾ ਇਨਾਮ ਦੇ ਦਿੱਤਾ ਜਾਵੇਗਾ। ਪਹਿਲਾਂ ਬਰਨਾਲਾ ਵਿਖੇ ਵੀ ਇਸ ਨੂੰ ਚੁਣੌਤੀ ਦਿੱਤੀ ਗਈ ਸੀ, ਪਰ ਇਹ ਹਰ ਵਾਰ ਜ਼ਮਾਨਤ ਦੀ ਰਾਸ਼ੀ ਜਮ੍ਹਾ ਕਰਵਾਉਣ ਤੋਂ ਭੱਜ ਜਾਂਦਾ ਹੈ। ਹੁਣ ਇਹ ਜਦੋਂ ਵੀ ਪੰਜਾਬ ਦੇ ਕਿਸੇ ਸ਼ਹਿਰ ਵਿਚ ਆਵੇਗਾ ਤਾਂ ਇਸ ਸਾਹਮਣੇ ਸੈਂਕੜੇ ਹੀ ਵਿਅਕਤੀ ਅਜਿਹੇ ਪੇਸ਼ ਕੀਤੇ ਜਾਣਗੇ, ਜਿਨ੍ਹਾਂ ਨੇ ਇਸ ਸਵਾਮੀ ਦੇ ਹੱਥੋਂ ਬੀਜ ਮੰਤਰ ਲਏ ਸਨ ਅਤੇ ਉਨ੍ਹਾਂ ਦਾ ਵਿਧੀ ਪੂਰਵਕ ਉਚਾਰਨ ਕੀਤਾ ਸੀ, ਪਰ ਉਹ ਠੀਕ ਨਹੀਂ ਹੋਏ। ਤਰਕਸ਼ੀਲਾਂ ਨੇ ਅਜਿਹੇ ਵਿਅਕਤੀਆਂ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਆਪਣੇ ਵੇਰਵੇ ਹਲਫ਼ੀਆ ਬਿਆਨਾਂ ਸਮੇਤ ਤਰਕਸ਼ੀਲਾਂ ਕੋਲ ਜਮ੍ਹਾਂ ਕਰਵਾਉਣ ਤਾਂ ਜੋ ਇਸ ਤੋਂ ਪੈਸੇ ਵਾਪਸ ਕਰਵਾਏ ਜਾ ਸਕਣ। ਪੈਸੇ ਨਾ ਵਾਪਸ ਕਰਨ ਦੀ ਸੂਰਤ ਵਿਚ ਇਸ ਨੂੰ ਸੀਖਾਂ ਪਿੱਛੇ ਪਹੁੰਚਾਇਆ ਜਾ ਸਕੇ। ਸਮੂਹ ਲੋਕਾਂ ਨੂੰ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਅਜਿਹੇ ਵਿਅਕਤੀਆਂ ਨੂੰ ਤਰਕਸ਼ੀਲਾਂ ਦਾ ਇਹ ਸੁਨੇਹਾ ਪਹੁੰਚਾ ਦੇਣ। ਹਰ ਕਿਸਮ ਦੇ ਵੇਰਵੇ ਤੇ ਹਲਫ਼ੀਆ ਬਿਆਨ ਹੇਠ ਲਿਖੇ ਸੰਪਰਕ 'ਤੇ ਭੇਜੇ ਜਾ ਸਕਣ।



ਪ੍ਰਕਾਸ਼
ਮੋਬਾਈਲ: 94654-68620
tarksheel@yahoo.com

### 4. ਧੀ ਲਈ ਗੋਲਡ ਮੈਡਲ ਲੈਣ ਜਾ ਰਿਹਾ ਜੋਤਸ਼ੀ ਦਾ ਪਰਿਵਾਰ ਹਾਦਸੇ ਦਾ ਸ਼ਿਕਾਰ

ਕਿਸੇ ਵੀ ਵਿਅਕਤੀ ਦੀ ਮੌਤ 'ਤੇ ਤਰਕਸ਼ੀਲਾਂ ਨੂੰ ਅਫ਼ਸੋਸ ਹੁੰਦਾ ਹੈ ਕਿਉਂਕਿ ਉਹ ਘੱਟੋ-ਘੱਟ ਮਨੁੱਖ ਤਾਂ ਹੁੰਦੇ ਹਨ। ਸਾਡੀ ਦੁਸ਼ਮਣੀ ਜਾਣੇ-ਅਣਜਾਣੇ ਵਿਚ ਲੋਕਾਂ ਨੂੰ ਗੁਮਰਾਹ ਕਰ ਰਹੇ ਵਿਅਕਤੀਆਂ ਨਾਲ ਨਹੀਂ ਹੁੰਦੀ। ਪਰ ਅਸੀਂ ਸਮਝਦੇ ਕਿ ਇਸ ਕਿਸਮ ਦੇ ਬਾਬਿਆਂ ਕੋਲ ਜਾਣ ਵਾਲੇ ਕਾਫ਼ੀ ਹੱਦ ਤਕ ਲੋਕ ਵੀ ਕਸੂਰਵਾਰ ਹੁੰਦੇ ਹਨ।

ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਦਾ ਇਕ ਪ੍ਰਸਿੱਧ ਜੋਤਸ਼ੀ ਭਗਵਤੀ ਪ੍ਰਕਾਸ਼ ਅਪਣੇ ਪਰਿਵਾਰ (ਧੀਆਂ ਅੰਚਲ ਅਤੇ ਪਲਕ ਅਤੇ ਪਤਨੀ ਸੁਨੀਤਾ) ਨਾਲ ਵਰਧਾ ਮੈਡੀਕਲ ਕਾਲਜ ਦੀ ਡਾਕਟਰੀ ਦੀ ਪੜ੍ਹਾਈ ਵਿਚੋਂ ਟਾਪ ਕਰਨ ਵਾਲੀ ਉਨ੍ਹਾਂ ਦੀ ਬੇਟੀ ਅੰਚਲ ਲਈ ਗੋਲਡ ਮੈਡਲ ਪ੍ਰਾਪਤ ਕਰਨ ਜਾ ਰਿਹਾ ਸੀ। ਉਸ ਦੀ ਕਾਰ ਇਕ ਟਰੱਕ ਦੇ ਡੀਜ਼ਲ ਟੈਂਕ ਵਿਚ ਜਾ ਵੜੀ। ਜਿਸ ਨਾਲ ਟੈਂਕ ਫਟ ਗਿਆ ਅਤੇ ਡੀਜ਼ਲ ਨੂੰ ਅੱਗ ਲੱਗ ਗਈ ਅਤੇ ਪੂਰਾ ਪਰਿਵਾਰ ਹੀ ਇਸ ਦੀ ਭੇਂਟ ਚੜ੍ਹ ਗਿਆ।

### 5. ਟੀ-20 ਵਿਸ਼ਵ ਕੱਪ ਦੇ ਸੈਮੀਜ਼ 'ਚ ਭਾਰਤ ਦੀ ਹਾਰ ਨੂੰ ਨਾ ਰੋਕ ਸਕੇ ਹਵਨ

31 ਮਾਰਚ 2016 ਨੂੰ ਭਾਰਤ ਅਤੇ ਵੈਸਟਇੰਡੀਜ਼ ਵਿਚ ਆਈ.ਸੀ.ਸੀ. ਟੀ-20 ਵਿਸ਼ਵ ਕੱਪ ਦਾ ਸੈਮੀਫ਼ਾਈਨਲ ਮੈਚ ਹੋਣਾ ਤੈਅ ਹੋਇਆ ਸੀ। ਇਸ ਦਿਨ ਭਾਰਤ ਵਿਚ ਸੈਂਕੜੇ ਥਾਵਾਂ ਉਪਰ ਹਵਨ ਅਤੇ ਦੁਆਵਾਂ ਕੀਤੀਆਂ ਗਈਆਂ। ਪਰ ਇਹ ਸਾਰੀਆਂ ਪ੍ਰਾਰਥਨਾਵਾਂ ਬੇਅਰਥ ਹੋ ਗਈਆਂ, ਕਿਉਂਕਿ ਉਹ ਭਾਰਤ ਦੀ ਹਾਰ ਨੂੰ ਬਚਾ ਨਾ ਸਕੀਆਂ। ਹੁਣ ਵੀ ਧਾਰਮਿਕ ਸ਼ਰਧਾਲੂਆਂ ਨੇ ਇਸ ਗੱਲ ਤੋਂ ਸਬਕ ਨਹੀਂ ਲੈਣਾ ਕਿ ਹਵਨਾਂ ਅਤੇ ਦੁਆਵਾਂ ਦਾ ਮੈਚਾਂ ਨਾਲ ਕੋਈ ਸਬੰਧ ਨਹੀਂ ਹੁੰਦਾ। ਜਦੋਂਕਿ ਭਰਪੂਰ ਪ੍ਰੈਕਟਿਸ ਅਤੇ ਖੇਡ ਦੀ ਸ਼ਕਤੀ ਤੇ ਸਮਰਥਨ ਅਤੇ ਯੋਗ ਅਗਵਾਈ ਕਰਕੇ ਹੀ ਮੈਚ ਜਿਤਿਆ ਜਾਂਦਾ ਹੈ। ਭਾਜਪਾ ਸਰਕਾਰ ਤਾਂ ਹਵਨਾਂ ਅਤੇ ਜੱਗਾਂ ਉਪਰ ਹੀ ਟੇਕ ਰੱਖ ਕੇ ਚੱਲ ਰਹੀ ਹੈ, ਜਦੋਂਕਿ ਭਾਰਤ ਦੀ ਬੇੜੀ ਇਸ ਤਰ੍ਹਾਂ ਬੰਨ੍ਹੇ ਨਹੀਂ ਲੱਗੇਗੀ। ਵਿਰਾਟ ਕੋਹਲੀ ਦਾ ਕਹਿਣਾ ਹੈ ਕਿ ਉਹ ਹਵਨਾਂ, ਪਾਠਾਂ ਵਿਚ ਯਕੀਨ ਨਹੀਂ ਰੱਖਦਾ। ਇਸ ਲਈ ਭਾਰਤੀ ਖਿਡਾਰੀਆਂ ਦੀਆਂ ਵੱਧ ਡੋਰਾਂ ਵਿਰਾਟ ਕੋਹਲੀ 'ਤੇ ਹੀ ਸਨ। ਕਿਸੇ ਪ੍ਰਮਾਤਮਾ ਦੀ ਮਦਦ ਤੋਂ ਬਗੈਰ ਹੀ ਉਸ ਨੂੰ ਕ੍ਰਿਕਟ ਵਿਸ਼ਵ ਕੱਪ ਵਿਚ 'ਮੈਨ ਆਫ਼ ਦਾ ਟੂਰਨਾਮੈਂਟ' ਚੁਣਿਆ ਗਿਆ ਹੈ।

### 6. ਗੁਰਦੁਆਰੇ ਵਿਚ ਦਲਿੱਤ ਲੜਕੀ ਦੇ ਅਨੰਦ ਕਾਰਜ ਨਾ ਹੋਣ ਦਿੱਤੇ

ਮੋਗਾ ਜ਼ਿਲ੍ਹੇ ਦੇ ਪਿੰਡ ਧੱਲੇਕੇ ਦੇ ਇਕ ਦਲਿੱਤ ਪਰਿਵਾਰ ਨੂੰ ਉਸ ਸਮੇਂ ਨਮੋਸ਼ੀ ਝੱਲਣੀ ਪਈ, ਜਦੋਂ ਪਿੰਡ ਦੀ ਪੰਜ ਪੀਰੀ ਕਮੇਟੀ ਨੇ ਪਰਿਵਾਰ ਦੇ ਡੇਰਾ ਪ੍ਰੇਮੀ ਹੋਣ ਕਾਰਨ ਗੁਰਦੁਆਰੇ ਵਿਚ ਅਨੰਦ ਕਾਰਜ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਇਹ ਸਭ ਕੁੱਝ ਉਸ ਸਮੇਂ ਵਾਪਰਿਆ, ਜਦੋਂ ਧੀ ਦੇ ਅਨੰਦ ਕਾਰਜਾਂ ਲਈ ਬਰਾਤ ਨੂੰ ਗੁਰਦੁਆਰੇ ਲਿਜਾਇਆ ਜਾ ਰਿਹਾ ਸੀ। ਕਮੇਟੀ ਨੇ ਉਨ੍ਹਾਂ ਨੂੰ ਗੁਰਦੁਆਰੇ ਵਿਚ ਵੜਨ ਤੋਂ ਰੋਕ ਦਿੱਤਾ। ਪਰਿਵਾਰ ਨੇ ਕਿਸੇ ਹੋਰ ਪਿੰਡ ਦੇ ਗੁਰਦੁਆਰੇ ਵਿਚ ਇਹ ਰਸਮ ਪੂਰੀ ਕੀਤੀ। ਕਮੇਟੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ' ਵਾਲੀ ਸਮਝ ਦੀ ਇਸ ਤਰ੍ਹਾਂ ਵਿਰੋਧਤਾ ਕੀਤੀ ਗਈ। ਨਾ ਤਾਂ ਪੰਜਾਬ ਸਰਕਾਰ ਨੇ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੀੜਤ ਪਰਿਵਾਰ ਤੋਂ ਇਸ ਘਟਨਾ ਸਬੰਧੀ ਕੋਈ ਮੁਆਫ਼ੀ ਮੰਗੀ ਹੈ।

### 7. ਧੂਫ਼ ਦਾ ਧੂੰਆਂ ਸਿਗਰਟ ਤੋਂ ਵੱਧ ਖ਼ਤਰਨਾਕ

ਮੈਂ ਕਈ ਸਾਲਾਂ ਤੋਂ ਇਸ ਗੱਲ ਦਾ ਪ੍ਰਚਾਰ ਕਰ ਰਿਹਾ ਹਾਂ ਕਿ ਧੂਫ਼ ਅਤੇ ਅਗਰਬੱਤੀ ਦਾ ਧੂੰਆਂ ਤੁਹਾਨੂੰ ਸਿਗਰਟ ਤੋਂ ਕਿਤੇ ਜ਼ਿਆਦਾ ਨੁਕਸਾਨ ਪਹੁੰਚਾ ਸਕਦਾ ਹੈ। ਇਕ ਤਾਜ਼ਾ ਅਧਿਐਨ 'ਚ ਦਾਅਵਾ ਕੀਤਾ ਗਿਆ ਹੈ ਕਿ ਘਰਾਂ 'ਚ ਜਲਾਈ ਜਾਣ ਵਾਲੀ ਧੂਫ਼ ਅਤੇ ਅਗਰਬੱਤੀ ਦੇ ਧੂੰਏ 'ਚ ਸ਼ਾਮਲ ਹਾਨੀਕਾਰਕ ਤੱਤਾਂ ਨਾਲ ਡੀ.ਐਨ.ਏ. ਵਰਗੇ ਜੈਨੇਟਿਕ ਮਟੀਰੀਅਲ 'ਚ ਤਬਦੀਲੀ ਆ ਸਕਦੀ ਹੈ। ਇਹ ਅਧਿਐਨ ਸਾਊਥ ਚਾਈਨਾ ਯੂਨੀਵਰਸਿਟੀ ਆਫ਼ ਟੈਕਨਾਲੋਜੀ ਅਤੇ

ਚੀਨ ਦੀ ਚਾਈਨਾ ਟਬੇਕੋ ਗੁਆਂਗਡੰਗ ਇੰਡਸ ਰੇਲ ਕੰਪਨੀ ਨੇ ਮਿਲ ਕੇ ਕੀਤਾ ਹੈ।

## 8. ਨਾ ਕਿਸੇ ਦੀ ਨਜ਼ਰ ਬੁਰੀ, ਨਾ ਕਿਸੇ ਦਾ ਮੂੰਹ ਕਾਲਾ

ਤਰਕਸ਼ੀਲ ਸੁਸਾਇਟੀ ਦੇ ਮੈਂਬਰ ਦਿਨੋਂ-ਦਿਨ ਨਵੀਆਂ-ਨਵੀਆਂ ਪਿਰਤਾਂ ਪਾ ਰਹੇ ਹਨ। ਭਾਵੇਂ ਵਿਆਹ-ਸ਼ਾਦੀਆਂ ਦੇ ਕਾਰਡ ਹੋਣ ਜਾਂ ਭੋਗ ਸਮਾਗਮ ਦੇ ਕਾਰਡ ਹੋਣ। ਇਨ੍ਹਾਂ ਦੇ ਮੌਜੂਦਾ ਸ਼ਬਦਾਂ ਨੂੰ




ਬਦਲਣ ਲਈ ਅਤੇ ਸਮੇਂ ਦੇ ਅਨੁਸਾਰ ਨਵੇਂ ਕਾਰਡ ਬਣਾਉਣ ਲਈ ਅਸੀਂ ਪਹਿਲਾਂ ਹੀ ਪਿਰਤਾਂ ਪਾ ਚੁੱਕੇ ਹਾਂ। ਸਰੀਰ ਦਾਨ, ਅੱਖਾਂ ਦਾਨ, ਖ਼ੂਨ ਦਾਨ ਅਤੇ ਅੰਗ ਦਾਨ ਸਬੰਧੀ ਤਰਕਸ਼ੀਲਾਂ ਵੱਲੋਂ ਪਾਈਆਂ ਪਿਰਤਾਂ ਤੋਂ ਲੋਕ ਭਲੀ-ਭਾਂਤ ਜਾਣੂ ਹਨ। ਹੁਣ ਇਕ ਨਵੀਂ ਪਿਰਤ ਵੀ ਪਾਈ ਗਈ ਹੈ। ਇਸ ਦੀ ਪਹਿਲ ਕੀਤੀ ਹੈ, ਬਰਨਾਲਾ ਤੋਂ ਹਰਮੇਸ਼ ਛੀਨੀਵਾਲੀਆ ਨੇ। ਉਸ ਨੇ ਆਪਣੇ ਘਰ ਦੀ ਉਸਾਰੀ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਹਨ। ਕਹਿ ਸਕਦੇ ਹਾਂ ਕਿ ਉਸ ਨੇ ਨਵਾਂ ਘਰ ਬਣਾਇਆ ਹੈ। ਬਹੁਤੇ ਵਿਅਕਤੀ ਆਪਣੇ ਨਵੇਂ ਘਰਾਂ ਨੂੰ ਬਣਾਉਣ ਵੇਲੇ ਇਕ ਅਜਿਹਾ ਚਿੱਤਰ ਟੰਗ ਦਿੰਦੇ ਹਨ, ਜਿਸ ਦੀ ਜੀਭ ਬਾਹਰ ਨਿਕਲੀ ਹੁੰਦੀ ਹੈ। ਭਾਵੇਂ ਮਕਾਨ ਬਣਾਉਣ ਵੇਲੇ ਤਾਂ ਕਹਿੰਦੇ-ਕਹਾਉਂਦੇ ਵਿਅਕਤੀ ਦੀ ਸੱਚੀ-ਮੁੱਚੀਂ ਜੀਭ ਬਾਹਰ ਆ ਜਾਂਦੀ ਹੈ। ਜੀਭ ਵਾਲਾ ਨਜ਼ਰਵੱਟੂ ਟੰਗਣ ਦਾ ਇਹ ਮਤਲਬ ਹੁੰਦਾ ਹੈ ਕਿ ਕੋਈ ਵਿਅਕਤੀ ਮਕਾਨ ਨੂੰ ਬੁਰੀ ਨਜ਼ਰ ਨਾ ਲਾਵੇ। ਮੈਂ ਆਮ ਤੌਰ ’ਤੇ ਟਰੱਕਾਂ, ਰੇਹੜਿਆਂ ’ਤੇ ਵੀ ਲਿਖਿਆ ਵੇਖਿਆ ਹੈ ਕਿ ‘ਨਜ਼ਰ ਲਾਏਂਗਾ, ਜੁੱਤੀ ਖਾਏਂਗਾ’। ਇਕ ਵਿਅਕਤੀ ਨੇ ਤਾਂ ਆਪਣੇ ਰੇਹੜੇ ’ਤੇ ਇਹ ਵੀ ਲਿਖ ਦਿੱਤਾ ਸੀ ਕਿ ‘ਬੁਰੀ ਨਜ਼ਰ ਵਾਲੇ ਤੇਰੀ ਭੈਣ ਨੂੰ ਸਤਿ ਸ੍ਰੀ ਅਕਾਲ’। ਅਸਲ ਵਿਚ, ਇਹ ਅੰਧ-ਵਿਸ਼ਵਾਸ ਸਾਡੇ ਲੋਕਾਂ ਦੀ ਅੰਧ-ਵਿਸ਼ਵਾਸੀ ਸੋਚ ਦੀ ਉਪਜ ਹਨ। ਹਰਮੇਸ਼ ਨੇ ਆਪਣੇ ਮਕਾਨ ਉਪਰ ਲਿਖ ਕੇ ਇਹ ਲਾਇਆ ਹੈ;

ਨਾ ਕਿਸੇ ਦੀ ਨਜ਼ਰ ਬੁਰੀ, ਨਾ ਕਿਸੇ ਦਾ ਮੂੰਹ ਕਾਲਾ,
ਹਰੇਕ ਦਾ ਭਲਾ ਚਾਹੇ, ਹਰਮੇਸ਼ ਛੀਨੀਵਾਲੀਆ।

## 9. ਨੰਗੇ ਪੈਰੀਂ ਭਜਾਏ ਬਾਬੇ

ਪਿਛਲੇ 32 ਸਾਲਾਂ ਤੋਂ ਤਰਕਸ਼ੀਲ ਇਸ ਗੱਲ ਦਾ ਪ੍ਰਚਾਰ ਕਰਦੇ ਆ ਰਹੇ ਹਨ ਕਿ ਸਾਡੀ ਲੜਾਈ ਕਿਸੇ ਸਾਧ-ਸੰਤ ਨਾਲ ਨਹੀਂ ਹੈ। ਇਸ ਲਈ ਅਸੀਂ ਸਾਧਾਂ-ਸੰਤਾਂ ਦੇ ਵਿਰੁਧ ਉਨ੍ਹਾਂ ਦੇ ਡੇਰਿਆਂ ਵਿਚ ਜਾ ਕੇ ਉਨ੍ਹਾਂ ਨੂੰ ਨਹੀਂ ਭਜਾਉਂਦੇ ਹਾਂ। ਭਜਾਉਣਾ ਕੋਈ ਹੱਲ ਵੀ ਨਹੀਂ ਹੈ ਕਿਉਂਕਿ ਜੇ ਇਕ ਸਥਾਨ ਤੋਂ ਉਨ੍ਹਾਂ ਨੂੰ ਭਜਾ ਦਿੱਤਾ ਜਾਵੇਗਾ ਤਾਂ ਉਹ ਕਿਸੇ ਹੋਰ ਸਥਾਨ ’ਤੇ ਜਾ ਬੈਠਣਗੇ। ਇਨ੍ਹਾਂ ਦਾ ਪੱਕਾ ਹੱਲ ਤਾਂ ਲੋਕ ਚੇਤਨਾ ਨੇ ਕਰਨਾ ਹੈ। ਜੇ ਲੋਕ ਇਕੱਠੇ ਹੋ ਕੇ ਇਨ੍ਹਾਂ ਬਾਬਿਆਂ ਨੂੰ ਭਜਾਉਣਾ ਸ਼ੁਰੂ ਕਰ ਦੇਣ ਜਾਂ ਇਨ੍ਹਾਂ ਕੋਲ ਜਾਣਾ ਬੰਦ ਕਰ ਦੇਣ ਤਾਂ ਇਹ ਸਮੱਸਿਆ ਹੱਲ ਹੋ ਸਕਦੀ ਹੈ। ਮੁਕੇਰੀਆਂ ਦੇ ਨੇੜੇ ਪਿੰਡ ਨੌਸ਼ੈਹਰਾ ਪੱਤਣ ਵਿਚ ਪੁਨਰ-ਜਨਮ ਦੀ ਕਹਾਣੀ ਘੜ ਕੇ ਕੁੱਝ ਸਾਧ-ਸੰਤ ਆ ਗਏ। ਇਨ੍ਹਾਂ ਸਾਧਾਂ ਦਾ ਜਥਾ ਬੈਂਡ ਵਾਜੇ ਵਾਲਿਆਂ ਨੂੰ ਮੂਹਰੇ ਲਾ ਕੇ ਮਹਿੰਗੀਆਂ ਕਾਰਾਂ ਵਿਚ ਆਇਆ। ਪਿੰਡ ਵਿਚ ਖੱਬੇ ਪੱਖੀਆਂ ਨੇ ਪਹਿਲਾਂ ਹੀ ਪ੍ਰਚਾਰ ਕੀਤਾ ਹੋਇਆ ਸੀ। ਜਦੋਂ ਪਿੰਡ ਵਾਸੀਆਂ ਨੇ ਬਾਬਿਆਂ ਨੂੰ ਪੁਨਰ-ਜਨਮ ਸਬੰਧੀ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ ਤਾਂ ਇਨ੍ਹਾਂ ਵਿਚੋਂ ਕੁੱਝ ਸੰਤ ਲੋਕਾਂ ਨਾਲ ਖਹਿਬੜਣ ਲੱਗ ਪਏ। ਜਦੋਂ ਇਸ ਸਬੰਧੀ ਉਹ ਲੋਕਾਂ ਦੀ ਤਸੱਲੀ ਨਾ ਕਰਵਾ ਸਕੇ ਤਾਂ ਲੋਕਾਂ ਦੇ ਤੈਸ਼ ਤੋਂ ਡਰਦਿਆਂ ਉਹ ਚੱਪਲਾਂ ਛੱਡ ਕੇ ਗੱਡੀ ਵਿਚ ਜਾ ਬੈਠੇ। ਜਾਂਦੇ ਹੋਏ ਲੋਕਾਂ ਨੂੰ ਕਹਿ ਗਏ, “ਉਹ ਦਰਸ਼ਨਾਂ ਲਈ ਆਏ ਸਨ, ਹੁਣ ਵਾਪਸ ਜਾ ਰਹੇ ਹਨ।”

## 10. ਚਮਤਕਾਰੀ ਨਲਕਾ

ਅੱਜ ਤੋਂ ਵੀਹ ਕੁ ਸਾਲ ਪਹਿਲਾਂ ਹਿਮਾਚਲ ਦੇ ਕਸਬੇ ਸੁੱਲੇਹ ਵਿਖੇ ਚਮਤਕਾਰੀ ਪਾਣੀ ਦੀਆਂ ਅਫ਼ਵਾਹਾਂ ਫੈਲੀਆਂ ਸਨ। ਆਪਣੇ ਸਰੀਰਕ ਰੋਗਾਂ ਨੂੰ ਠੀਕ ਕਰਵਾਉਣ ਲਈ ਲੱਖਾਂ ਲੋਕ ਨੇ ਢੋਲੀਆਂ ਚੁੱਕੇ ਕੇ ਉਧਰ ਨੂੰ ਜਾਣਾ ਸ਼ੁਰੂ ਕਰ ਦਿਤਾ। ਕਿਹਾ ਜਾਂਦਾ ਸੀ ਕਿ ਇਹ ਪਾਣੀ ‘ਰਾਮ ਬਾਣ ਹੈ, ਜਿਸ ਨਾਲ ਸਰੀਰ ਦੀਆਂ ਸਾਰੀਆਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਨਾਭਾ ਦੇ ਨੇੜਲੇ ਪਿੰਡ ਅਮਲੋਹ ਵਿਖੇ ਵੀ ਇਕ ਅਜਿਹਾ ਨਲਕਾ ਦੁਬਾਰਾ ਚਾਲੂ ਕੀਤਾ ਗਿਆ ਹੈ। ਪਹਿਲਾਂ ਕਦੇ ਵੀ ਇਸ ਵਿਚ ਕਿਸੇ ਕਰਾਮਾਤੀ ਸ਼ਕਤੀ ਦਾ ਜ਼ਿਕਰ ਨਹੀਂ ਸੀ। ਪਰ ਹੁਣ ਅਫ਼ਵਾਹ ਫੈਲ ਗਈ ਹੈ ਕਿ ਇਸ ਨਲਕੇ ਦੇ ਪਾਣੀ ਵਿਚ ਕਰਾਮਾਤ ਹੈ। ਤਰਕਸ਼ੀਲਾਂ ਨੇ ਜਾ ਕੇ ਲੋਕਾਂ ਨੂੰ ਸਮਝਾਇਆ ਹੈ ਕਿ ਇਸ ਪਾਣੀ ਵਿਚ ਕੋਈ ਅਜਿਹੀ ਸ਼ਕਤੀ ਨਹੀਂ। ਇਸ ਲਈ ਲੋਕਾਂ ਦੀਆਂ ਭੀੜਾਂ ਹੁਣ ਇਸ ਨਲਕੇ ’ਤੇ ਨਹੀਂ ਜੁੜਦੀਆਂ।

## 11. ਭਾਰਤ ਦੀਆਂ ਜੇਲ੍ਹਾਂ

ਸਾਡੇ ਦੇਸ਼ ਵਿਚ ਜੇਲ੍ਹਾਂ ਹੋਰ ਤੇ ਹੋਰ ਖੋਲ੍ਹੀਆਂ ਜਾ ਰਹੀਆਂ ਹਨ ਜਾਂ ਪਹਿਲਾਂ ਹੀ ਮੌਜੂਦ ਜੇਲ੍ਹਾਂ ਦੀ ਸਮਰੱਥਾ ਵਧਾਈ ਜਾ ਰਹੀ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਸਿੱਧਾ ਜਿਹਾ ਜਵਾਬ ਹੈ ਕਿ ਸਾਡੇ ਦੇਸ਼ ਵਿਚ ਅਪਰਾਧ ਵਧ ਰਹੇ ਹਨ। ਸਰਕਾਰਾਂ ਕੋਲ ਲੋਕਾਂ ਲਈ ਨਾ ਤਾਂ ਰੁਜ਼ਗਾਰ ਦੇ ਸਾਧਨ ਹਨ, ਨਾ ਹੀ ਭੁੱਖਿਆਂ ਲਈ ਰੋਟੀ ਦਾ ਪ੍ਰਬੰਧ ਹੈ। ਪਰ ਦੁਨੀਆਂ ਦੇ ਬਹੁਤ ਸਾਰੇ ਦੇਸ਼ ਅਜਿਹੇ ਹਨ, ਜਿਨ੍ਹਾਂ ਵਿਚ ਜੇਲ੍ਹਾਂ ਘਟ ਰਹੀਆਂ ਹਨ ਜਾਂ ਬੰਦ ਵੀ ਹੋ ਰਹੀਆਂ ਹਨ। ਨੀਦਰਲੈਂਡ ਅਜਿਹਾ ਮੁਲਕ ਹੈ, ਜਿਸ ਦੀਆਂ ਹਜ਼ਾਰਾਂ ਜੇਲ੍ਹਾਂ ਖਾਲੀ ਪਈਆਂ ਹਨ। ਪੁਲਿਸ ਨੂੰ ਕੈਦੀ ਨਹੀਂ ਮਿਲ ਰਹੇ। ਇਸ ਲਈ ਉਥੋਂ ਦੇ ਮੰਤਰੀ ਮੰਡਲ

ਨੇ ਜੇਲ੍ਹਾਂ ਨੂੰ ਘਟਾਉਣ ਦਾ ਫ਼ੈਸਲਾ ਕੀਤਾ ਹੈ। ਪਹਿਲੇ ਪੜਾਅ ਵਿਚ ਪੰਜ ਜੇਲ੍ਹਾਂ ਬੰਦ ਕੀਤੀਆਂ ਜਾ ਰਹੀਆਂ ਹਨ।

### 12. ਔਰਤਾਂ ਲਈ ਨਰਕ ਵਾਂਗ ਹੈ ਭਾਰਤ

ਮਿਸ਼ੇਲਾ ਨਾਂਅ ਦੀ ਇਕ ਅਮਰੀਕਨ ਵਿਦਿਆਰਥਣ ਨੇ ਭਾਰਤ ਦੀ ਯਾਤਰਾ ਇਹ ਸੋਚ ਕੇ ਸ਼ੁਰੂ ਕੀਤੀ ਸੀ ਕਿ ਭਾਰਤ ਦੇ ਲੋਕ ਬਹੁਤ ਚੰਗੇ ਹਨ। ਪਰ ਔਰਤਾਂ ਪ੍ਰਤੀ ਇੱਥੋਂ ਦੇ ਮਰਦਾਂ ਦਾ ਵਤੀਰਾ ਵੇਖ ਕੇ ਉਹ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਭਾਰਤ ਔਰਤਾਂ ਲਈ ਧਰਤੀ 'ਤੇ ਜਿਉਂਦਾ ਨਰਕ ਹੈ। ਇਹ ਲੜਕੀ ਸ਼ਿਕਾਗੋ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਉਸ ਨੇ ਦੱਸਿਆ, "ਪੂਨੇ ਸ਼ਹਿਰ ਵਿਚ ਮੈਂ ਅਤੇ ਮੇਰੇ ਨਾਲ ਆਈਆਂ ਹੋਰ ਵਿਦਿਆਰਥਣਾਂ ਗਣੇਸ਼ ਫੈਸਟੀਵਲ ਮੌਕੇ ਡਾਂਸ ਕਰ ਰਹੀਆਂ ਸਾਂ। ਡਾਂਸ ਕਰਨ ਲਈ ਆਏ ਬਹੁਤ ਸਾਰੇ ਮਰਦਾਂ ਨੇ ਆਪਣਾ ਡਾਂਸ ਰੋਕ ਦਿੱਤਾ ਅਤੇ ਸਾਨੂੰ ਵੇਖਣ ਲੱਗ ਪਏ ਅਤੇ ਸਾਡੀਆਂ ਫੋਟੋਆਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ।" ਜਦੋਂ ਇਹ ਲੜਕੀ ਬਾਜ਼ਾਰ ਵਿਚ ਸੈਂਡਲ ਖ਼ਰੀਦਣ ਗਈ ਤਾਂ ਉਥੇ ਖੜੇ ਲੋਕਾਂ ਨੇ ਵੀ ਉਸ ਨੂੰ ਗੰਦੀ ਨਜ਼ਰ ਨਾਲ ਤੱਕਿਆ। 48 ਘੰਟਿਆਂ ਵਿਚ ਦੋ ਵਾਰ ਇਸ ਲੜਕੀ ਨਾਲ ਬਲਾਤਕਾਰ ਕਰਨ ਦਾ ਯਤਨ ਕੀਤਾ ਗਿਆ।

### 13. ਘਣਸ਼ਾਮ ਜੋਸ਼ੀ ਜੀ ਦਾ ਸ਼ਰਧਾਂਜਲੀ ਪ੍ਰੋਗਰਾਮ

1978 ਵਿਚ ਬੇਰੁਜ਼ਗਾਰ ਟੀਚਰ ਯੂਨੀਅਨ ਦਾ ਅੰਦੋਲਨ ਰੁਜ਼ਗਾਰ ਪ੍ਰਾਪਤੀ ਲਈ ਸ਼ੁਰੂ ਕੀਤਾ ਗਿਆ ਸੀ। ਇਹ ਮੰਗ ਆਰਜ਼ੀ ਅਧਿਆਪਕਾਂ ਨੂੰ ਰੈਗੂਲਰ ਕਰਵਾਉਣ ਲਈ ਸੀ। ਲਗਭਗ ਦੋ ਹਜ਼ਾਰ ਅਧਿਆਪਕਾਂ ਨੇ ਇਸ ਸਬੰਧੀ ਗ੍ਰਿਫ਼ਤਾਰੀਆਂ ਦਿੱਤੀਆਂ ਸਨ। ਗ੍ਰਿਫ਼ਤਾਰੀਆਂ ਦੇਣ ਵੇਲੇ ਇਕੱਲੇ ਬੇਰੁਜ਼ਗਾਰ ਨਹੀਂ ਸਨ, ਸਗੋਂ ਬਹੁਤ ਸਾਰੇ ਪੱਕੇ ਅਧਿਆਪਕਾਂ ਨੇ ਵੀ ਇਸ ਸੰਘਰਸ਼ ਵਿਚ ਆਪਣਾ ਯੋਗਦਾਨ ਪਾਇਆ ਸੀ। ਇਨ੍ਹਾਂ ਵਿਚ ਸ੍ਰੀ ਘਣਸ਼ਾਮ ਜੋਸ਼ੀ ਜੀ ਅਤੇ ਮੈਂ ਵੀ ਸਾਂ। ਸਾਨੂੰ ਢਾਈ ਮਹੀਨਿਆਂ ਲਈ ਅੰਬਾਲਾ ਜੇਲ੍ਹ ਵਿਚ ਰੱਖਿਆ ਗਿਆ। ਜੇਲ੍ਹ ਵਿਚ ਹੀ ਮੇਰੀ ਘਣਸ਼ਾਮ ਜੋਸ਼ੀ ਜੀ ਨਾਲ ਦੋਸਤੀ ਹੋ ਗਈ। ਅਸੀਂ ਇਕੱਠੇ ਹੀ ਉਠਦੇ-ਬੈਠਦੇ ਤੇ ਰਾਤ ਨੂੰ ਵੀ ਗੱਲਾਂ-ਬਾਤਾਂ ਕਰਦੇ ਰਹਿੰਦੇ। ਕਰੀਬ 86 ਵਰ੍ਹਿਆਂ ਦੀ ਉਮਰ ਵਿਚ ਆ ਕੇ ਅਪ੍ਰੈਲ ਦੇ ਪਹਿਲੇ ਹਫ਼ਤੇ ਦੌਰਾਨ ਉਹ ਸਦੀਵੀ ਵਿਛੋੜਾ ਦੇ ਗਏ। ਪਰ ਮੇਰੇ ਇਕ ਸਵਾਲ ਦਾ ਜਵਾਬ ਉਹ ਜਾਂਦੇ ਵਕਤ ਵੀ ਦੇ ਗਏ। 1984-85 ਦੀ ਘਟਨਾ ਹੈ, ਜਦੋਂ ਮੈਂ ਅਜੇ ਤਰਕਸ਼ੀਲ ਲਹਿਰ ਦੀ ਸ਼ੁਰੂਆਤ ਕੀਤੀ ਹੀ ਸੀ। ਮੇਰੀ ਪਤਨੀ ਦੀ ਇਕ ਸਹੇਲੀ ਪ੍ਰਮਾਤਮਾ ਦੇ ਮਸਲੇ ਉਪਰ ਬਹੁਤ ਬਹਿਸ-ਵਟਾਂਦਰਾ ਕਰਨ ਲੱਗ ਪਈ। ਉਹ ਕਹਿਣ ਲੱਗੀ, "ਜਦੋਂ ਤੁਸੀਂ ਬੁਢਾਪੇ ਵਿਚ ਪਹੁੰਚ ਗਏ ਤਾਂ ਤੁਸੀਂ ਪ੍ਰਮਾਤਮਾ ਦੀ ਭਗਤੀ ਕਰਨ ਲੱਗ ਜਾਓਗੇ, ਕਿਉਂਕਿ ਤੁਹਾਨੂੰ ਨਰਕਾਂ ਦਾ ਡਰ ਸਤਾਉਣ ਲੱਗ ਪਏਗਾ।" ਮੈਂ ਉਸ ਸਮੇਂ ਵੀ ਉਸ ਨੂੰ ਇਹ ਜਵਾਬ ਦਿੱਤਾ ਸੀ, "ਮੈਂ ਆਪਣੇ ਬੁਢਾਪੇ ਵਿਚ ਪਹੁੰਚਣ ਤੋਂ ਪਹਿਲਾਂ ਹੀ ਤੇਰੇ ਸਾਹਮਣੇ ਹਜ਼ਾਰਾਂ ਹੀ ਅਜਿਹੀਆਂ ਮਿਸਾਲਾਂ ਪੇਸ਼ ਕਰ ਦੇਵਾਂਗਾ, ਜਿਨ੍ਹਾਂ ਨੇ ਆਪਣੇ ਬੁਢਾਪੇ ਵਿਚ ਵੀ ਪ੍ਰਮਾਤਮਾ, ਜਮਦੂਤਾਂ ਅਤੇ ਸਵਰਗਾਂ-ਨਰਕਾਂ ਦੀ ਵਿਚਾਰਧਾਰਾ ਨੂੰ ਠੁਕਰਾਇਆ ਹੋਵੇਗਾ।" ਮੇਰਾ ਇਹ ਸੁਪਨਾ ਬਹੁਤ ਸਾਰੇ ਸਾਥੀਆਂ ਨੇ ਸੱਚ ਕਰ ਵਿਖਾਇਆ ਹੈ। ਘਣਸ਼ਾਮ ਜੋਸ਼ੀ ਜੀ ਵੀ ਮਰਦੇ ਦਮ ਤਕ ਆਪਣੀ ਇਸ ਵਿਚਾਰਧਾਰਾ 'ਤੇ ਕਾਇਮ ਰਹੇ। ਜੋਸ਼ੀ ਜੀ ਵਲੋਂ 1985 ਵਿਚ ਲਹਿਰਾਗਾਗਾ 'ਚ ਤਰਕਸ਼ੀਲ ਇਕਾਈ ਦਾ ਗਠਨ ਕੀਤਾ ਗਿਆ।

10 ਅਪ੍ਰੈਲ 2016 ਨੂੰ ਉਨ੍ਹਾਂ ਦੇ ਸ਼ਰਧਾਂਜਲੀ ਦਿਵਸ ਮੌਕੇ ਮੈਂ ਆਪਣੀ ਇਹ ਗੱਲ ਦਰਸਾ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

## ਭਾਰਤ ਦੇ ਪ੍ਰਚੱਲਤ ਵਹਿਮ-ਭਰਮ

'ਇਹਨਾਂ ਖੋਜਾਂ' ਨੇ ਦੁਨੀਆਂ ਖ਼ਾਸ ਕਰ ਕੇ ਭਾਰਤ ਦੀ ਨੁਹਾਰ ਹੀ ਬਦਲ ਦਿੱਤੀ;

1. ਕਾਂ ਦਾ ਬਨੇਰੇ 'ਤੇ ਕਾਂ-ਕਾਂ ਕਰਨ ਨਾਲ ਕੋਈ ਰਿਸ਼ਤੇਦਾਰ ਆਉਂਦਾ ਹੁੰਦਾ ਹੈ।
2. ਚੱਪਲ ਪੁੱਠੀ ਰੱਖਣ ਨਾਲ ਘਰ ਵਿਚ ਲੜਾਈ ਹੋ ਜਾਂਦੀ ਹੈ।
3. ਦੰਦਾਂ ਥੱਲੇ ਜੀਭ ਆਉਣ ਦਾ ਕਾਰਨ ਕੋਈ ਤੁਹਾਨੂੰ ਗਾਲਾਂ ਕੱਢ ਰਿਹਾ ਹੁੰਦਾ ਹੈ।
4. ਆਪਣੇ ਘਰ ਵੱਲ ਨੂੰ ਮੰਜੇ ਦੀਆਂ ਪੈਂਦਾਂ ਕਰ ਕੇ ਨਹੀਂ ਡਾਹੁਣਾ ਚਾਹੀਦਾ, ਮਾੜਾ ਹੁੰਦਾ ਹੈ।
5. ਲੱਤਾਂ ਥੱਲਿਉਂ ਟੱਪਣ ਨਾਲ ਬੱਚੇ ਦਾ ਕੱਦ ਛੋਟਾ ਰਹਿ ਜਾਂਦਾ ਹੈ।
6. ਨਾਰ (ਔਰਤ) ਦੇ 365 ਚਲਿੱਤਰ ਹੁੰਦੇ ਹਨ। ਜੇਕਰ ਆਟਾ ਗੁੰਨਦਿਆਂ ਪਰਾਂਤ 'ਚੋਂ ਆਟਾ ਬੁੜਕ ਜੇ, ਫਿਰ ਕੋਈ ਪਰਾਹੁਣਾ ਆ ਸਕਦਾ ਹੈ।
7. ਜੇ ਬਿੱਲੀ ਰਾਹ ਕੱਟਜੇ ਜਾਂ ਛਿੱਕ ਆ ਜੇ, ਘਰੋਂ ਨਹੀਂ ਤੁਰਨਾ ਚਾਹੀਦਾ।
8. ਝਾੜੂ ਖੜਾ ਕਰਨਾ ਵੀ ਮਾੜਾ ਹੁੰਦਾ ਹੈ।
9. ਲਾਲ ਮਿਰਚਾਂ ਚੁੱਲ੍ਹੇ 'ਚ ਸਾੜਨ ਨਾਲ ਲੱਗੀ ਨਜ਼ਰ ਲਹਿ ਜਾਂਦੀ ਹੈ।
10. ਕਾਲਾ ਟਿੱਕਾ ਲਾਉਣ ਨਾਲ ਨਜ਼ਰ ਲਗਦੀ ਹੀ ਨਹੀਂ।
11. ਕੈਂਚੀ ਖੜਕਾਉਣ ਨਾਲ ਘਰੇ ਲੜਾਈ ਪੈ ਜਾਂਦੀ ਹੈ।
12. ਜੇ ਬੈਠੇ-ਬੈਠੇ ਛਿੱਕ ਆ ਜੇ, ਭੂਆ ਯਾਦ ਕਰਦੀ ਐ, ਭੂਆ ਭਾਵੇਂ ਮਣ ਪੱਕਾ ਅੰਨ ਖਾ ਕੇ ਘੁਰਾੜੇ ਮਾਰੀ ਜਾਂਦੀ ਹੋਵੇ।
13. ਸੁਪਨੇ 'ਚ ਮੌਤ ਵੇਖੋ ਤਾਂ ਉਮਰ ਲੰਬੀ ਹੁੰਦੀ ਹੈ/ਸੁਪਨੇ ਵਿਚ ਸੱਪ ਵੇਖੋ ਤਾਂ ਧੰਨ ਪ੍ਰਾਪਤ ਹੁੰਦਾ ਹੈ।
14. ਅੱਧੀ ਰਾਤੀ ਕੁੱਤਾ ਰੋਵੇ ਤਾਂ ਕਿਸੇ ਦਾ ਟਾਕ ਟਾਈਮ ਪੂਰਾ ਹੋਣ ਦਾ ਸਿਗਨਲ ਹੈ ਭਾਵ ਕਿਸੇ ਨੂੰ ਜਮਦੂਤ ਲੈਣ ਆਏ ਹਨ।
15. ਸੱਜੀ ਅੱਖ ਫਰਕੇ ਤਾਂ ਲੜਾਈ ਹੁੰਦੀ ਹੈ। ਸੱਜੇ ਹੱਥ 'ਚ ਖੁਰਕ ਹੋਵੇ ਤਾਂ ਪੈਸੇ ਮਿਲਦੇ ਹਨ।
16. ਬਿੱਲੀਆਂ ਰਸਤਾ ਕੱਟ ਜਾਣ ਤਾਂ ਖ਼ਤਰਾ ਹੋ ਸਕਦਾ ਹੈ।
17. ਸ਼ੀਸ਼ੇ ਦਾ ਟੁੱਟਣਾ ਵੀ ਅਪਸ਼ਗੁਨ ਦੀ ਨਿਸ਼ਾਨੀ ਹੈ।
18. ਜਦੋਂ ਬਿਜਲੀ ਕੜਕਦੀ ਹੋਵੇ, ਉਦੋਂ ਮਾਮਾ-ਭਾਣਜਾ ਇਕੱਠੇ ਨਹੀਂ ਹੋਣੇ ਚਾਹੀਦੇ।
19. ਨਵੀਂ ਕਾਰ ਜਾਂ ਬਾਈਕ ਨੂੰ ਕਾਲੇ ਪਰਾਂਦੇ ਬੰਨ੍ਹਣ ਨਾਲ ਬੁਰੀ ਨਜ਼ਰ ਨਹੀਂ ਲਗਦੀ।
20. ਨਵਾਂ ਘਰ ਬਣਾਉਣ ਵੇਲੇ ਜਾਂ ਬਣ ਜਾਣ 'ਤੇ ਕੋਈ ਨਜ਼ਰਵੱਟੂ ਲਗਾਉਣਾ ਲਾਜ਼ਮੀ ਹੈ, ਜਿਵੇਂ ਰਾਕਸ਼ ਜਾਂ ਚੁੜੇਲ ਦੀ ਮੂਰਤੀ ਆਦਿ।
21. ਸ਼ਾਮ ਨੂੰ ਝਾੜੂ ਨਹੀਂ ਲਾਈਦਾ, ਮਾੜਾ ਹੁੰਦਾ ਹੈ।
22. ਸ਼ਾਮ ਨੂੰ ਹੱਥਾਂ-ਪੈਰ ਦੇ ਨਹੁੰ ਨਹੀਂ ਕੱਟੀਦੇ।
23. ਬੱਚੇ ਨੂੰ ਸ਼ੀਸ਼ਾ ਵਿਖਾਉਣ ਨਾਲ ਉਸ ਦੇ ਦੰਦ ਨਹੀਂ ਨਿਕਲਦੇ ਅਤੇ ਬੱਚਾ ਮੰਜੇ ਤੋਂ ਹੇਠਾਂ ਡਿੱਗ ਪੈਂਦਾ ਹੈ।
24. ਘਰੋਂ ਬਾਹਰ ਜਾਣ ਲੱਗਿਆਂ ਪਿੱਛੋਂ ਆਵਾਜ਼ ਮਾਰਨ ਨਾਲ ਕੰਮ ਨਹੀਂ ਬਣਦਾ.. .ਜੇਕਰ ਕੋਈ ਜੰਗਲ ਪਾਣੀ ਜਾ ਰਿਹਾ ਹੋਵੇ ਤਾਂ ਵੀ.. .
25. ਘਰੋਂ ਬਾਹਰ ਜਾਣ ਲੱਗਿਆਂ ਦਹੀਂ ਖਾ ਕੇ ਜਾਣ ਨਾਲ ਵਿਗੜੇ ਕੰਮ ਵੀ ਸੰਵਰ ਜਾਂਦੇ ਹਨ।



# ਏਲੀਅਨ, ਸੱਚ ਅਤੇ ਧਾਰਨਾਵਾਂ

**ਗੁਰਪ੍ਰੀਤ ਰਾਏ**

ਏਲੀਅਨ ਹਨ ਜਾਂ ਨਹੀਂ, ਇਸ ਗੱਲ ਦੇ ਹਾਲ ਦੀ ਘੜੀ ਮਨੁੱਖਤਾ ਕੋਲ ਪੱਕੇ ਸਬੂਤ ਤਾਂ ਭਾਵੇਂ ਮੌਜੂਦ ਨਹੀਂ, ਪਰ ਇਕ ਗੱਲ ਤਾਂ ਪੱਕੀ ਹੈ ਕਿ ਇਸ ਬ੍ਰਹਿਮੰਡ ਵਿਚ ਸਿਰਫ਼ ਸਾਡੀ ਧਰਤੀ ਹੀ ਅਜਿਹਾ ਇਕੱਲਾ ਤਾਰਾ ਨਹੀਂ ਹੈ, ਜਿਸ ’ਤੇ ਜੀਵਨ ਹੈ। ਹੋਰ ਵੀ ਕਿਤੇ ਨਾ ਕਿਤੇ ਜ਼ਰੂਰ ਹਨ।

ਵਿਗਿਆਨੀ ਮੰਨਦੇ ਹਨ ਕਿ ਜੇ ਸਾਡੀ ਧਰਤੀ ’ਤੇ ਜੀਵਨ ਹੋ ਸਕਦਾ ਹੈ ਤਾਂ ਯਕੀਨਨ ਬ੍ਰਹਿਮੰਡ ਵਿਚ ਦੂਰ-ਦੁਰਾਡੇ ਹੋਰ ਅਜਿਹੀਆਂ ਧਰਤੀਆਂ ਵੀ ਜ਼ਰੂਰ ਹੋਣਗੀਆਂ, ਜਿਨ੍ਹਾਂ ਉਪਰ ਜੀਵਨ ਸੰਭਵ ਹੋਵੇਗਾ। ਇਹ ਵੱਖਰੀ ਗੱਲ ਹੈ ਕਿ ਉਥੇ ਵਸਦਾ ਜੀਵਨ ਸਾਡੇ ਨਾਲੋਂ ਰੰਗ ਰੂਪ ਅਤੇ ਗਿਆਨ ਵਿਚ ਭਿੰਨ ਜ਼ਰੂਰ ਹੋਵੇਗਾ। ਮੁੱਦਾ ਇਹ ਨਹੀਂ ਕਿ ਹੋਰਨਾਂ ਧਰਤੀਆਂ ’ਤੇ ਜੀਵਨ ਕਿਹੋ ਜਿਹਾ ਹੋਵੇਗਾ? ਮਸਲਾ ਤਾਂ ਇਸ ਗੱਲ ਦਾ ਹੈ ਕਿ ਹੋਰਨਾਂ ਧਰਤੀਆਂ ’ਤੇ ਰਹਿ ਰਹੇ ਜੀਵ ਵਿਕਸਤ ਕਿੰਨੇ ਕੁ ਹੋਣਗੇ? ਕੀ ਉਹ ਸਾਡੇ ਨਾਲੋਂ ਵੱਧ ਵਿਕਸਤ ਹਨ..? ਕੀ ਉਹਨਾਂ ਦੀ ਨਜ਼ਰ ਵਿਚ ਸਾਡੀ ਧਰਤੀ ਆ ਚੁੱਕੀ ਹੈ..? ਜਾਂ ਉਹ ਵੀ ਸਾਡੇ ਵਾਂਗ, ਸਾਡੀ ਧਰਤੀ ਤੋਂ ਅਣਜਾਣ ਹਨ..?

ਇਸ ਦੁਨੀਆਂ ਦਾ ਮਹਾਂਮਾਨਵ ਵਿਗਿਆਨੀ ਸਟੀਫ਼ਨ ਹਾਕਿੰਗ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਕਿ ਯਕੀਨਨ ਸਾਡੇ ਆਕਾਸ਼ ਵਿਚ ਦੂਰ-ਦੁਰਾਡੇ ਗ੍ਰਹਿਆਂ ਉਪਰ ਵਸਦੇ ਜੀਵਾਂ ਵਿਚੋਂ ਅਨੇਕਾਂ ਦਾ ਜੀਵਨ ਅਤੇ ਟੈਕਨਾਲੋਜੀ ਸਾਡੇ ਨਾਲੋਂ ਬਹੁਤ ਅਗਾਂਹ ਵੱਧ ਚੁੱਕੀ ਹੋਵੇਗੀ, ਜਿਸ ਬਾਰੇ ਅਸੀਂ ਸੋਚ ਤੱਕ ਨਹੀਂ ਸਕਦੇ।

ਅਜਿਹਾ ਵੀ ਸੰਭਵ ਹੈ ਕਿ ਹੋਰਨਾਂ ਗ੍ਰਹਿਆਂ ਉੱਪਰ ਵਸਣ ਵਾਲਿਆਂ ਦੀ ਟੈਕਨਾਲੋਜੀ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਹੀ ਸਾਡੀ ਹੁਣ ਦੀ ਤਕਨੀਕ ਨਾਲੋਂ ਵਿਕਸਤ ਹੋ ਚੁੱਕੀ ਹੋਵੇਗੀ। ਸਟੀਫ਼ਨ ਹਾਕਿੰਗ ਇਸ ਗੱਲ ਨਾਲ ਵੀ ਸਹਿਮਤ ਹੈ ਕਿ ਕਈ ਗ੍ਰਹਿਆਂ ਨੇ ਆਪਣੀ ਤਕਨੀਕ ਇਸ ਕਦਰ ਵਿਕਸਤ ਕਰ ਲਈ ਹੋਵੇਗੀ, ਜਿਸ ਨਾਲ ਸਾਡੀ ਧਰਤੀ ਉਹਨਾਂ ਦੀ ਨਜ਼ਰ ਵਿਚ ਹੋਵੇਗੀ।

ਹਾਕਿੰਗ ਕਹਿੰਦਾ ਹੈ ਕਿ ਮੈਂ ਉਹਨਾਂ ਲੋਕਾਂ ਦੀਆਂ ਗੱਲਾਂ ਤੋਂ ਇਨਕਾਰੀ ਨਹੀਂ ਹੋ ਸਕਦਾ, ਜਿਨ੍ਹਾਂ ਨੇ ਕਿਤੇ ਨਾ ਕਿਤੇ ਉਡਣ ਤਸਕਰੀਆਂ ਵੇਖੀਆਂ ਹਨ। ਉਹਨਾਂ ਵਿਚੋਂ ਕੁੱਝ ਲੋਕ ਤਾਂ ਅਜਿਹੇ ਵੀ ਹਨ, ਜੋ ਦਾਅਵਾ ਕਰਦੇ ਹਨ ਕਿ ਕੁੱਝ ਵੱਖਰੀ ਕਿਸਮ ਦੇ ਜੀਵਾਂ ਨੇ ਉਹਨਾਂ ਨੂੰ ਅਗਵਾ ਕੀਤਾ ਤੇ ਮਗਰੋਂ ਛੱਡ ਦਿੱਤਾ। ਵੱਖ-ਵੱਖ ਦੇਸ਼ਾਂ ਵਿਚ ਅਨੇਕਾਂ ਅਜਿਹੇ ਲੋਕ ਹਨ, ਜੋ ਇਹ ਦਾਅਵਾ ਕਰ ਚੁੱਕੇ ਹਨ ਕਿ ਉਹਨਾਂ ਨੇ ਕੁੱਝ ਅਲੱਗ ਕਿਸਮ ਦੇ ਜੀਵ ਵੇਖੇ ਹਨ ਅਤੇ ਉਹ ਉਨ੍ਹਾਂ ਦੇ ਸੰਪਰਕ ਵਿਚ ਆ ਚੁੱਕੇ ਹਨ, ਪਰ ਉਨ੍ਹਾਂ ਨੂੰ ਕੁੱਝ ਯਾਦ ਨਹੀਂ ਕਿ ਉਨ੍ਹਾਂ ਨਾਲ ਕੀ ਕੀਤਾ ਗਿਆ।



ਸਟੀਫ਼ਨ ਹਾਕਿੰਗ ਕਹਿੰਦਾ ਹੈ ਕਿ ਭਾਵੇਂ ਸਾਡੇ ਕੋਲ ਪੁਖਤਾ ਸਬੂਤ ਵੀ ਨਹੀਂ ਕਿ ਪਰਾਧਰਤੀ ਦੇ ਲੋਕ ਸਾਡੀ ਧਰਤੀ ’ਤੇ ਆਉਂਦੇ-ਜਾਂਦੇ ਹਨ। ਪਰ ਸਾਡੇ ਨਾਲੋਂ ਵਿਕਸਤ ਤਕਨੀਕ ਵਿਚ ਇਹ ਬਿਲਕੁਲ ਸੰਭਵ ਹੈ ਕਿ ਉਹ ਸਾਡੀਆਂ ਰੇਡੀਉ ਤਰੰਗਾਂ ਤੋਂ ਚੋਰੀ ਛੁਪੇ ਇਸ ਧਰਤੀ ’ਤੇ ਆਉਂਦੇ-ਜਾਂਦੇ ਰਹਿੰਦੇ ਹੋਣਗੇ ਅਤੇ ਸਾਡੇ ਨਾਗਰਿਕਾਂ ਦੀ ਜਾਂਚ-ਪੜਤਾਲ ਜ਼ਰੂਰ ਕਰਦੇ ਹੋਣਗੇ।

ਹਾਕਿੰਗ ਅੱਗੇ ਸ਼ੱਕ ਜ਼ਾਹਰ ਕਰਦਾ ਹੈ ਕਿ ਜੇਕਰ ਅਜਿਹਾ ਵਾਕਈ ਹੈ ਕਿ ਹੋਰਾਂ ਧਰਤੀਆਂ ਦੇ ਰਹਿਣ ਵਾਲਿਆਂ ਵਿਚੋਂ ਕੁੱਝ ਦੀ ਤਕਨੀਕ ਸਾਡੇ ਨਾਲੋਂ ਬਹੁਤ ਜ਼ਿਆਦਾ ਵਿਕਸਤ ਹੈ ਤਾਂ ਇਹ ਸਾਡੇ ਲਈ ਇਕ ਤਰ੍ਹਾਂ ਖ਼ਤਰੇ ਦੀ ਘੰਟੀ ਹੈ।

ਇੱਥੇ ਇਕ ਨੋਟ ਕਰਨ ਵਾਲੀ ਗੱਲ ਵੀ ਹੈ। ਕੁੱਝ ਵਿਗਿਆਨੀਆਂ ਨੇ ਇਹ ਖ਼ਦਸ਼ਾ ਪ੍ਰਗਟ ਕੀਤਾ ਹੈ ਕਿ ਨਾਸਾ ਨੇ ਏਲੀਅਨ ਨਾਲ ਸੰਪਰਕ ਕਰ ਲਿਆ ਹੈ। ਕੁੱਝ ਦਾ ਇਹ ਵਿਚਾਰ ਹੈ ਕਿ ਅਮਰੀਕਾ ਨੇ ਕੁੱਝ ਏਲੀਅਨ ਫੜ ਵੀ ਲਏ ਹਨ, ਜਿਨ੍ਹਾਂ ਬਾਰੇ ਸ਼ੱਕ ਜ਼ਾਹਰ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਅਮਰੀਕਾ ਨੇ ਆਪਣੇ ਡਿਫ਼ੈਂਸ ਏਰੀਏ (ਜਿਸ ਨੂੰ ਸ਼ਾਇਦ 51-ਏ ਕਿਹਾ ਜਾਂਦਾ ਹੈ,) ਵਿਚਲੀਆਂ ਪ੍ਰਯੋਗਸ਼ਾਲਾਵਾਂ ਵਿਚ ਪ੍ਰਯੋਗ ਵਜੋਂ ਵਰਤ ਕੇ ਪੜਤਾਲ ਕੀਤੀ ਜਾ ਰਹੀ ਹੈ। ਪਰ ਇਹ ਗੱਲ ਦੁਨੀਆਂ ਸਾਹਮਣੇ ਉਜਾਗਰ ਨਹੀਂ ਕੀਤੀ ਗਈ। ਇਸ ਗੱਲ ਵਿਚ ਕਿੰਨਾ ਕੁ ਸੱਚ ਜਾਂ ਕਿੰਨੀ ਕੁ ਅਫ਼ਵਾਹ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ..? ਸਟੀਫ਼ਨ ਹਾਕਿੰਗ ਦਸਦਾ ਹੈ ਕਿ ਉਹ ਜੀਵ ਆਪਣੀ ਹੋਂਦ ਬਚਾਉਣ ਲਈ ਅਤੇ ਹੋਰ ਕੁਦਰਤੀ ਸਾਧਨਾਂ ਦੀ ਖੋਜ ਲਈ ਸਾਡੀ ਧਰਤੀ ’ਤੇ ਹਮਲਾ ਵੀ ਕਰ ਸਕਦੇ ਹਨ, ਜਿਸ ਨਾਲ ਏਨੀ ਵਿਕਸਤ ਤਕਨੀਕ ਦਾ ਮੁਕਾਬਲਾ ਕਰਨਾ ਹਾਲ ਦੀ ਘੜੀ ਮਨੁੱਖਤਾ ਕੋਲ ਨਹੀਂ ਹੈ, ਜਿਵੇਂ ਕਿ ਹਾਲੀਵੁੱਡ ਦੀਆਂ ਫ਼ਿਲਮਾਂ ਵਿਚ ਵੀ ਵਿਖਾਇਆ ਜਾਂਦਾ ਹੈ।

# ਥੌਲੇ ਦਾ ਚਮਤਕਾਰ

ਹਮੇਸ਼ਾ ਲੋਕ ਕਹਿੰਦੇ ਹਨ ਕਿ ਬਹਿਸ ਨ੍ਹੀ ਕਰਨੀ ਚਾਹੀਦੀ, ਪਰ ਜੇ ਬਹਿਸ ਵੀ ਸਮਝਦਾਰੀ ਨਾਲ ਕੀਤੀ ਜਾਵੇ ਤਾਂ ਬੜਾ ਕੁੱਝ ਸਿਖਾ ਜਾਂਦੀ ਹੈ, ਇਕ ਵਾਰ ਇੰਝ ਹੀ ਸਾਡੀ ਸੱਥ ਵਿਚ ਵਹਿਮਾਂ-ਭਰਮਾਂ ’ਤੇ ਬਹਿਸ ਹੋ ਗਈ, ਸਭ ਪਹਿਲੂ ਖੁੱਲ੍ਹਦੇ ਗਏ ਕਿ ਅਚਾਨਕ ਗੱਲ ਆ ਗਈ ਕਿ ਜੋ ਚਮਤਕਾਰ ਨ੍ਹੀ ਹੁੰਦੇ ਤਾਂ ਸੱਪ ਦੇ ਲੜਨ ’ਤੇ ਥੌਲਾ ਪਾਉਣ ਨਾਲ ਕਿਵੇਂ ਆਰਾਮ ਆ ਜਾਂਦਾ.. .ਅਸੀਂ ਸਭ ਨੇ ਆਪਣੀ-ਆਪਣੀ ਦਲੀਲ ਦਿੱਤੀ ਤੇ ਇਕ-ਦੂਜੇ ਦੇ ਸ਼ੰਕੇ ਦੂਰ ਕਰਦੇ ਰਹੇ.. .ਉਸ ਰਾਤ ਮੈਂ ਘਰ ਆ ਕੇ ਇਹ ਮੁੱਦਾ ਫੜ ਲਿਆ ਤੇ ਇਸ ’ਤੇ ਇਕ ਚੰਗੀ ਛਾਣ-ਬੀਣ ਕੀਤੀ। ਅੱਜ ਉਹ ਛਾਣ-ਬੀਣ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਕਿ ਸੱਪ ਦੇ ਲੜਨ ’ਤੇ ਥੌਲੇ ਕਿਵੇਂ ਕੰਮ ਕਰਦੇ ਹਨ।

ਦੁਨੀਆਂ ਵਿਚ ਕੁੱਲ 2000 ਤੋਂ 2900 ਦੇ ਕਰੀਬ ਸੱਪ ਨੇ, ਜਿਨ੍ਹਾਂ ਵਿਚੋਂ ਲਗਭਗ 272 ਤਰ੍ਹਾਂ ਦੇ ਸੱਪ ਭਾਰਤ ਵਿਚ ਪਾਏ ਜਾਂਦੇ ਨੇ, ਇਹਨਾਂ 272 ਕਿਸਮਾਂ ਵਿਚੋਂ ਲਗਭਗ 60 ਸੱਪਾਂ ਦੀਆਂ ਪ੍ਰਜਾਤੀਆਂ ਹੀ ਜ਼ਹਿਰੀਲੀਆਂ ਗਿਣੀਆਂ ਜਾਂਦੀਆਂ ਹਨ.. ਇਹਨਾਂ 60 ਸੱਪ ਪ੍ਰਜਾਤੀਆਂ ਵਿਚ ਉਸ ਹਰ ਸੱਪ ਨੂੰ ਗਿਣ ਲਿਆ ਗਿਆ ਹੈ, ਜਿਸ ਵਿਚ ਜ਼ਹਿਰ ਮੌਜੂਦ ਹੋਵੇ, ਭਾਵੇਂ ਉਸ ਜ਼ਹਿਰ ਦੀ ਮਾਤਰਾ ਜ਼ਿਆਦਾ ਹੋਵੇ ਜਾਂ ਘੱਟ.. ..ਇਹਨਾਂ 60 ਤਰ੍ਹਾਂ ਦੇ ਸੱਪਾਂ ਵਿਚ ਸਿਰਫ਼ ਚਾਰ ਅਜਿਹੇ ਸੱਪ ਨੇ, ਜਿਨ੍ਹਾਂ ਨੂੰ ਸਭ ਤੋਂ ਵੱਧ ਖ਼ਤਰਨਾਕ ਮੰਨਿਆ ਜਾਂਦਾ ਹੈ, ਉਹ ਹਨ: ਕੋਬਰਾ, ਭਾਰਤੀ ਕਰੇਟ (ਜੋ ਜੰਗਲਾਂ ਵਿਚ ਪਾਇਆ ਜਾਂਦਾ ਹੈ), ਕੌਡੀਵਾਲਾ (ਦੇਸੀ ਨਾਮ) ਜਾਂ ਸਕੇਲਡ ਵਾਈਪਰ.. .। ਸੋ, ਜੇ ਵੇਖੀਏ ਤਾਂ ਪਿੱਛੇ 212 ਤਰ੍ਹਾਂ ਦੇ ਸੱਪ ਤਾਂ ਅਜਿਹੇ ਬੱਚ ਜਾਂਦੇ ਨੇ, ਜਿਨ੍ਹਾਂ ਵਿਚ ਜ਼ਹਿਰ ਮੌਜੂਦ ਹੀ ਨਹੀਂ ਹੁੰਦਾ.. ..

ਇਹਨਾਂ ਅੰਕੜਿਆਂ ਤੋਂ ਇਹ ਗੱਲ ਤਾਂ ਸਾਫ਼ ਹੋ ਜਾਂਦੀ ਹੈ ਕਿ ਮੰਨ ਲਓ 272 ਬੰਦਿਆਂ ਦੇ 272 ਤਰ੍ਹਾਂ ਦੇ ਇਹ ਸੱਪ ਲੜ ਜਾਣ ਤਾਂ ਉਹਨਾਂ ਵਿਚੋਂ 212 ਬੰਦੇ ਤਾਂ ਜ਼ਰੂਰ ਹੀ ਬੱਚ ਜਾਣਗੇ, ਕਿਉਂਕਿ ਉਹਨਾਂ ਦੇ ਲੜੇ ਸੱਪਾਂ ਵਿਚੋਂ 212 ਵਿਚ ਤਾਂ ਜ਼ਹਿਰ ਹੀ ਨਹੀਂ.. .ਬਾਕੀ 60 ਵਿਚੋਂ ਵੀ ਉਹਨਾਂ ਬੰਦਿਆਂ ਦੇ ਬਚਣ ਦੀ ਆਸ ਹੈ, ਜਿਨ੍ਹਾਂ ਦੇ ਘੱਟ ਜ਼ਹਿਰੀਲੇ ਸੱਪ ਲੜੇ ਨੇ..। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਜੇ ਇਹ 272 ਬੰਦੇ ਥੌਲੇ ਪਵਾਉਣ ਜਾਂਦੇ ਤਾਂ ਉਹਨਾਂ ਵਿਚੋਂ 212 ਬੰਦੇ ਪੱਕੇ ਤੇ ਬਾਕੀ ਕੁੱਝ ਹੋਰ ਵੀ ਜ਼ਰੂਰ ਬੱਚ ਹੀ ਜਾਣੇ ਸੀ, ਥੌਲੇ ਦਾ ਇੱਥੇ ਕੋਈ ਰੋਲ ਨਹੀਂ.. .ਪਰ ਆਪਣੇ ਆਮ ਲੋਕਾਂ ਨੇ ਇਹ ਮੰਨ ਲੈਣਾ ਸੀ ਕਿ ਇਹਨਾਂ ਦੇ ਬਚਣ ਦਾ ਕਾਰਨ ਥੌਲਾ ਹੈ, ਜਦਕਿ ਸੱਚਾਈ ਕੁੱਝ ਹੋਰ ਹੀ ਹੈ.. . ਫੇਰ ਜੇ ਕਿਸੇ ਦੀ ਮੌਤ ਥੌਲੇ ਤੋਂ ਬਾਅਦ ਵੀ ਹੋ ਜਾਵੇ ਤਾਂ ਆਪਣੇ ਲੋਕ ਇਹ ਕਹਿ ਕੇ ਟਾਲ ਦਿੰਦੇ ਨੇ ਕਿ ‘ਇਸ ਦੀ ਤਾਂ ਭਾਈ ਲਿਖੀ ਹੋਈ ਸੀ.. .’ ਸੋ ਮੁਕਦੀ ਗੱਲ ਲੋਕਾਂ ਦੇ ਸੱਪ ਲੜਨ ਤੋਂ ਬਾਅਦ ਬਚਣ ਪਿੱਛੇ ਥੌਲਿਆਂ ਦਾ ਕੋਈ ਹੱਥ ਨ੍ਹੀਂ ਹੁੰਦਾ, ਬਲਕਿ ਸੱਪ ਜ਼ਹਿਰੀਲਾ ਨਾ ਹੋਣਾ ਉਹਨਾਂ ਦੇ ਬਚਣ ਦਾ ਕਾਰਨ ਹੁੰਦਾ ਹੈ.. .। ਵਹਿਮਾਂ-ਭਰਮਾਂ ਤੋਂ ਦੂਰ ਰਹੋ ਤੇ ਇਕ ਆਸਾਨ ਤੇ ਸੁਖੀ ਜ਼ਿੰਦਗੀ ਦਾ ਅਨੰਦ ਮਾਣੋ.. ..



**ਜਗਮੀਤ ਸਿੰਘ**
**ਹਠੂਰ**

## ‘ਮਾਹਿਰ ਜੋਤਸ਼ੀ’

ਕੁੰਡਲੀ, ਟੇਵਾ, ਲਗਨ ਵਿਚਾਰਾਂ
ਟੂਣਾਂ-ਟਾਮਣ, ਨਜ਼ਰ ਉਤਾਰਾਂ
ਧੋਤੀ, ਜੰਞੂ ਤੇ ਜਪਮਾਲੀ,
ਮੱਥੇ ਤਿਲਕ ਲਗਾਵਾਂ।
ਮੈਂ ਬੜਾ ਮਾਹਿਰ ਜੋਤਸ਼ੀ,
ਪੱਕਾ ਟੇਵਾ ਲਾਵਾਂ.. .
ਨੌਂ ਗ੍ਰਹਿ ਤੇ ਬਾਰਾਂ ਰਾਸ਼ੀ
ਨਰਕ, ਸੁਰਗ ਤੇ ਜੂੰਨ ਚੁਰਾਸੀ
ਸਭ ਦਾ ਹਾਲ ਸੁਣਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .
ਅਕਾਸ਼-ਗੰਗਾ ਤੇ ਤਾਰਿਕਾ ਮੰਡਲ
ਧਰਤ, ਸਮੁੰਦਰ, ਵਾਯੂ-ਮੰਡਲ
ਮੈਂ ਸਭ ’ਤੇ ਕਾਬੂ ਪਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .
ਧੀ ਤੋਰਨੀ ਨੂੰਹ ਲਿਆਉਣੀ
ਜੋ ਵੀ ਵਿਗੜੀ ਬਾਤ ਬਣਾਉਣੀ
ਕਰ ਦੂੰ ਦੂਰ ਬਲਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .
ਧੀਆਂ, ਪੁੱਤਰ ਬਾਹਰ ਲੰਘਾ ਲਉ
ਵਿੱਚ ਅਦਾਲਤ ਕੇਸ ਜਿੱਤਾ ਲਉ
ਸੱਭੋ ਉਪਾਅ ਕਰਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .
ਵਸੀਕਰਨ ਤਾਬੀਤ ਕਰਾ ਲਉ,
ਪੁੱਤਰ ਮਿੱਠੜੇ ਮੇਵੇ ਪਾ ਲਉ
ਚਿੰਬੜੇ ਭੂਤ ਹਟਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .

ਤਾਂਤ੍ਰਿਕ ਬਾਬੇ ਅਤੇ ਸਿਆਣੇ
ਡੇਰੇ ਪੂਜਣ ਭੋਲੇ ਭਾਣੇ
ਨਿੱਤ ਮੰਗਦੇ ਆਣ ਦੁਆਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .

ਤਿੱਥਾਂ, ਵਾਰਾਂ ਦੇ ਤਿਉਹਾਰ
ਬ੍ਰਹਿਮੰਡ ਦੀ ਜਾਣਾਂ ਸਾਰ
ਕਾਬੂ ਕਰਾਂ ਹਵਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .
ਅਫ਼ਸਰਸ਼ਾਹੀ ਤੇ ਸਰਕਾਰਾਂ
ਡਾਕਟਰ, ਇੰਜੀਨੀਅਰ ਬੇ-ਸ਼ੁਮਾਰਾਂ
ਸਭ ਦੇ ਭਾਗ ਜਗਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ.. .
‘ਗਿੱਲ’ ਅਕਲ ਨੂੰ ਲੱਗ ਗਏ ਤਾਲੇ
ਮੜ੍ਹੀਆਂ ਪੂਜਣ ‘ਗੋਨੇ’ ਵਾਲੇ
ਕਿਸ-ਕਿਸ ਨੂੰ ਸਮਝਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ।
ਪੱਕਾ ਟੇਵਾ ਲਾਵਾਂ,
ਮੈਂ ਬੜਾ ਮਾਹਿਰ ਜੋਤਸ਼ੀ।।

**-ਗੁਰਮੀਤ ਗਿੱਲ**


**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ ‘ਵਿਗਿਆਨ ਜੋਤ’ ਦੀਆਂ ਫਾਈਲਾਂ ਸਾਡੇ ਕੋਲ ਉਪਲੱਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪੦੦/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 ’ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਕੌਣ ਦੇਸ਼ ਭਗਤ? ਕੌਣ ਦੇਸ਼ ਧ੍ਰੋਹੀ?



ਜਗਤਾਰ ਸਹੋਤਾ

ਭਾਰਤੀ ਜਨਤਾ ਪਾਰਟੀ ਦਾ ਮੁੱਖ ਧੁਰਾ ਸੰਘ ਪਰਵਾਰ ਹੈ ਜਿਸ ਦਾ ਉਦੇਸ਼ ਰਿਹਾ ਹੈ ਕਿ ਭਾਰਤ ਨੂੰ ਹਿੰਦੂ ਰਾਸ਼ਟਰਵਾਦ ਬਨਾਉਣਾ ਅਤੇ ਗੁਲਾਮੀ ਦੇ ਯੁੱਗ ਦਾ ਰਾਮ ਰਾਜ ਲਿਆਉਣਾ।ਹਿੰਦੂ ਰਾਸ਼ਟਰਵਾਦ ਦਾ ਰੋਲਾ ਗੋਲਾ ਲੋਕਾਂ ਨੂੰ ਉਨ੍ਹਾਂ ਦੀ ਰੋਜ਼ ਮੱਰਹ ਦੀਆਂ ਔਕੜਾਂ ਤੋਂ ਧਿਆਨ ਹਟਾਉਂਦਾ ਹੈ। ਇਹ ਸੋਚ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਹਿੱਤ ਵਿਚ ਜਾਂਦੀ ਹੈ ਕਿਉਂਕਿ ਉਹ ਜਾਣਦੇ ਹਨ ਜਿਹੜੇ ਵਾਅਦੇ ਕਰਕੇ ਉਨ੍ਹਾਂ ਨੇ ਲੋਕਾਂ ਤੋਂ ਵੋਟਾਂ ਲਈਆਂ ਸਨ ਉਹ ਪੂਰੇ ਨਹੀਂ ਕਰ ਸਕਦੇ, ਸੰਘ ਪਰਵਾਰ ਦੇ ਸ਼ੋਸ਼ੇ ਲੋਕਾਂ ਨੂੰ ਭੰਬਲ ਭੂਸਿਆਂ ਵਿਚ ਪਾਉਂਦੇ ਹਨ।ਸੱਚ ਇਹ ਹੈ ਕਿ ਲੋਕਾਂ ਦੀਆਂ ਲੋੜਾਂ ਆਰਥਿਕ ਮਸਲਿਆਂ ਨੂੰ ਹੱਲ ਕਰਕੇ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਨਾ ਕਿ ਦੇਸ਼ ਭਗਤ ਬਨਣ ਨਾਲ ਜਾਂ 'ਭਾਰਤ ਮਾਤਾ ਕੀ ਜੈ' ਕਹਿਣ ਨਾਲ।ਭਾਰਤ ਨੂੰ ਅਜ਼ਾਦ ਹੋਏ ਨੂੰ 68 ਸਾਲਾਂ ਤੋਂ ਉਪਰ ਹੋ ਗਏ ਹਨ, ਇਸ ਤੋਂ ਪਹਿਲਾਂ ਕਦੇ ਦੇਸ਼ ਧ੍ਰੋਹੀਆਂ ਅਤੇ 'ਭਾਰਤ ਮਾਤਾ ਕੀ ਜੈ' ਦਾ ਵੱਡਾ ਵਾਵਰੋਲਾ ਨਹੀਂ ਉਠਿਆ ਸੀ ਅਤੇ ਨਾ ਹੀ ਇਸ ਕਰਕੇ ਕੋਈ ਦੇਸ਼ ਨੂੰ ਖਤਰਾ ਪੈਦਾ ਹੋਇਆ ਸੀ।ਅੱਜ ਸੰਘ ਪਰਵਾਰ ਨੇ ਇਨ੍ਹਾਂ ਵਿਸ਼ਿਆ ਦਾ ਵਾਦ ਇਸ ਲਈ ਪੈਦਾ ਕੀਤਾ ਹੈ ਕਿ ਉਹ ਭਾਰਤ ਨੂੰ ਹਿੰਦੂ ਰਾਸ਼ਟਰ ਬਨਾਉਣ ਦੀ ਸਹੁੰ ਲੈ ਚੁੱਕੇ ਹਨ।ਹਿੰਦੂ ਧਰਮ ਵਿਚ 'ਜਾਤ ਪਾਤ' ਦੀ ਕੋਹੜ ਉਨ੍ਹਾਂ ਨੂੰ ਕਿਉਂ ਨਹੀਂ ਦਿਸਦੀ?

ਆਓ, ਪਹਿਲਾਂ ਦੇਸ਼ ਭਗਤ ਅਤੇ ਕੌਮਪ੍ਰਸਤ ਦਾ ਅਰਥ ਦੇਖੀਏ।ਦੇਸ਼ ਭਗਤ ਆਪਣੇ ਦੇਸ਼ ਨੂੰ ਪਿਆਰ ਤਾਂ ਕਰਦਾ ਹੈ ਪਰ ਉਸ ਦੇ ਔਗਣਾਂ ਨੂੰ ਅਣਡਿੱਠ ਨਹੀਂ ਕਰਦਾ।ਜਿਸ ਤਰ੍ਹਾਂ ਸ਼ਹੀਦ ਭਗਤ ਸਿੰਘ ਅੰਗਰੇਜ਼ਾਂ ਤੋਂ ਅਜ਼ਾਦੀ ਤਾਂ ਚਾਹੁੰਦਾ ਸੀ ਪਰ ਦੇਸ਼ ਅੰਦਰ ਅਮੀਰਾਂ ਦੇ ਹੱਥੋਂ ਗਰੀਬਾਂ ਦੇ ਲੁੱਟ ਦੇ ਢਾਂਚੇ ਨੂੰ ਵੀ ਖਤਮ ਕਰਨਾ ਚਾਹੁੰਦਾ ਸੀ।ਕੌਮਪ੍ਰਸਤ ਉਹ ਹੁੰਦਾ ਹੈ ਜੋ ਆਪਣੇ ਦੇਸ਼ ਨੂੰ ਅੰਧਾ ਧੁੰਦ ਪਿਆਰ ਕਰਦਾ ਹੈ ਅਤੇ ਆਪਣੇ ਦੇਸ਼ ਦੇ ਔਗਣਾਂ ਦਾ ਵੀ ਪੱਖ ਪੂਰਦਾ ਹੈ ਕਿਉਂਕਿ ਉਹ ਆਪਣੇ ਦੇਸ਼ ਨੂੰ ਸੱਭ ਤੋਂ ਵਧੀਆ ਦੇਸ਼ ਸਮਝਦਾ ਹੈ।ਜਾਰਜ ਔਰਵੈਲ ਨੇ ਕਿਹਾ ਸੀ ਕਿ ਕੌਮਪ੍ਰਸਤੀ ਦੁਨੀਆਂ ਵਿਚ "ਸ਼ਾਤੀ ਦੀ ਸੱਭ ਤੋਂ ਵੱਡੀ ਦੁਸ਼ਮਨ ਹੈ"।ਸੰਘ ਪਰਵਾਰ ਦੇ ਕੰਮਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਉਹ ਹਿੰਦੂ ਧਰਮਪ੍ਰਸਤੀ ਦੀ ਗੱਲ ਕਰਦੇ ਹਨ।ਜਦ ਕਿ ਅੱਜ ਦੇ ਯੁੱਗ ਵਿਚ ਕੌਮਪ੍ਰਸਤੀ ਦੀ ਵੀ ਕੋਈ ਥਾਂ ਨਹੀਂ ਹੈ ਧਰਮਪ੍ਰਸਤੀ ਦੀ ਤਾਂ ਗੱਲ ਹੀ ਛੱਡੋ। ਕਿਉਂਕਿ ਦੁਨੀਆਂ ਇਕ ਗਲੋਬਲ ਪਿੰਡ ਬਣ ਗਈ ਹੈ।ਸੰਘ ਪਰਵਾਰ ਨੂੰ ਵਿਦੇਸ਼ੀ ਲੁਟੇਰਿਆਂ ਤੋਂ ਕੋਈ ਖਤਰਾ ਨਹੀਂ ਦਿਸਦਾ ਜੋ ਭਾਰਤ ਦੇ ਸੋਮਿਆਂ ਨੂੰ ਲੁੱਟ ਕੇ ਅਥਾਹ ਪੈਸਾ ਕਮਾ ਰਹੇ ਹਨ ਪਰ ਉਨ੍ਹਾਂ ਨੂੰ ਭਾਰਤ ਵਿਚ ਦੇਰਾਂ ਤੋਂ ਵਸਦੇ ਦੂਸਰੇ ਧਰਮਾਂ ਦੇ ਅਤੇ ਅਗਾਂਹ ਵਧੂ ਲੋਕਾਂ ਤੋਂ ਵੱਡਾ ਖਤਰਾ ਭਾਸਦਾ ਹੈ।

ਸੰਘ ਪਰਵਾਰ ਹਰ ਦੂਸਰੇ ਤੇ ਦੇਸ਼ ਧ੍ਰੋਹੀ ਠੱਪਾ ਠੋਕੀ ਜਾ ਰਹੇ ਹਨ।ਆਓ, ਥੋੜ੍ਹੀ ਇਨ੍ਹਾਂ ਦੇ ਪਿਛੋਕੜ ਤੇ ਵੀ ਨਜ਼ਰ ਮਾਰੀਏ।ਭਾਰਤੀ ਜਨਤਾ ਪਾਰਟੀ ਦਾ ਸਿਧਾਂਤਕ ਗੁਰੂ ਆਰਐਸਐਸ ਹੈ ਜਿਸ ਦਾ ਮੁੱਖ ਦਫਤਰ ਨਾਗਪੁਰ ਵਿਚ ਹੈ।ਆਰਐਸਐਸ ਨੇ ਆਪਣੇ ਦਫਤਰ ਤੇ ਤਿਰੰਗਾ ਝੰਡਾ 15 ਅਗਸਤ, 1947 ਅਤੇ 26 ਜਨਵਰੀ, 1950 ਨੂੰ ਝੁਲਾਇਆ ਸੀ ਅਤੇ ਫਿਰ 52 ਸਾਲ ਝੰਡਾ ਝੁਲਾਉਣ ਤੋਂ ਇਹ ਕਹਿਕੇ ਨਾਂਹ ਕੀਤੀ ਸੀ ਕਿ ਤਿਰੰਗੇ ਦੀ ਥਾਂ ਹਿੰਦੂਆਂ ਦਾ ਰੰਗ ਭਗਵੇ ਵਾਲਾ ਹੋਣਾ ਚਾਹੀਦਾ ਹੈ।ਅੱਜ ਇਹੀ ਲੋਕ ਦੱਸ ਰਹੇ ਹਨ ਕਿ ਜੋ ਤਿਰੰਗਾ ਝੰਡਾ ਨਾ ਝੁਲਾਵੇ ਉਹ ਦੇਸ਼ ਧ੍ਰੋਹੀ ਹੈ। ਯੂਨੀਵਰਸਿਟੀਆਂ ਤੇ ਔਰੰਗਜ਼ੇਬੀ ਢੰਗ ਨਾਲ ਝੰਡਾ ਝੁਲਾਉਣ ਦਾ ਹੁਕਮ ਚੜ੍ਹਾ ਰਹੇ ਹਨ।ਝੰਡਾ ਝੁਲਾਉਣ ਵਿਚ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਸਵਾਲ ਹੁਕਮ ਨਾਮੇ ਦੇ ਢੰਗ ਦਾ ਹੈ।ਇਕ ਵਾਰੀ ਕੁੱਝ ਨੌਜਵਾਨਾਂ ਨੇ ਆਰਐਸਐਸ ਦੇ ਦਫਤਰ ਤੇ, ਜਦੋ ਉਹ ਤਿਰੰਗਾ ਝੰਡਾ ਝੁਲਾਉਣ ਤੋਂ ਨਾਂਹ ਕਰਦੇ ਸਨ, ਤਿਰੰਗਾ ਝੰਡਾ ਝੁਲਾ ਦਿੱਤਾ ਸੀ, ਇਨ੍ਹਾਂ ਨੇ ਉਨ੍ਹਾਂ ਦੇ ਵਿਰੁੱਧ 12 ਸਾਲ ਤੱਕ ਕੇਸ ਲੜਿਆ ਸੀ।ਕੀ ਫਿਰ ਆਰਐਸਐਸ ਉਸ ਸਮੇਂ ਦੇਸ਼ ਧ੍ਰੋਹੀ ਨਹੀਂ ਸਨ? ਇਸ ਪਾਰਟੀ ਦਾ ਅਜ਼ਾਦੀ ਦੀ ਲੜਾਈ ਵਿਚ ਹਿੱਸਾ ਸਿਫਰ ਹੈ।ਆਰਐਸਐਸ ਦੇ ਸਿਧਾਂਤਕ ਗੁਰੂ ਵੀ ਡੀ ਸਾਵਰਕਾਰ ਨੂੰ ਅੰਗਰੇਜ਼ਾਂ ਨੇ ਅੰਡੇਮਾਨ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ।ਉਸ ਨੇ ਪਹਿਲਾਂ ਅੰਗਰੇਜ਼ੀ ਹਕੂਮਤ ਤੋਂ ਮੁਆਫੀ ਮੰਗੀ ਅਤੇ ਨਾਲ ਹੀ ਅੰਗਰੇਜ਼ਾਂ ਦੇ ਭਾਰਤ ਤੇ ਰਾਜ ਕਰਨ ਵਿਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸੇ ਤਰ੍ਹਾਂ ਇਨ੍ਹਾਂ ਦੇ ਦੂਸਰੇ ਸਿਧਾਂਤਕ ਗੁਰੂ ਗੋਵਲਕਾਰ ਨੇ ਹਿੰਦੂਆਂ ਨੂੰ ਕਿਹਾ ਸੀ, "ਹਿੰਦੂਓ, ਅੰਗਰੇਜ਼ਾਂ ਵਿਰੁੱਧ ਲੜ ਕੇ ਆਪਣੀ ਤਾਕਤ ਨੂੰ ਬਰਬਾਦ ਨਾ ਕਰੋ।ਆਪਣੀ ਤਾਕਤ ਨੂੰ ਸਾਂਭ ਕੇ ਰੱਖੋ ਤਾਂ ਕਿ ਅੰਦਰੂਨੀ ਦੁਸ਼ਮਨ ਜਿਸ ਤਰ੍ਹਾਂ ਮੁਸਲਮਾਨ, ਇਸਾਈ ਅਤੇ ਕੋਮਨਿਸਟਾਂ ਵਿਰੁੱਧ ਲੜਣ ਲਈ ਵਰਤੀ ਜਾਵੇ"।ਆਰਐਸਐਸ ਨੇ ਫਿਰਕਾਪ੍ਰਸਤੀ ਨੂੰ ਵਧਾਵਾ ਦੇ ਕੇ ਅੰਗਰੇਜ਼ਾਂ ਦੇ ਰਾਜ ਦੀ ਮਿਆਦ ਵਧਾਈ ਸੀ ਅਤੇ ਅੱਜ ਵੀ ਉਸ ਦੇ ਰੋਲ ਵਿਚ ਕੋਈ ਫਰਕ ਨਹੀਂ ਹੈ।ਹਾਂ, ਅੱਜ ਹਕੂਮਤ ਇਨ੍ਹਾਂ ਦੀ ਪਿੱਠ ਤੇ ਹੈ ਅਤੇ ਉਹ ਫਿਰਕਾਪ੍ਰਸਤੀ ਨੂੰ ਖੁਲੱਮ ਖੁਲਾ ਫੈਲਾ ਰਹੇ ਹਨ।ਅਸਲ ਵਿਚ ਆਰਐਸਐਸ ਦਿਮਾਗੀ ਬਿਮਾਰੀ ਦਾ ਸ਼ਿਕਾਰ ਹੈ।ਵੈਸੇ ਤਾਂ ਇਨ੍ਹਾਂ ਵਰਗੇ ਲੋਕ, ਜਿਨ੍ਹਾਂ ਦੇ ਦਿਮਾਗ ਆਗੂਆਂ ਨੇ ਬਕਸਿਆਂ ਵਿਚ ਬੰਦ ਕੀਤੇ ਹੋਏ ਹਨ, ਹਰ ਦੁਨੀਆਂ ਦੇ ਹਿੱਸੇ ਵਿਚ ਮਿਲ ਜਾਂਦੇ ਹਨ।ਪਰ ਜਿਤਨੇ ਅਧਿਕ ਸੰਖਿਆ ਵਿਚ ਇਹ ਭਾਰਤ ਉਪਮਹਾਂਦੀਪ ਵਿਚ ਹਨ, ਸ਼ਾਇਦ ਹੀ ਇਹ ਹੋਰ ਕਿਸੇ ਦੇਸ਼ ਵਿਚ ਹੋਣ।ਹਾਂ,ਇਹੋ ਜਿਹੇ ਲੋਕਾਂ ਦੀ ਭਾਰਤ ਦੇ ਦੂਸਰੇ ਧਰਮਾਂ ਵਿਚ ਵੀ ਘਾਟ ਨਹੀਂ ਹੈ।

ਲੋਕਾਂ ਦੇ ਮੂੰਹ ਬੰਦ ਕਰਾਉਣ ਵਿਚ ਭਾਰਤੀ ਜਨਤਾ ਪਾਰਟੀ ਕਾਂਗਰਸ

ਨਾਲੋਂ ਬਹੁਤ ਅੱਗੇ ਲੰਘ ਗਈ ਹੈ।ਉਨ੍ਹਾਂ ਦੀ ਸੋਚ ਤੋਂ ਉਲਟ ਕੋਈ ਬੋਲ ਨਹੀਂ ਸਕਦਾ।ਕੱਨ੍ਹਈਆ ਕੁਮਾਰ ਦੇ ਬੋਲਣ ਤੇ ਉਸ ਦੀ ਜੀਭ ਦਾ ਮੁੱਲ ਰੱਖ ਦਿੱਤਾ ਗਿਆ ਸੀ।ਯੂਨੀਵਰਸਿਟੀਆਂ ਵਿਚ ਬੋਲਣ ਦੀ ਅਜ਼ਾਦੀ ਤੇ ਪਾਬੰਦੀਆਂ ਲਾ ਦਿੱਤੀਆਂ ਹਨ।ਯੂ.ਕੇ. ਵਿਚ ਯੂਨੀਵਰਸਿਟੀਆਂ ਵਿਚ ਵਿਦਿਆਰਥੀ ਕਿਸੇ ਵੀ ਮਜ਼ਮੂਨ, ਭਾਵੇਂ ਦੇਸ਼ ਦੇ ਵਿਟਵਾਰੇ ਦੀ ਗੱਲ ਹੀ ਹੋਵੇ, ਤੇ ਬਹਿਸ ਕਰ ਸਕਦੇ ਹਨ, ਦੇਸ਼ ਨੂੰ ਖਤਰਾ ਨਹੀਂ ਪੈਂਦਾ ਹੁੰਦਾ।ਅਸਲ ਵਿਚ ਇਹ ਸਮਾਂ ਹੁੰਦਾ ਹੈ ਜਦ ਵਿਦਿਆਰਥੀ ਹਰ ਮਜ਼ਮੂਨ ਵੱਖਰੇ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕੇ ਸਹੀ ਸੋਚ ਅਪਣਾਉਂਦੇ ਹਨ ਨਹੀਂ ਤਾਂ ਵਿਚਾਰਾਂ ਵਿਚ ਨਿਖਾਰ ਨਹੀਂ ਆਉਂਦਾ।ਬੋਲਣ ਤੇ ਪਾਬੰਦੀ ਗਲਤ ਵਿਚਾਰਾਂ ਨੂੰ ਉਤਸ਼ਾਹ ਦਿੰਦੀ ਹੈ।ਕੋਈ ਮਲੋ ਮੱਲੀ ਲੋਕਾਂ ਵਿਚ ਦੇਸ਼ ਭਗਤੀ ਨਹੀਂ ਪੈਦਾ ਕਰ ਸਕਦਾ, ਇਹ ਗੱਲ ਇਨ੍ਹਾਂ ਦੀ ਸਮਝ ਤੋਂ ਬਾਹਰ ਹੈ।ਇਤਿਹਾਸ ਗਵਾਹ ਹੈ ਕਿ ਜ਼ਾਬਰ ਸਰਕਾਰਾਂ ਕਾਰਨ ਦੇਸ਼ਾਂ ਦੇ ਟੋਟੇ ਟੋਟੇ ਹੋਏ ਹਨ।ਇੰਗਲੈਂਡ ਵਿਚ ਲੋਕੀ ਦੂਸਰੇ ਦੇਸ਼ਾਂ ਦੀਆਂ ਟੀਮਾਂ ਨੂੰ ਆਮ ਸਪੋਰਟ ਕਰਦੇ ਹਨ, ਇੰਗਲੈਂਡ ਦੀ ਸਰਕਾਰ ਨੂੰ ਕੋਈ ਦੇਸ਼ ਧ੍ਰੋਹੀਪੁਣਾ ਨਹੀਂ ਦਿਸਦਾ ਪਰ ਭਾਰਤ ਵਿਚ ਇਹ ਖਤਰੇ ਦੀ ਘੰਟੀ ਹੈ।ਜੇਕਰ ਕੋਈ ਸਰਕਾਰ ਲੋਕਾਂ ਨੂੰ ਸੋਚ ਜ਼ਬਰਦਸਤੀ ਅਪਣਾਉਣ ਦੀ ਕੋਸ਼ਿਸ਼ ਕਰੇ ਤੱਦ ਉਸ ਦਾ ਨਤੀਜਾ ਉਲਟ ਹੁੰਦਾ ਹੈ।ਔਰੰਗਜੇਬ ਨੇ ਜ਼ਬਰ ਨਾਲ ਸਿੱਖ ਲਹਿਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਸ ਦਾ ਨਤੀਜਾ ਸਾਰਿਆਂ ਦੇ ਸਾਹਮਣੇ ਹੈ।

ਭਾਰਤ ਬਹੁਧਰਮੀ ਅਤੇ ਬਹੁਭਸ਼ਾਈ ਦੇਸ਼ ਹੈ।ਭਾਰਤੀ ਜਨਤਾ ਪਾਰਟੀ 'ਭਾਰਤ ਮਾਤਾ ਕੀ ਜੈ' ਤੇ ਡੱਟੀ ਹੋਈ ਹੈ।ਭਾਰਤ ਨੂੰ ਜਾਣੀ ਇਕ ਦੇਵੀ ਦੇ ਰੂਪ ਵਿਚ ਮੰਨਣਾ।ਕਈ ਧਰਮ ਅਤੇ ਅਗਾਂਹ ਵਧੂ ਲੋਕ ਮੂਰਤੀ ਪੂਜਾ ਨਹੀਂ ਕਰਦੇ, ਜੇਕਰ ਉਹ 'ਜੈ ਹਿੰਦ' ਕਹਿੰਦੇ ਹਨ, ਫਿਰ ਕੀ ਫਰਕ ਪੈਂਦਾ ਹੈ? ਸੰਵਿਧਾਨ ਅਨੁਸਾਰ ਭਾਰਤ ਧਰਮ ਨਿਰਪੇਖ ਦੇਸ਼ ਹੈ ਪਰ ਭਾਰਤੀ ਜਨਤਾ ਪਾਰਟੀ ਹਿੰਦੂ ਧਰਮ ਨੂੰ ਸਾਰਿਆਂ ਤੇ ਠੋਸ ਰਹੀ ਹੈ।ਜਿਸ ਤਰ੍ਹਾਂ ਕੱਟੜ ਮੁਸਲਮਾਨ ਦੂਸਰੇ ਧਰਮਾਂ ਨੂੰ ਕਾਫਰ ਹੀ ਸਮਝਦੇ ਹਨ, ਇਹੀ ਹਾਲਤ ਭਾਰਤੀ ਜਨਤਾ ਪਾਰਟੀ ਦੀ ਹੈ।ਅੱਜ ਲੋੜ ਹੈ ਲੋਕ ਏਕਾ ਕਰ ਕੇ ਇਸ ਕੱਟੜ ਸੋਚ ਦਾ ਵਿਰੋਧ ਕਰਨ ਤਾਂ ਕਿ ਭਾਰਤ ਵਿਚ ਸਦੀਆਂ ਦੀ ਵਿਭਿੰਨਤਾ ਕਾਇਮ ਰਹਿ ਸਕੇ।

## ਕਹਾਣੀ /ਮਾਵਾਂ

ਸ਼ਹਿਰ ਦੇ ਵੱਡੇ ਸੇਠ ਦੀ ਮਾਂ ਬਹੁਤ ਹੀ ਮਹਿੰਗੇ ਇਲਾਜ ਦੇ ਬਾਵਜੂਦ ਕਈ ਦਿਨ ਬਿਮਾਰ ਰਹਿਣ ਤੋਂ ਬਾਅਦ ਅਕਾਲ ਚਲਾਣਾ ਕਰ ਗਈ ਜਿਸ ਕਾਰਨ ਸਾਰਾ ਸ਼ਹਿਰ ਹੀ ਗਮਗੀਨ ਦਿਖਾਈ ਦਿੰਦਾ ਸੀ।

ਸੰਸਕਾਰ ਲਈ ਹਜ਼ਾਰਾਂ ਲੋਕ ਅਰਥੀ ਦੇ ਪਿੱਛੇ-ਪਿੱਛੇ 'ਰਾਮ ਨਾਮ ਸੱਤ ਹੈ' ਕਹਿੰਦੇ ਜਾ ਰਹੇ ਸਨ, ਸੈਂਕੜੇ ਔਰਤਾਂ ਵੀ ਵਿਰਲਾਪ ਕਰਦੀਆਂ ਜਾ ਰਹੀਆਂ ਸਨ। ਅਰਥੀ ਨੂੰ ਖੂਬ ਫੁੱਲਾਂ ਨਾਲ ਤੇ ਗੁਬਾਰਿਆਂ ਨਾਲ ਸਜਾਇਆ ਹੋਇਆ ਸੀ, ਜਾ ਰਹੀ ਅਰਥੀ ਉਪਰ ਪੈਸੇ ਤੇ ਖਿੱਲਾਂ ਸੁੱਟੀਆਂ ਜਾ ਰਹੀਆਂ ਸਨ।

ਸ਼ਮਸ਼ਾਨ ਘਾਟ ਨਾਲ ਬਣੇ ਹਰੇ ਚਾਰੇ ਦੀ ਟਾਲ ਕੋਲ ਇਕ ਗਊ ਜੋ ਕਈ ਦਿਨਾਂ ਤੋਂ ਜ਼ਖ਼ਮੀ ਹਾਲਤ ਵਿੱਚ ਬਗੈਰ ਕਿਸੇ ਇਲਾਜ ਤੋਂ ਮਰ ਗਈ ਸੀ, ਉਸ ਮਰੀ ਹੋਈ ਗਊ ਵਿੱਚੋਂ ਪੁਰਾਣੇ ਜ਼ਖ਼ਮਾਂ ਕਾਰਣ ਬਦਬੂ ਆ ਰਹੀ ਸੀ, ਤੇ ਹਜ਼ਾਰਾਂ ਮੱਖੀਆਂ ਭਿਣਕ ਰਹੀਆਂ ਸਨ ਉਸ ਨੂੰ ਹੁਣ ਦੋ ਬੰਦੇ ਇੱਕ ਰੇਹੜੀ ਤੇ ਪਾ ਕੇ ਹੱਡਾ ਰੋੜੀ ਵੱਲ ਲੈ ਕੇ ਜਾ ਰਹੇ ਸਨ। ਜਦੋਂ ਮਰੀ ਹੋਈ ਗਊ ਵਾਲੀ ਰੇਹੜੀ, ਅਰਥੀ ਨਾਲ ਜਾ ਰਹੇ ਚਿੱਟ ਕੱਪੜੀਏ ਲੋਕਾਂ ਕੋਲ ਦੀ ਲੰਘ ਰਹੀ ਸੀ ਤਾਂ ਗਊ ਵਿੱਚੋਂ ਆ ਰਹੀ ਬਦਬੂ ਕਾਰਣ ਲੋਕ ਆਪਣੇ ਨੱਕਾਂ ਉਪਰ ਰੁਮਾਲ ਰੱਖਕੇ ਪਰਾਂ ਹੋ ਕੇ ਲੰਘ ਰਹੇ ਸਨ।

ਮਰੀ ਹੋਈ ਗਊ ਦੀਆਂ ਡਰੀਆਂ ਹੋਈਆਂ ਖੁੱਲੀਆਂ ਅੱਖਾਂ ਤੋਂ ਇਉਂ ਲੱਗਦਾ ਸੀ, ਜਿਵੇਂ ਆਖ ਰਹੀਆਂ ਹੋਣ, ਮੈਂ ਵੀ ਤਾਂ ਤੁਹਾਡੀ ਗਊ ਮਾਤਾ ਹਾਂ ਤਾਂ ਫਿਰ ਭਲਾਂ ਇਹ ਫਰਕ ਕਿਉਂ ?

-ਸੁਰਿੰਦਰ ਸਿੰਘ ਮਾਨਸਾ

## ਗੁਰੂ ਨਾਨਕ ਨੂੰ....

*- ਰਾਜਾਰਾਮ ਹੰਡਿਆਇਆ*



ਬਾਬਾ ਨਾਨਕ। ਤੂੰ ਆਖਿਆ ਸੀ 'ਮੂਰਤੀ ਪੂਜਾ ਛੱਡੋ, ਪਰ ਇਹ ਕੀ? ਤੇਰੇ ਹੀ ਚੇਲੇ, ਤੇਰੀ ਹੀ ਮੂਰਤੀ ਨੂੰ ਪੂਜਣ ਲੱਗ ਪਏ।
ਤੂੰ ਆਖਿਆ ਸੀ 'ਦੁਨੀਆਂ 'ਚ ਕੋਈ ਸਿੱਧ ਜਾਂ ਚਮਤਕਾਰੀ ਨਹੀਂ
ਪਰ ਤੇਰੇ ਹੀ ਚੇਲਿਆਂ, ਤੈਨੂੰ ਹੀ ਚਮਤਕਾਰੀ ਬਣਾ ਦਿੱਤਾ।
ਤੂੰ ਆਖਿਆ ਸੀ ਤੀਰਥਾਂ 'ਤੇ ਜਾਣਾ ਛੱਡੋ, ਪਰ ਇਹ ਕੀ?
ਤੇਰੇ ਹੀ ਚੇਲਿਆ ਨੇ, ਸਗੋਂ ਨਵੇਂ ਨਵੇਂ ਤੀਰਥ ਬਣਾ ਦਿੱਤੇ।
ਤੂੰ ਆਖਿਆ ਸੀ 'ਤਿਆਗ ਦਿਓ ਵਹਿਮ ਭਰਮ' ਪਰ
ਤੇਰੇ ਚੇਲੇ ਹੋਰਨਾਂ ਤੋਂ ਵੀ ਵੱਧ ਵਹਿਮੀ-ਭਰਮੀ ਹੋ ਗਏ।
ਤੂੰ ਆਖਿਆ ਸੀ 'ਸੱਚੀ ਕਿਰਤ ਕਰੋ ਤੇ ਵੰਡ ਕੇ ਛਕੋ'
ਪਰ ਤੇਰੇ ਹੀ ਨਾਮ 'ਤੇ ਝੂਠ ਦੀਆਂ ਦੁਕਾਨਾਂ ਖੁੱਲ੍ਹ ਗਈਆਂ।
ਤੂੰ ਸੱਜਣ ਠੱਗ ਤੇ ਕੌਡੇ ਰਾਖਸ਼ ਨੂੰ ਸਿੱਧੇ ਰਾਹ ਪਾਇਆ।
ਪਰ ਤੇਰੇ ਨਾਮ ਦੇ ਥੱਲੇ ਲੋਕੀਂ ਝੂਠ ਦਾ ਵਪਾਰ ਕਰਨ ਲੱਗੇ
ਤੂੰ ਤਾ ਮੰਗਿਆ ਸੀ ਸਰਬੱਤ ਦਾ ਭਲਾ
ਪਰ ਤੇਰੇ ਚੇਲੇ ਤਾਂ ਨਿੱਜੀ ਸੁਆਰਥਾਂ ਵਿੱਚ ਫਸ ਕੇ ਰਹਿ ਗਏ।
ਧਰਮ ਦੇ ਨਾਮ ਤੇ ਲੱਖਾਂ ਹੀ ਸੱਜਣ ਠੱਗ ਤੇ ਕੌਡੇ ਰਾਖ਼ਸ਼ ਪੈਦਾ ਹੋ ਗਏ,
ਜਿਹੜੇ ਆਪਣੇ ਹੀ ਭਰਾਵਾਂ ਦਾ ਪੀਂਦੇ ਹਨ ਖ਼ੂਨ, ਸੱਚ ਦੇ ਠੇਕੇਦਾਰ ਬਣਕੇ।
ਤੂੰ ਤਾਂ ਵਰਜਿਆ ਸੀ 'ਪੂਜਾ ਪਾਠਾਂ ਤੇ ਆਰਤੀਆਂ ਤੋਂ,
ਪਰ ਤੇਰੇ ਚੇਲਿਆਂ ਦੇ ਪਾਠ ਤਾਂ ਬ੍ਰਾਹਮਣਾਂ ਨੂੰ ਵੀ ਮਾਤ ਦੇ ਗਏ।
ਤੂੰ ਤਾਂ ਵਰਜ਼ਿਆ ਸੀ ਹਿੰਸਾ ਜ਼ਬਰ-ਜ਼ੁਲਮ ਤੋਂ
ਪਰ ਤੇਰੇ ਹੀ ਚੇਲਿਆਂ ਨੇ ਮਾਨਵਤਾ ਦਾ ਨਾਸ਼ ਕੀਤਾ।
ਤੂੰ ਆਖਿਆ ਸੀ 'ਮਿੱਠਤ ਤੇ ਨਿਮਰਤਾ' ਰੱਖੋ
ਪਰ ਇਹ ਗੁਣ ਤਾਂ ਤੇਰੇ ਜਾਂਦਿਆਂ ਹੀ ਅਲੋਪ ਹੋ ਗਏ।
ਤੂੰ ਮਲਕ ਭਾਗੋ ਦੇ ਪੂੜੇ ਛੱਡਕੇ, ਲਾਲੋ ਦੀ ਸੁੱਕੀ ਰੋਟੀ ਚੰਗੀ ਸਮਝੀ
ਪਰ ਤੇਰੇ ਹੀ ਚੇਲੇ ਮਲਕ-ਭਾਗੋਆਂ ਦੇ ਪੂੜਿਆਂ ਤੇ ਪਲਣ ਲੱਗੇ।
ਨਾਨਕ ! ਤੂੰ ਜੋ ਸੰਦੇਸ਼ ਦਿੱਤਾ ਸੀ ਸਾਨੂੰ, ਉਹ ਸਭ ਭੁਲਾ ਦਿੱਤਾ ਗਿਆ ਹੈ।

# ਮੌਤ ਦਾ ਵਿਗਿਆਨ



ਮੌਤ ਕੀ ਹੈ ਅਤੇ ਜਿਉਂਦਾ ਪ੍ਰਾਣੀ ਕਿਉਂ ਮਰਦਾ ਹੈ? ਮਨੁੱਖ ਇਨ੍ਹਾਂ ਸਵਾਲਾਂ ਦਾ ਜਵਾਬ ਹਜ਼ਾਰਾਂ ਸਾਲਾਂ ਤੋਂ ਖੋਜ ਰਿਹਾ ਹੈ। ਚਲੋ ਵੇਖਦੇ ਹਾਂ ਆਖ਼ਿਰ ਵਿਗਿਆਨ, ਮੌਤ ਅਤੇ ਉਸ ਦੀ ਪ੍ਰਕਿਰਿਆ ਬਾਰੇ ਕੀ ਕਹਿੰਦਾ ਹੈ? 30 ਸਾਲ ਦੀ ਉਮਰ ਵਿਚ ਮਨੁੱਖੀ ਸਰੀਰ ਵਿਚ ਠਹਿਰਾਅ ਆਉਣ ਲਗਦਾ ਹੈ। 35 ਸਾਲ ਦੇ ਨੇੜੇ-ਤੇੜੇ ਲੋਕਾਂ ਨੂੰ ਲਗਦਾ ਹੈ ਕਿ ਸਰੀਰ ਹੁਣ ਕੁੱਝ ਗੜਬੜ ਕਰਨ ਲੱਗਿਆ ਹੈ। 30 ਸਾਲ ਤੋਂ ਬਾਅਦ ਹਰ ਦਹਾਕੇ ਵਿਚ ਹੱਡੀਆਂ ਦੀ ਸਮਰੱਥਾ ਇਕ ਫ਼ੀਸਦੀ ਘੱਟ ਹੋਣ ਲਗਦੀ ਹੈ। 30 ਤੋਂ 80 ਸਾਲ ਦੀ ਉਮਰ ਦੌਰਾਨ ਸਰੀਰ 40 ਫ਼ੀਸਦੀ ਮਾਸਪੇਸ਼ੀਆਂ ਗੁਆ ਦਿੰਦਾ ਹੈ। ਜੋ ਮਾਸਪੇਸ਼ੀਆਂ ਬਚਦੀਆਂ ਹਨ, ਉਹ ਵੀ ਕਮਜ਼ੋਰ ਹੋ ਜਾਂਦੀਆਂ ਹਨ। ਸਰੀਰ ਵਿਚ ਲਚਕ ਘੱਟ ਹੁੰਦੀ ਚਲੀ ਜਾਂਦੀ ਹੈ। ਜੀਵਤ ਪ੍ਰਾਣੀਆਂ ਵਿਚ ਕੋਸ਼ਿਕਾਵਾਂ ਹਰ ਵੇਲੇ ਟੁੱਟ ਕੇ ਨਵੀਆਂ ਕੋਸ਼ਿਕਾਵਾਂ ਬਣਾਉਂਦੀਆਂ ਰਹਿੰਦੀਆਂ ਹਨ। ਇਹੀ ਕਾਰਨ ਹੈ ਕਿ ਬਚਪਨ ਤੋਂ ਲੈ ਕੇ ਜਵਾਨੀ ਤਕ ਸਰੀਰ ਵਿਕਾਸ ਕਰਦਾ ਹੈ। ਪਰ ਉਮਰ ਵਧਣ ਨਾਲ ਕੋਸ਼ਿਕਾਵਾਂ ਦੇ ਟੁੱਟਣ ਵਿਚ ਗੜਬੜੀ ਹੋਣ ਲਗਦੀ ਹੈ। ਉਨ੍ਹਾਂ ਦੇ ਅੰਦਰ ਦਾ ਡੀ.ਐਨ.ਏ. ਨੁਕਸਾਨਿਆ ਜਾਂਦਾ ਹੈ ਅਤੇ ਨਵੀਂਆਂ ਕਮਜ਼ੋਰ ਜਾਂ ਬਿਮਾਰ ਕੋਸ਼ਿਕਾਵਾਂ ਪੈਦਾ ਹੁੰਦੀਆਂ ਹਨ। ਗੜਬੜ ਡੀ.ਐਨ.ਏ. ਵਾਲੀਆਂ ਕੋਸ਼ਿਕਾਵਾਂ ਕੈਂਸਰ ਜਾਂ ਹੋਰ ਬਿਮਾਰੀਆਂ ਪੈਦਾ ਕਰਦੀਆਂ ਹਨ। ਸਾਡੀ ਰੋਗਾਂ ਨਾਲ ਲੜਨ ਵਾਲੀ ਸ਼ਕਤੀ ਨੂੰ ਇਸ ਦਾ ਪਤਾ ਨਹੀਂ ਲੱਗ ਪਾਉਂਦਾ, ਕਿਉਂਕਿ ਉਹ ਇਸ ਵਿਕਾਸ ਨੂੰ ਕੁਦਰਤੀ ਮੰਨਦਾ ਹੈ। ਹੌਲੀ-ਹੌਲੀ ਇਹੀ ਗੜਬੜੀਆਂ ਮੌਤ ਦਾ ਕਾਰਨ ਬਣ ਜਾਂਦੀਆਂ ਹਨ। ਆਰਾਮਦੇਹ ਜੀਵਨਸ਼ੈਲੀ ਦੇ ਚਲਦੇ ਸਰੀਰ ਮਾਸਪੇਸ਼ੀਆਂ ਵਿਕਸਤ ਕਰਨ ਦੀ ਬਜਾਏ ਲੋੜ ਤੋਂ ਵੱਧ ਚਰਬੀ ਜਮ੍ਹਾਂ ਕਰਨ ਲਗਦਾ ਹੈ। ਚਰਬੀ ਵੱਧ ਹੋਣ 'ਤੇ ਸਰੀਰ ਨੂੰ ਲਗਦਾ ਹੈ ਕਿ ਊਰਜਾ ਦਾ ਲੋੜੀਂਦਾ ਭੰਡਾਰ ਮੌਜੂਦ ਹੈ, ਲਿਹਾਜ਼ਾ ਸਰੀਰ ਦੇ ਅੰਦਰ ਹਾਰਮੋਨ ਸਬੰਧੀ ਬਦਲਾਅ ਆਉਣ ਲਗਦੇ ਹਨ ਅਤੇ ਇਹ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਕੁਦਰਤੀ ਮੌਤ ਸਰੀਰ ਦੇ ਸ਼ਟ ਡਾਊਨ ਦੀ ਪ੍ਰਕਿਰਿਆ ਹੈ। ਮੌਤ ਤੋਂ ਠੀਕ ਪਹਿਲਾਂ ਕਈ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ।

ਆਮ ਤੌਰ 'ਤੇ ਸਾਂਹ 'ਤੇ ਇਸ ਦਾ ਸਭ ਤੋਂ ਛੇਤੀ ਅਸਰ ਪੈਂਦਾ ਹੈ। ਸਥਿਤੀ ਕੰਟਰੋਲ ਤੋਂ ਬਾਹਰ ਹੋਣ ਲੱਗਦੀ ਹੈ ਤਾਂ ਦਿਮਾਗ਼ ਗੜਬੜਾਉਣ ਲੱਗਦਾ ਹੈ। ਸਾਂਹ ਬੰਦ ਹੋਣ ਤੋਂ ਕੁੱਝ ਸਮੇਂ ਬਾਅਦ ਦਿਲ ਕੰਮ ਕਰਨਾ ਬੰਦ ਕਰ ਦਿੰਦਾ ਹੈ। ਧੜਕਣ ਬੰਦ ਹੋਣ ਤੋਂ ਕਰੀਬ ਚਾਰ ਤੋਂ ਛੇ ਮਿੰਟ ਬਾਅਦ ਦਿਮਾਗ਼ ਆਕਸੀਜਨ ਲਈ ਤੜਫ਼ਨ ਲਗਦਾ ਹੈ। ਆਕਸੀਜਨ ਦੀ ਘਾਟ ਕਾਰਨ ਦਿਮਾਗ਼ ਦੀਆਂ ਕੋਸ਼ਿਕਾਵਾਂ ਮਰਨ ਲੱਗਦੀਆਂ ਹਨ। ਮੈਡੀਕਲ ਵਿਗਿਆਨ ਵਿਚ ਇਸ ਨੂੰ ਕੁਦਰਤੀ ਮੌਤ ਜਾਂ 'ਪੁਆਇੰਟ ਆਫ਼ ਨੋ ਰੀਟਰਨ' ਕਹਿੰਦੇ ਹਨ। ਮੌਤ ਤੋਂ ਬਾਅਦ ਹਰ ਘੰਟੇ ਸਰੀਰ ਦਾ ਤਾਪਮਾਨ 1.5 ਡਿਗਰੀ ਸੈਲਸੀਅਸ ਡਿੱਗਣ ਲੱਗਦਾ ਹੈ। ਸਰੀਰ ਵਿਚ ਮੌਜੂਦ ਖ਼ੂਨ ਕੁੱਝ ਥਾਂ 'ਤੇ ਜੰਮਣ ਲੱਗਦਾ ਹੈ ਅਤੇ ਸਰੀਰ ਆਕੜ ਜਾਂਦਾ ਹੈ। ਚਮੜੀ ਦੀਆਂ ਕੋਸ਼ਿਕਾਵਾਂ ਮੌਤ ਦੇ 24 ਘੰਟੇ ਬਾਅਦ ਤਕ ਜਿਉਂਦੀਆਂ ਰਹਿ ਸਕਦੀਆਂ ਹਨ। ਅੰਤੜੀਆਂ ਵਿਚ ਮੌਜੂਦ ਬੈਕਟੀਰੀਆ ਜਿਉਂਦੇ ਰਹਿੰਦੇ ਹਨ। ਇਹ ਸਰੀਰ ਨੂੰ ਕੁਦਰਤੀ ਤੱਤਾਂ ਵਿਚ ਤੋੜਣ ਲੱਗਦੇ ਹਨ। ਮੌਤ ਨੂੰ ਟਾਲਣਾ ਸੰਭਵ ਨਹੀਂ ਹੈ। ਇਹ ਆਉਣੀ ਹੀ ਹੈ। ਪਰ ਸਰੀਰ ਨੂੰ ਸਿਹਤਮੰਦ ਰੱਖ ਕੇ ਇਸ ਦੇ ਖ਼ਤਰੇ ਨੂੰ ਲੰਮੇ ਸਮੇਂ ਤਕ ਟਾਲਿਆ ਜਾ ਸਕਦਾ ਹੈ। ਵਿਗਿਆਨੀਆਂ ਮੁਤਾਬਕ, ਲੋੜੀਂਦਾ ਪਾਣੀ ਪੀਣਾ, ਸਰੀਰਕ ਤੌਰ 'ਤੇ ਸਰਗਰਮ ਰਹਿਣਾ, ਚੰਗਾ ਖਾਣ-ਪੀਣ ਅਤੇ ਚੰਗੀ ਨੀਂਦ ਇਹ ਬੇਹੱਦ ਲਾਭਦਾਇਕ ਤਰੀਕੇ ਹਨ।

ਕੋਈ ਵੀ ਜਿਉਂਦਾ ਸਰੀਰ ਕੋਸ਼ਿਕਾਵਾਂ ਦਾ ਇਕ ਵਿਸ਼ਾਲ ਸਮੁੱਚਾ ਸੰਗਠਨ ਹੈ, ਜਿਸ ਵਿਚ ਹਰ ਕੋਸ਼ਿਕਾਵਾਂ ਦਾ ਕਾਰਜ ਨਿਰਧਾਰਤ ਹੈ। ਇਹ ਕਾਰਜ ਨਿਰਧਾਰਨ ਡੀ.ਐਨ.ਏ. ਕਰਦਾ ਹੈ। ਹਰ ਕੋਸ਼ਿਕਾ ਆਪਣੇ ਆਪ ਵਿਚ ਇਕ ਜੀਵਤ ਇਕਾਈ ਹੈ, ਪਰ ਉਸ ਨੂੰ ਕੁੱਝ ਕੰਮ ਲਈ ਹੋਰ ਕੋਸ਼ਿਕਾਵਾਂ 'ਤੇ ਨਿਰਭਰ ਰਹਿਣਾ ਹੁੰਦਾ ਹੈ, ਇਹ ਸਭ ਕੁੱਝ ਉਸੇ ਤਰ੍ਹਾਂ ਹੈ, ਜਿਸ ਤਰ੍ਹਾਂ ਸਮਾਜ ਵਿਚ ਮਾਨਵ ਕੁੱਝ ਗੱਲਾਂ ਲਈ ਹੋਰ ਮਨੁੱਖਾਂ 'ਤੇ ਨਿਰਭਰ ਹੁੰਦਾ ਹੈ।

ਸੰਖੇਪ ਵਿਚ, ਸਰੀਰ ਆਜ਼ਾਦ ਤੌਰ 'ਤੇ ਜੀਵਤ ਕੋਸ਼ਿਕਾਵਾਂ ਦਾ ਭਾਈਚਾਰਕ ਸੰਗਠਨ ਹੈ। ਇਹ ਸੰਗਠਨ ਉਸ ਸਮੇਂ ਤੱਕ ਸੁਚਾਰੂ ਤੌਰ 'ਤੇ ਕਾਰਜ ਕਰੇਗਾ, ਜਦੋਂ ਤੱਕ ਇਸ ਦਾ ਨਿਰਮਾਣ ਕਰਨ ਵਾਲੀਆਂ ਆਜ਼ਾਦ ਕੋਸ਼ਿਕਾਵਾਂ ਸੁਚਾਰੂ ਤੌਰ 'ਤੇ ਕਰਦੀਆਂ ਰਹਿਣਗੀਆਂ। ਇਨ੍ਹਾਂ ਕੋਸ਼ਿਕਾਵਾਂ ਦੀ ਮੁਰੰਮਤ ਅਤੇ ਨਵੀਨੀਕਰਨ, ਨਵੀਆਂ ਕੋਸ਼ਿਕਾਵਾਂ ਦਾ ਨਿਰਮਾਣ ਚਲਦਾ ਰਹਿੰਦਾ ਹੈ। ਪਰ ਇਕ ਸਮੇਂ ਬਾਅਦ ਇਹ ਨਵੀਨੀਕਰਨ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ, ਨਵੀਆਂ ਕੋਸ਼ਿਕਾਵਾਂ ਪਹਿਲਾਂ ਵਾਂਗ ਮਜ਼ਬੂਤ ਅਤੇ ਸਮਰੱਥ ਨਹੀਂ ਹੁੰਦੀਆਂ, ਇਸ ਨੂੰ 'ਬਿਰਧ ਉਮਰ' ਕਹਿੰਦੇ ਹਨ।

ਜਦੋਂ ਸਰੀਰ ਦੇ ਅੰਗ (ਕੋਸ਼ਿਕਾਵਾਂ ਵਲੋਂ ਵਿਸ਼ੇਸ਼ ਕਾਰਜ ਕਰਨ ਵਾਲੇ ਸੰਗਠਨ) ਆਪਣਾ ਕਾਰਜ ਕਰਨ ਵਿਚ ਸਮਰੱਥ ਨਹੀਂ ਹੋ ਪਾਉਂਦੇ, ਉਹ ਹੋਰ ਅੰਗਾਂ 'ਤੇ ਵੀ ਪ੍ਰਭਾਵ ਪਾਉਂਦੇ ਹਨ ਅਤੇ ਅੰਗਾਂ ਦੇ ਕਾਰਜ ਕਰਨਾ ਬੰਦ ਕਰਨ ਕਾਰਨ ਉਸ 'ਤੇ ਨਿਰਭਰ ਕੋਸ਼ਿਕਾਵਾਂ ਮਰਨ ਲੱਗਦੀਆਂ ਹਨ। ਅਖ਼ੀਰ ਸਾਰਾ ਸਰੀਰ ਮਰ ਜਾਂਦਾ ਹੈ।

ਕਹਾਣੀ

# ਤੋਤੇ



ਇਕ ਵਾਰ ਤੋਤਿਆਂ ਨੇ ਸੋਚਿਆ ਕਿ ਸ਼ਿਕਾਰੀ ਸਾਨੂੰ ਆਪਣੇ ਜਾਲ ਵਿਚ ਫਸਾ ਲੈਂਦਾ ਹੈ। ਅਜਿਹਾ ਕੋਈ ਹੱਲ ਲੱਭੀਏ ਕਿ ਅਸੀਂ ਸ਼ਿਕਾਰੀਆਂ ਦੇ ਜਾਲ ਤੋਂ ਬਚੇ ਰਹੀਏ। ਉਨਾਂ ਨੇ ਸੋਚਣਾ ਸ਼ੁਰੂ ਹੀ ਕੀਤਾ ਸੀ ਕਿ ਵਿਚੋਂ ਇਕ ਤੋਤਾ ਬੋਲਿਆ ਕਿ ਆਪਾਂ ਕਿਸੇ ਸਮਝਦਾਰ ਤੋਤੇ ਕੋਲੋਂ ਗੁਰ (ਜੁਗਤੀ) ਹੀ ਕਿਉਂ ਨਾ ਲੈ ਲਈਏ?

ਸਾਰੇ ਤੋਤੇ ਇਕੱਠੇ ਹੋ ਕੇ ਕਿਸੇ ਸਮਝਦਾਰ ਤੇ ਤਜ਼ਰਬੇਕਾਰ ਤੋਤੇ ਕੋਲ ਚਲੇ ਗਏ। ਜੋ ਉਮਰ ਕਰਕੇ ਵੀ ਇੱਕ ਸਿਆਣਾ ਬਜ਼ੁਰਗ ਸੀ। ਜਦੋਂ ਉਸ ਕੋਲ ਜਾ ਕੇ ਤੋਤਿਆਂ ਨੇ ਆਪਣੀ ਸਮੱਸਿਆ ਦੱਸੀ ਤਾਂ ਉਸ ਬਜ਼ੁਰਗ ਤੋਤੇ ਨੇ ਕਿਹਾ, "ਇੱਕ ਪੱਤਾ ਤੇ ਇਕ ਮੋਰ ਪੰਖ ਲਿਆਓ।" ਉਨ੍ਹਾਂ ਨੇ ਪੱਤਾ ਤੇ ਮੋਰ ਪੰਖ ਲਿਆਂਦਾ। ਬਜ਼ੁਰਗ ਤੋਤੇ ਨੇ ਉਸ ਪੱਤਰ 'ਤੇ ਲਿਖਿਆ,

"ਸ਼ਿਕਾਰੀ ਆਏਗਾ।<br>
ਚੋਗਾ ਪਾਏਗਾ।<br>
ਜਾਲ ਵਿਛਾਏਗਾ।<br>
ਕਿਤੇ ਫਸ ਨਾ ਜਾਣਾ।"

ਬੱਸ ਇੰਨ੍ਹੇ ਸ਼ਬਦ ਲਿਖ ਕੇ ਉਸ ਸਿਆਣੇ ਤੋਤੇ ਨੇ ਉਹ ਪੱਤਰ ਬਾਕੀ ਤੋਤਿਆਂ ਨੂੰ ਦੇ ਦਿੱਤਾ। ਉਸ ਸਿਆਣੇ ਤੋਤੇ ਨੇ ਨਾਲ ਹੀ ਕਿਹਾ, "ਭਾਈ, ਸਾਰੇ ਜਣੇ ਧਿਆਨ ਨਾਲ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਵੀ ਸਮਝ ਲਵੋ ਤੇ ਵਿਚਾਰ ਵੀ ਲਵੋ।" ਬੇ-ਅਕਲ, ਨਾ-ਸਮਝ ਤੇ ਬਦ-ਦਿਮਾਗ਼ ਤੋਤਿਆਂ ਨੇ ਉਸ ਸਿਆਣੇ ਬਜ਼ੁਰਗ ਤੋਤੇ ਵਲੋਂ ਲਿਖ ਕੇ ਦਿੱਤੇ ਗਏ ਉਨ੍ਹਾਂ ਸ਼ਬਦਾਂ ਨੂੰ ਮੰਤਰ ਸਮਝ ਕੇ ਰਟਣਾ ਸ਼ੁਰੂ ਕਰ ਦਿੱਤਾ ਕਿ ਬੱਸ ਹੁਣ ਤਾਂ ਇਸ ਮੰਤਰ ਨਾਲ ਸ਼ਿਕਾਰੀ ਮਾਰਿਆ ਹੀ ਜਾਊ.. ..!!!

ਸਾਰੇ ਤੋਤੇ ਮੌਜ ਨਾਲ ਬੇ-ਫਿਕਰ ਹੋ ਕੇ ਚੋਗਾ ਚੁਗਣ ਲੱਗ ਪਏ ਤੇ ਨਾਲੇ ਉਸ ਮੰਤਰ ਦੀ ਰੇਲ ਬਣਾਈ ਜਾਣ।

"ਸ਼ਿਕਾਰੀ ਆਏਗਾ।<br>
ਚੋਗਾ ਪਾਏਗਾ।<br>
ਜਾਲ ਵਿਛਾਏਗਾ।<br>
ਕਿਤੇ ਫਸ ਨਾ ਜਾਣਾ।"

ਬੱਸ, ਫਿਰ ਕੀ ਸੀ, ਸ਼ਿਕਾਰੀ ਆ ਗਿਆ। ਉਸ ਨੇ ਚੋਗਾ ਪਾ ਕੇ ਜਾਲ ਵਿਛਾਇਆ ਹੋਇਆ ਸੀ। ਸਾਰੇ ਹੀ ਤੋਤੇ ਉਸ ਨੇ ਜਾਲ ਵਿਚ ਫਸਾ ਲਏ। ਹੁਣ ਤੋਤੇ ਜਾਲ ਵਿਚ ਫਸੇ ਹੋਏ ਵੀ ਕਹੀ ਜਾਣ;

"ਸ਼ਿਕਾਰੀ ਆਏਗਾ।<br>
ਚੋਗਾ ਪਾਏਗਾ।<br>
ਜਾਲ ਵਿਛਾਏਗਾ।<br>
ਕਿਤੇ ਫਸ ਨਾ ਜਾਣਾ।"

ਹੁਣ ਦੱਸੋ, ਇਹੋ ਜਿਹੇ ਬੇ-ਅਕਲ ਤੋਤਿਆਂ ਨੂੰ ਕੌਣ ਸਮਝਾਵੇ ਕਿ ਉਸ ਬਜ਼ੁਰਗ ਤੋਤੇ ਵੱਲੋਂ ਲਿਖ ਕੇ ਦਿੱਤੇ ਸ਼ਬਦਾਂ ਦਾ ਅਰਥ ਸੀ ਕਿ ਸ਼ਿਕਾਰੀ ਆਊਗਾ। ਚੋਗਾ ਪਾ ਕੇ ਤੁਹਾਨੂੰ ਆਪਣੇ ਜਾਲ ਵਿਚ ਫਸਾਊਗਾ, ਦੇਖਿਓ ਕਿਤੇ ਉਹਦੇ ਜਾਲ ਵਿਚ ਫਸ ਨਾ ਜਾਇਓ। ਉਸ ਬਜ਼ੁਰਗ ਤੋਤੇ ਵੱਲੋਂ ਲਿਖੇ ਸ਼ਬਦ ਇਕ ਗਿਆਨ ਸੀ। ਜੇਕਰ ਉਸ ਨੂੰ ਸਮਝ ਲੈਂਦੇ ਤਾਂ ਉਹ ਸ਼ਬਦ ਇਕ ਮਹਾਂਮੰਤਰ ਬਣ ਜਾਣਾ ਸੀ।

# ਪੇਰੀਅਰ ਨਈਅਰ ਦੇ ਈਸ਼ਵਰ ਨੂੰ ਸਵਾਲ

1. ਕੀ ਤੁਸੀਂ ਕਾਇਰ ਹੋ ਜੋ ਹਮੇਸ਼ਾ ਛੁਪੇ ਰਹਿੰਦੇ ਹੋ, ਕਦੇ ਕਿਸੇ ਦੇ ਸਾਹਮਣੇ ਨਹੀਂ ਆਉਂਦੇ

2. ਕੀ ਤੁਸੀਂ ਖ਼ੁਸ਼ਾਮਦਪ੍ਰਸਤ ਹੋ, ਜੋ ਲੋਕਾਂ ਤੋਂ ਦਿਨ-ਰਾਤ ਪੂਜਾ, ਪ੍ਰਾਰਥਨਾ ਕਰਵਾਉਂਦੇ ਹੋ?

3. ਕੀ ਤੁਸੀਂ ਹਮੇਸ਼ਾ ਭੁੱਖੇ ਰਹਿੰਦੇ ਹੋ, ਜੋ ਲੋਕਾਂ ਤੋਂ ਮਠਿਆਈ, ਦੁੱਧ, ਘਿਉ ਆਦਿ ਲੈਂਦੇ ਰਹਿੰਦੇ ਹੋ?



4. ਕੀ ਤੁਸੀਂ ਮਾਸਾਹਾਰੀ ਹੋ, ਜੋ ਲੋਕਾਂ ਤੋਂ ਪਸ਼ੂਆਂ ਦੀ ਬਲੀ ਮੰਗਦੇ ਹੋ?

5. ਕੀ ਤੁਸੀਂ ਸੋਨੇ ਦੇ ਵਪਾਰੀ ਹੋ, ਜੋ ਮੰਦਰਾਂ ਵਿਚ ਲੱਖਾਂ ਟਨ ਸੋਨਾ ਦਬਾਈ ਬੈਠੇ ਹੋ?

6. ਕੀ ਤੁਸੀਂ ਵਿਭਚਾਰੀ ਹੋ, ਜੋ ਮੰਦਰਾਂ ਵਿਚ ਦੇਵਦਾਸੀਆਂ ਰੱਖਦੇ ਹੋ?

7. ਕੀ ਤੁਸੀਂ ਕਮਜ਼ੋਰ ਹੋ ਜੋ ਹਰ ਰੋਜ਼ ਹੋਣ ਵਾਲੇ ਬਲਾਤਕਾਰਾਂ ਨੂੰ ਨਹੀਂ ਰੋਕ ਪਾਉਂਦੇ?

8. ਕੀ ਤੁਸੀਂ ਮੂਰਖ ਹੋ, ਜੋ ਵਿਸ਼ਵ ਦੇ ਦੇਸ਼ਾਂ ਵਿਚ ਗ਼ਰੀਬੀ-ਭੁਖਮਰੀ ਹੁੰਦੇ ਹੋਏ ਵੀ ਅਰਬਾਂ ਰੁਪਏ ਦਾ ਅੰਨ, ਦੁੱਧ, ਘਿਉ, ਤੇਲ ਬਿਨਾਂ ਖਾਧੇ ਹੀ ਨਦੀਆਂ-ਨਾਲਿਆਂ ਵਿਚ ਵਹਾ ਦਿੰਦੇ ਹੋ?

9. ਕੀ ਤੁਸੀਂ ਬੋਲੇ ਹੋ ਜੋ ਬੇਵਜ੍ਹਾ ਮਰਦੇ ਆਦਮੀ, ਬਲਾਤਕਾਰ ਹੁੰਦੀਆਂ ਹੋਈਆਂ ਮਾਸੂਮ ਆਵਾਜ਼ਾਂ ਨਹੀਂ ਸੁਣ ਪਾਉਂਦੇ?

10. ਕੀ ਤੁਸੀਂ ਅੰਨੇ ਹੋ ਜੋ ਰੋਜ਼ ਅਪਰਾਧ ਹੁੰਦੇ ਹੋਏ ਨਹੀਂ ਵੇਖ ਪਾਉਂਦੇ?

11. ਕੀ ਤੁਸੀਂ ਅਤਿਵਾਦੀਆਂ ਨਾਲ ਮਿਲੇ ਹੋਏ ਹੋ, ਜੋ ਰੋਜ਼ ਧਰਮ ਦੇ ਨਾਮ 'ਤੇ ਲੱਖਾਂ ਲੋਕਾਂ ਨੂੰ ਮਰਵਾਉਂਦੇ ਰਹਿੰਦੇ ਹੋ?

12. ਕੀ ਤੁਸੀਂ ਅਤਿਵਾਦੀ ਹੋ, ਜੋ ਚਾਹੁੰਦੇ ਹੋ ਕਿ ਲੋਕ ਤੁਹਾਡੇ ਕੋਲੋਂ ਡਰ ਕੇ ਰਹਿਣ?

13. ਕੀ ਤੁਸੀਂ ਗੂੰਗੇ ਹੋ, ਜੋ ਇਕ ਸ਼ਬਦ ਨਹੀਂ ਬੋਲ ਪਾਉਂਦੇ, ਪਰ ਕਰੋੜਾਂ ਲੋਕ ਤੁਹਾਡੇ ਕੋਲੋਂ ਲੱਖਾਂ ਸਵਾਲ ਪੁੱਛਦੇ ਹਨ?

14. ਕੀ ਤੁਸੀਂ ਭ੍ਰਿਸ਼ਟਾਚਾਰੀ ਹੋ, ਜੋ ਗ਼ਰੀਬਾਂ ਨੂੰ ਕਦੇ ਕੁੱਝ ਨਹੀਂ ਦਿੰਦੇ, ਜਦਕਿ ਉਹ ਖ਼ੂਨ-ਪਸੀਨੇ ਦੀ ਕਮਾਈ ਦਾ ਇਕ-ਇਕ ਪੈਸਾ ਤੁਹਾਡੇ ਉਪਰ ਵਾਰ ਦਿੰਦੇ ਹਨ?

14. ਕੀ ਤੁਸੀਂ ਮੂਰਖ ਹੋ ਕਿ ਸਾਡੇ ਵਰਗੇ ਨਾਸਤਿਕਾਂ ਨੂੰ ਪੈਦਾ ਕੀਤਾ, ਜੋ ਤੁਹਾਨੂੰ ਖਰੀ-ਖੋਟੀ ਸੁਣਾਉਂਦੇ ਹਨ, ਅਤੇ ਤੁਹਾਡੀ ਹੋਂਦ ਨੂੰ ਹੀ ਨਕਾਰਦੇ ਹਨ?

# ਸਮਾਂ ਬਹੁਤ ਥੋੜ੍ਹਾ ਹੈ

ਪ੍ਰੋ: ਹਮਦਰਦਵੀਰ ਨੌਸ਼ਹਿਰਵੀ



ਬੀਮਾਰ ਵੀ ਤਾਂ ਹੋਇਆ ਜਾਂਦਾ ਹੈ ਜੇ ਕੋਈ ਸਾਂਭਣ ਵਾਲਾ ਹੋਵੇ। ਹਸਪਤਾਲ ਲੈ ਕੇ ਜਾਣ ਵਾਲਾ ਹੋਵੇ, ਵਕਤ ਸਿਰ ਦਵਾਈ, ਤੱਤਾ ਠੰਡਾ ਦੇਣ ਵਾਲਾ ਹੋਵੇ। ਮੈਂ ਬੀਮਾਰ ਹੋਣ ਦੀ ਅੱਯਾਸ਼ੀ ਨਹੀਂ ਕਰ ਸਕਦਾ। ਮੇਰੇ ਲਈ ਕੰਮ ਬਹੁਤ ਹਨ। ਸਮਾਂ ਘੱਟ ਹੈ ਫਿਰ ਵੀ ਹਾਲੀ ਥੋੜ੍ਹਾ ਸਮਾਂ ਹੈ।

ਸ਼ਮਸ਼ੇਰ ਜਾੜ ਪੀੜ ਨਾਲ ਪੀੜਤ ਸੀ। ਤੱਤਾ ਠੰਡਾ ਪੀਂਦਾ ਖਾਂਦਾ ਸੀ ਤਾਂ ਜਾੜ੍ਹ ਦੀ ਪੀੜ ਅਸਹਿ ਹੋ ਜਾਂਦੀ ਸੀ। ਜਾੜ੍ਹ ਉੱਤੇ ਪੱਕੀ ਟੋਪੀ ਚੜ੍ਹਾਉਣ ਲਈ ਸ਼ਮਸ਼ੇਰ ਨੂੰ ਦੰਦਾਂ ਦੇ ਡਾਕਟਰ ਪਾਸ ਦਸ, ਦਸ ਦਿਨ ਦੀ ਵਿੱਥ ਉੱਤੇ ਚਾਰ ਵਾਰ ਜਾਣਾ ਪਿਆ। ਹਰ ਵਾਰ, ਅਗਾਊ ਵਕਤ ਲੈਣ ਦੇ ਬਾਵਜੂਦ ਵੀ ਦੋ ਤੋਂ ਤਿੰਨ ਘੰਟੇ ਉਡੀਕਣਾ ਪੈਂਦਾ ਸੀ। ਇੱਕ ਘੰਟਾ ਦੰਦ ਇਲਾਜ ਲਈ, ਇੱਕ ਖਾਸ ਢਾਲਵੀਂ ਕੁਰਸੀ ਉੱਤੇ ਅੱਧ ਲੇਟੀ ਹਾਲਤ ਵਿੱਚ ਬੈਠਣਾ ਪੈਂਦਾ ਸੀ। ਹਰ ਵਾਰ ਪੰਜ ਹਜ਼ਾਰ ਰੁਪਏ ਫੀਸ ਲੱਗ ਜਾਂਦੀ ਸੀ। ਇੱਕ ਜਾੜ੍ਹ ਠੀਕ ਹੋਈ। ਇੱਕ ਹੋਰ ਜਾੜ੍ਹ ਦੀ ਮੱਠੀ ਪੀੜ ਗਹਿਰੀ ਹੁੰਦੀ ਜਾ ਰਹੀ ਸੀ। ਫੇਰ ਏਨੀ ਲੰਮੀ ਕਸ਼ਟਮਈ ਵਿਧੀ ਵਿੱਚੋਂ ਦੀ ਗੁਜ਼ਰਨਾ ਪੈਣਾ ਸੀ। ਸ਼ਮਸ਼ੇਰ ਫਿਕਰਮੰਦ ਸੀ।

ਮੇਰੇ ਤਾਂ ਬੱਤੀ ਦੇ ਬੱਤੀ ਦੰਦ ਕਾਇਮ ਸਨ। ਜਾੜ੍ਹਾਂ ਪੱਕੀਆਂ ਤੇ ਠੋਸ ਸਨ। ਮੈਂ ਦੰਦ-ਜਾੜ੍ਹ ਪੀੜਤ ਨਹੀਂ ਹਾਂ। ਲੱਤਾਂ ਵਿੱਚ ਦਰਦ ਹੈ ਤਾਂ ਕੀ ਹੋਇਆ। ਮੈਨੂੰ ਤੇਜ਼ ਤੁਰਨਾ ਪਵੇਗਾ। ਸਮਾਂ ਬਹੁਤ ਥੋੜ੍ਹਾ ਹੈ।

ਪਰਮਿੰਦਰ ਨੂੰ ਮਿਹਦੇ ਦੀਆਂ ਪੱਥਰੀਆਂ ਦੀ ਤਕਲੀਫ ਸੀ। ਪਰਮਿੰਦਰ ਲੁਧਿਆਣੇ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਹੋਇਆ। ਅਪਰੇਸ਼ਨ ਕਰਵਾਇਆ। ਚਾਰ ਦਿਨ ਹਸਪਤਾਲ ਰਿਹਾ। ਪਤਨੀ ਦੇਖ ਭਾਲ ਕਰਦੀ ਰਹੀ। ਲਖਬੀਰ ਨੂੰ ਪੇਟ ਪੱਥਰੀਆਂ ਬੇਆਰਾਮ ਕਰ ਰਹੀਆਂ ਸਨ। ਲਖਬੀਰ ਦੋਰਾਹਾ ਦੇ ਇੱਕ ਹਸਪਤਾਲ ਵਿੱਚ ਦਾਖਲ ਹੋਇਆ। ਪੱਥਰੀਆਂ ਦਾ ਇਲਾਜ ਕਰਵਾਇਆ। ਲਖਬੀਰ ਦਾ ਬੇਟਾ ਰੋਜ਼ ਹਸਪਤਾਲ ਜਾਂਦਾ ਰਿਹਾ। ਪਿਉਂ ਦੀ ਸੇਵਾ ਕਰਦਾ ਰਿਹਾ। ਪੱਥਰੀਆਂ ਦੇ ਰੋਗ ਨਾਲ ਹਸਪਤਾਲ ਭਰੇ ਪਏ ਹਨ। ਲੱਗਦਾ ਹੈ ਕਿ ਫੇਰ ਪੱਥਰ ਯੁੱਗ ਆ ਗਿਆ ਹੈ। ਮੈਂ ਜ਼ਾਲਮ ਦੇ ਪੱਥਰ ਮਾਰੇ ਵੀ, ਪੱਥਰ ਖਾਧੇ ਵੀ, ਪਰ ਮੈਂ ਪੱਥਰ ਨਹੀਂ ਬਣਿਆ। ਮੈਂ ਪੱਥਰ ਹਾਜ਼ਮ ਕਰ ਲੈ। ਮੈਨੂੰ ਫੌਲਾਦੀ ਮੁੱਕਾ ਬਨਣਾ ਪਵੇਗਾ। ਨੈਟ ਦੀ ਰਫ਼ਤਾਰ ਤੁਰਨਾ ਪਵੇਗਾ। ਸਮਾਂ ਬਹੁਤ ਥੋੜ੍ਹਾ ਹੈ।

ਸਕੂਲ ਵਿੱਚ ਅੱਖਾਂ ਦਾ ਫਰੀ ਜਾਂਚ ਕੈਂਪ ਲੱਗਾ। ਅੱਖਾਂ ਦੇ ਨਿੱਜੀ ਹਸਪਤਾਲਾਂ ਦੇ ਮਾਹਰ ਡਾਕਟਰ ਆਏ ਹਰ ਇੱਕ ਮਰੀਜ਼ ਨੂੰ ਡਾਕਟਰਾਂ ਨੇ ਆਪਣੀ-ਆਪਣੀ ਕਲੀਨਿਕ ਦਾ ਕਾਰਡ ਦਿੱਤਾ। ਅੱਖ ਦੀ ਕੋਈ ਵੀ ਤਕਲੀਫ਼ ਹੋਵੇ ਮੈਨੂੰ ਕਲੀਨਿਕ ਵਿੱਚ ਮਿਲ ਲੈਣਾ। ਦੋ ਸੌ ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਹਰ ਇੱਕ ਮਰੀਜ਼ ਦੀ ਅੱਖ ਵਿੱਚ ਕੋਈ ਨਾ ਕੋਈ ਨੁਕਸ ਸੀ। ਸਭ ਨੂੰ ਕਲੀਨਿਕ ਵਿੱਚ ਆਉਣ ਲਈ ਕਿਹਾ ਗਿਆ। ਲੱਗਦਾ ਸੀ ਪ੍ਰਾਂਤ ਦੇ ਸਾਰੇ ਆਗੂਆਂ ਦੀ ਨਜ਼ਰ ਖ਼ਰਾਬ ਸੀ। ਅੰਧਰਾਤੇ ਦੀ ਐਨਕ ਦੀ ਲੋੜ ਸੀ। ਦਿਨੇ ਹੀ ਕਾਲੀ ਐਨਕ ਲਗਾ ਕੇ ਤੁਰਨਾ ਜ਼ਰੂਰੀ ਸੀ। ਡਾ. ਰਮੇਸ਼ ਨੇ ਮੇਰੀਆਂ ਅੱਖਾਂ ਦੀ ਜਾਂਚ ਕੀਤੀ। 'ਤੁਸੀਂ ਅੱਖਾਂ ਪਾਸੋਂ ਪੜ੍ਹਨ ਲਿਖਣ ਲਈ ਵੱਧ ਕੰਮ ਲੈਂਦੇ ਹੋ। ਲੈਨਜ਼ ਪਾਉਣੇ ਪੈਣਗੇ।' ਡਾ. ਰਮੇਸ਼ ਨੇ ਕਿਹਾ। ਉਸਨੇ ਮੇਰੀਆਂ ਦੋਹਾਂ ਅੱਖਾਂ ਵਿੱਚ ਮਹੀਨੇ ਦੀ ਵਿੱਥ ਉੱਤੇ ਵਾਰੀ ਵਾਰੀ ਲੈਨਜ਼ ਫਿਟ ਕਰ ਦਿੱਤੇ। ਕੋਈ ਪੈਸਾ ਨਹੀਂ ਲਿਆ-ਤੁਸੀਂ ਲੋਕਾਂ ਲਈ ਨਵੀਂ ਰੋਸ਼ਨੀ, ਨਵੀਂ ਨਜ਼ਰ ਦੇਣ ਲਈ ਲਿਖਦੇ ਹੋ। ਇਹ ਮੇਰੇ ਵੱਲੋਂ ਤੁਹਾਡੀ ਲੋਕ ਦਰਦੀ ਕਲਮ ਨੂੰ ਛੋਟਾ ਜਿਹਾ ਇਨਾਮ। ਵੱਡੇ ਇਨਾਮ ਲਈ ਮੈਨੂੰ ਵੱਡਾ ਕੰਮ ਕਰਨਾ ਪਵੇਗਾ। ਛੇਤੀ ਤੁਰਾਂ। ਸਮਾਂ ਬਹੁਤ ਥੋੜ੍ਹਾ ਹੈ।

ਮਈ 2015 ਦਿੱਲੀ ਦੇ ਜੰਤਰ ਮੰਤਰ ਮੈਦਾਨ ਵਿੱਚ ਰਾਜਸਥਾਨ ਦੇ ਦੌਸਾ ਪਿੰਡ ਦੇ ਕਿਸਾਨ ਗਜੇਂਦਰ ਸਿੰਘ ਆਪਣੀ ਪਗੜੀ ਦਾ ਫਾਹਾ ਬਣਾ ਕੇ ਇੱਕ ਬਿਰਖ ਨਾਲ ਲਟਕ ਗਿਆ। ਦਿੱਲੀ ਦਾ ਵੱਡਾ ਤਖਤ ਇੱਕ ਪਲ ਕੰਬਿਆ। ਪਰ ਪੰਜਾਬ ਵਿੱਚ ਕੋਈ ਦਿਨ ਖਾਲੀ ਨਹੀਂ ਜਾਂਦਾ ਜਦੋਂ ਇੱਕ ਦੋ ਕਰਜ਼ੇ ਹੇਠ ਦੱਬੇ, ਕਿਸਾਨ ਆਤਮਹੱਤਿਆ ਕਰਨ ਲਈ ਮਜਬੂਰ ਨਹੀਂ ਹੁੰਦੇ। ਭਾਰਤ ਦੇ ਪ੍ਰਤੀ ਕਿਸਾਨ ਪਰਿਵਾਰ ਦੇ ਸਿਰ ਬੈਂਕਾਂ ਦਾ 1.10 ਲੱਖ ਰੁਪਏ ਦਾ ਕਰਜ਼ਾ ਹੈ। ਪੰਜਾਬ ਦੇ ਵਿੱਚ ਵਿਭਾਗ ਅਨੁਸਾਰ ਦੇ ਕਿਸਾਨਾਂ ਦੇ 31 ਮਾਰਚ 2015 ਤੱਕ ਬੈਂਕਾਂ ਦਾ 69, 449 ਕਰੋੜ ਰੁਪਏ ਦਾ ਕਰਜ਼ਾ ਸੀ। ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਦੇ ਸਿਰ 2006 ਵਿੱਚ 1.78 ਲੱਖ ਰੁਪਏ ਦਾ ਕਰਜ਼ਾ ਸੀ, ਵੱਧਕੇ 2.18 ਲੱਖ ਰੁਪਏ ਹੋ ਗਿਆ। ਪੰਜਾਬ ਦੇ 88% ਕਿਸਾਨ ਕਰਜ਼ਾਈ ਹਨ। ਪੰਜਾਬ ਦੇ ਕਰੀਬ 20, 237 ਆੜ੍ਹਤੀ ਸਰਕਾਰ ਪਾਸੋਂ ਕਿਸਾਨਾਂ ਦੀ ਜਿਨਸ ਦੇ ਪੈਸੇ ਲੈ ਕੇ ਢਾਈ ਪ੍ਰਤੀਸ਼ਤ ਕਮਿਸ਼ਨ ਹਾਸਲ ਕਰਕੇ, ਬੈਠੇ ਬਿਠਾਏ ਹੀ 2500 ਕਰੋੜ ਆਪਣੀ ਜੇਬ ਵਿੱਚ ਪਾ ਲੈਂਦੇ ਹਨ। ਕਿਸਾਨਾਂ ਦੇ ਸਿਰ ਆੜ੍ਹਤੀਆਂ ਦਾ 35,000 ਕਰੋੜ ਰੁਪਏ ਦਾ ਕਰਜ਼ਾ ਹੈ। ਬੈਂਕਾਂ ਦਾ ਕਰਜ਼ਾ 43000 ਕਰੋੜ ਰੁਪਏ ਦਾ ਹੈ। ਕਿਸਾਨ ਵਿਚਾਰਾ ਕੀ ਕਰੇ। ਕੇਂਦਰੀ ਸਰਕਾਰ ਦੀ ਇੱਕ ਰਿਪੋਰਟ ਅਨੁਸਾਰ 1995-2011 ਤੱਕ 2, 90, 740 ਕਿਸਾਨ ਖੁਦਕਸ਼ੀ ਕਰਨ ਲਈ ਮਜ਼ਬੂਰ ਹੋਏ। ਇਹਨਾਂ ਖੁਦਕੁਸ਼ੀਆਂ ਵਿੱਚ ਵੱਡਾ ਹਿੱਸਾ, ਪੰਜਾਬ ਦੇ ਕਿਸਾਨਾਂ ਦਾ ਹੈ। ਆਉ ਪੰਜਾਬ ਦੇ ਕਿਸਾਨਾਂ ਨੂੰ ਬਚਾਉਣ ਲਈ ਕੁਝ ਹੰਭਲਾ ਮਾਰੀਏ। ਸਮਾਂ ਬਹੁਤ ਥੋੜ੍ਹਾ ਹੈ।

ਕਿਸਾਨ, ਮਜ਼ਦੂਰ, ਕਿਰਤੀ ਦੀ ਜੇਬ ਖਾਲੀ ਹੈ। ਮਾੜੀ ਮੋਟੀ ਰੋਜ਼ਗਾਰ ਵੀ ਖੋਹੀ ਜਾ ਰਹੀ ਹੈ। ਟੈਕਸ, ਪੁਲਸੀ ਦਹਿਸ਼ਤ ਤੇ ਮਾਫੀਆਂ ਧਮਕੀਆਂ, ਉਗਰਾਹੀਆਂ ਕਾਰਨ ਕੰਮ-ਕੇਂਦਰ ਬੰਦ ਹੋ ਰਹੇ ਹਨ। 2011-12 ਵਿੱਚ ਖੰਨਾ ਤੇ ਮੰਡੀ ਗੋਬਿੰਦਗੜ੍ਹ ਵਿਖੇ 688 ਸਨਅਤੀ ਇਕਾਈਆਂ ਬੰਦ ਹੋ ਗਈਆਂ। ਪੰਜਾਬ ਵਿੱਚ 17,777 ਉਦਯੋਗਿਕ ਇਕਾਈਆਂ ਬੰਦ ਹੋ ਗਈਆਂ। ਇਕੱਲੇ ਅੰਮ੍ਰਿਤਸਰ ਵਿੱਚ ਹੀ 8000 ਸਨਅਤੀ ਅਦਾਰਿਆਂ ਨੇ ਕੰਮ ਠੱਪ ਕਰ ਦਿੱਤਾ ਭਾਵੇਂ ਅਖ਼ਬਾਰਾਂ ਵਿੱਚ ਲਖਾਂ ਰੁਪਈਆਂ ਦੇ ਵੱਡੇ ਵੱਡੇ ਇਸ਼ਤਿਹਾਰ ਛਪਵਾਏ ਹਨ। ਵਧੀਆ ਬੁਨਿਆਦੀ ਢਾਂਚੇ ਵਿੱਚ ਭਾਰਤੀ

ਪ੍ਰਾਂਤਾਂ ਵਿੱਚੋਂ ਪੰਜਾਬ ਨੰਬਰ ਵਨ ਉੱਤੇ ਹੈ, ਪਰ ਅਸਲੀਅਤ ਇਹ ਹੈ ਕਿ ਐਸੋਸੀਏਸ਼ਨ ਆਫ ਕੌਮਰਸ ਤੇ ਇੰਡਸਟਰੀ ਦੇ ਸਰਵੇਖਣ ਅਨੁਸਾਰ ਪੰਜਾਬ ਵਿੱਚ, ਪਿਛਲੇ ਅੱਠ ਸਾਲਾਂ ਵਿੱਚ ਪੂੰਜੀ ਨਿਵੇਸ਼ ਵਿੱਚ 93% ਕਮੀ ਆਈ ਹੈ। ਏਸੇ ਸਮੇਂ ਕੌਮੀ ਪੱਧਰ ਉੱਤੇ ਨਿਵੇਸ਼ 44% ਵਧਿਆ ਹੈ ਪਰ ਪੰਜਾਬ ਵਿੱਚ 93 ਨਿਵੇਸ਼ ਘਟਿਆ ਹੈ, ਭਾਵੇਂ ਸਨਅਤਕਾਰਾਂ ਨੂੰ ਖਿਚਣ ਲਈ, ਪੰਜਾਬ ਵਿੱਚ ਕਈ ਮਹਿੰਗੇ ਸਨਅਤੀ ਸਮੇਲਨ, ਪਰਵਾਸੀ ਭਾਰਤੀ ਸਮੇਲਨ ਹੋਏ ਹਨ। ਕਰੋੜਾਂ ਰੁਪਏ ਖਰਚੇ ਗਏ ਹਨ। ਵਿਦੇਸ਼ਾਂ ਵਿੱਚ ਮੰਤਰੀ ਨਿਵੇਸ਼ ਲਈ ਪ੍ਰਚਾਰ ਕਰਨ ਗਏ ਹਨ। ਪੈਰ-ਪੈਰ ਉੱਤੇ ਖੱਜਲ ਖੁਆਰੀ ਹਰ ਪ੍ਰਜੈਕਟ ਵਿੱਚੋਂ ਵੱਡੇ ਬੰਦਿਆਂ ਦੀ ਕਥਿਤ ਹਿੱਸਾਪਤੀ ਤੇ ਕਮਿਸ਼ਨ। ਪੰਜਾਬ ਦੀ ਧਰਤੀ, ਪਾਣੀ, ਹਵਾ, ਰਾਜਸੀ-ਆਰਥਿਕ ਢਾਂਚਾ, ਸਾਰੇ ਦੂਸ਼ਿਤ ਹੋ ਚੁੱਕੇ ਹਨ, ਭ੍ਰਿਸ਼ਟ ਹੋ ਚੁੱਕੇ ਹਨ। ਨਿਵੇਸ਼ ਕਿਵੇਂ ਹੋਵੇ। ਨਵੀਆਂ ਨੌਕਰੀਆਂ ਕਿਵੇਂ ਪੈਦਾ ਹੋਣ। ਬੇਰੋਜ਼ਗਾਰੀ ਕਿਵੇਂ ਘਟੇ। ਜਿਸ ਦੇਸ਼ ਦਾ ਰਾਜਾ ਤੇ ਉੱਚ ਅਹਿਲਕਾਰ ਹੋਣ ਵਪਾਰੀ। ਉਸ ਦੇਸ਼ ਦੇ ਬਹੁਤੇ ਲੋਕਾਂ ਦੀ ਨਹੀਂ ਆਉਂਦੀ ਵਾਰੀ। ਟਰਾਂਸਪੋਰਟ, ਮੀਡੀਆ, ਕਾਰਖਾਨਿਆਂ, ਮਿੱਲਾਂ ਉੱਤੇ ਅਹਿਲਕਾਰਾਂ ਦਾ ਕਬਜ਼ਾ ਹੋਏ। ਉਹ ਆਪਣੇ ਵਪਾਰਕ ਹਿੱਤ ਪਾਲਣਗੇ ਨਾ ਕੇ ਜਨਸਾਧਾਰਨ ਦੇ। ਵੱਡੇ ਉਦਯੋਗਪਤੀਆਂ, ਅਮੀਰ ਘਰਾਣਿਆਂ ਨੇ ਕੌਮੀ ਬੈਂਕਾਂ ਪਾਸੋਂ ਲਿਆ ਅਰਬਾਂ ਰੁਪਇਆ ਦਾ ਕਰਜ਼ਾ ਮੋੜਿਆ ਨਹੀਂ। ਐਨ. ਪੀ. ਏ., ਵੱਟੇ ਖਾਤੇ ਪਾ ਕੇ ਖ਼ਤਮ ਕਰਵਾ ਲਿਆ ਹੈ ਇਹ ਅਮਲ ਜਾਰੀ ਹੈ। ਪਰ ਗਰੀਬ ਕਿਸਾਨ, ਖੇਤ ਮਜ਼ਦੂਰਾਂ ਵੱਲੋਂ ਲਿਆ ਥੋੜਾ ਜਿਹਾ ਕਰਜ਼ਾ, ਕੁਰਕੀਆਂ ਗ੍ਰਿਫ਼ਤਾਰੀਆਂ ਤੇ ਖੁਦਕੁਸ਼ੀਆਂ ਦਾ ਕਾਰਨ ਬਣਦਾ ਹੈ। ਇਹ ਸਪਤ ਸਿੰਧੂ ਸਾਡਾ ਹੈ। ਆਓ ਪੰਜ-ਆਬ ਦੀ ਆਬਰੂ ਬਚਾਈਏ। ਸਿੰਘਾਸਨ ਉਲਟਾਈਏ। ਸਮਾਂ ਬਹੁਤ ਥੋੜਾ ਹੈ।

ਮੁੰਬਈ ਵਿਖੇ ਮੁਕੇਸ਼ ਅੰਬਾਨੀ ਦਾ ਘਰ ਚਾਰ ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਬਣ ਰਿਹਾ ਹੈ, 24 ਮੰਜ਼ਲਾ ਅਨਤੀਲੀਆ ਮਹਿਲ। ਹੈਲੀਪੈਡ ਹੋਵੇਗਾ, ਬਾਗ ਹੋਵੇਗਾ, ਤੈਰਾਕੀ ਤਲਾਬ ਹੋਵੇਗਾ ਤੇ ਸਿਨਮਾ ਥੀਏਟਰ ਵੀ। ਮੁਹਾਲੀ ਜ਼ਿਲ੍ਹੇ ਦੇ ਪਿੰਡ ਪਲਣਪੁਰ ਵਿੱਚ ਸਤ-ਤਾਰਾ ਸ਼ਾਹੀ ਮੈਟਰੋ ਈਕੋ ਗਰੀਨ ਰਿਜ਼ੋਰਟਸ ਬਣ ਰਿਹਾ ਹੈ। ਪੰਜਾਬ ਦੀਆਂ ਭਾਵੇਂ ਸਾਰੀਆਂ ਪੇਂਡੂ ਸੜਕਾਂ ਟੋਏ ਤੇ ਰੋੜੇ ਹਨ-ਪਰ ਪਲਣਪੁਰ ਹੋਟਲ ਨੂੰ ਜਾਂਦੀ 13 ਕਿਲੋਮੀਟਰ 100 ਫੁੱਟ ਚੌੜੀ ਸੜਕ ਤੇਜ਼ੀ ਨਾਲ ਉਸਰ ਰਹੀ ਹੈ। ਸੜਕਾਂ ਤੇ ਪੁਲ ਕਾਗਜ਼ਾਂ ਉੱਤੇ ਬਣਦੇ ਹਨ-ਪਹਿਲੀ ਬਾਰਸ਼ ਨਾਲ ਕਾਗਜ਼ ਦੀਆਂ ਕਿਸ਼ਤੀਆਂ ਬਣ ਕੇ ਚੱਪਾ-ਚੱਪਾ ਪਾਣੀ ਵਿੱਚ ਰੁੜ ਜਾਂਦੀਆਂ ਹਨ। ਵੱਡੀ ਸੜਕ ਹਾਲੀ ਬਣ ਹੀ ਰਹੀ ਹੁੰਦੀ ਹੈ। ਸੜਕ ਹਾਲੀ ਅੱਧੀ ਵੀ ਨਹੀਂ ਬਣੀ ਹੁੰਦੀ ਕਿ ਕਰੋੜ ਪਤੀ ਕੰਪਨੀ ਟਾਲ ਪਲਾਜ਼ਾ ਲਗਾ ਦਿੰਦੀ ਹੈ- ਮਹੀਨੇ ਦੀ ਕਮਾਈ ਕਰੋੜਾਂ ਰੁਪਈਆਂ ਵਿੱਚ ਹੁੰਦੀ ਹੈ। ਲੋਕਾਂ ਨੂੰ ਦੂਹਰੀ ਮਾਰ ਪੈਂਦੀ ਹੈ। ਟਾਲ ਪਲਾਜ਼ਾ ਫ਼ੀਸ ਵੀ ਅਤੇ ਰੋਡ ਟੈਕਸ ਵੀ ਸੜਕਾਂ ਹੱਡ ਤੋੜਦੀਆਂ ਤੇ ਟਾਇਰ ਪਾੜ ਹੁੰਦੀਆਂ ਹਨ। ਜੇ ਸੜਕਾਂ ਵਿੱਚ ਨਿਰੇ ਟੋਏ ਤੇ ਖਿਲਰੇ ਪੱਥਰ ਹਨ ਤਾਂ ਵੱਡੇ ਬੰਦਿਆਂ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ, ਨਾ ਹੀ ਕੋਈ ਅਹਿਸਾਸ ਉਹ ਤਾਂ ਸਰਕਾਰੀ ਹੈਲੀਕਾਪਟਰ ਉੱਤੋਂ ਘੱਟ ਹੀ ਪੈਰ ਥੱਲੇ ਲਾਹੁੰਦੇ ਹਨ। ਮੰਤਰੀਆਂ, ਵਿਧਾਇਕਾਂ, ਚੇਅਰਮੈਨਾਂ, ਅਫ਼ਸਰਾਂ ਨੂੰ ਟੁੱਟੀਆਂ ਸੜਕਾਂ ਦਿਸਦੀਆਂ ਹੀ ਨਹੀਂ, ਕਿਉਂਕਿ ਉਨ੍ਹਾਂ ਪਾਸ ਸ਼ਾਕ-ਪਰੂਫ ਸਰਕਾਰੀ ਲਗਜ਼ਰੀ ਗੱਡੀਆਂ ਹੁੰਦੀਆਂ ਹਨ। ਸਦਰ, ਉਪ ਸਦਰ, ਮੰਤਰੀਆਂ ਦੇ ਵਾਹਨਾਂ ਦਾ ਰੋਜ਼ਾਨਾ ਔਸਤਨ 2.43 ਲੱਖ ਰੁਪਏ ਹੁੰਦਾ ਹੈ। ਸੀ. ਐਮ. ਦੇ ਸਰਕਾਰੀ ਹੈਲੀਕਾਪਟਰ ਦਾ ਰੋਜਾਨਾ ਖਰਚ ਤਿੰਨ ਲੱਖ ਰੁਪਏ ਹੈ। ਉਪ ਮੁੱਖ ਮੰਤਰੀ ਦਾ ਬਿਆਨ ਸੀ ਕਿ ਪੰਜਾਬ ਵਿੱਚ ਡੇਢ ਲੱਖ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ, ਕੁਝ ਦਿਨ ਬਾਅਦ ਫੇਰ ਬਿਆਨ ਆਇਆ ਕਿ ਨਿੱਜੀ ਕੰਪਨੀਆਂ ਦੀ ਸਾਂਝ ਪਿਆਲੀ ਨਾਲ ਇੱਕ ਲੱਖ ਨੌਕਰੀਆਂ ਦਿੱਤੀਆਂ ਜਾਣਗੀਆਂ। ਪੜ੍ਹੇ ਲਿਖੇ ਕਾਬਲ ਨੌਜਵਾਨਾਂ ਲਈ ਨੌਕਰੀਆਂ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਸੇਵਾ ਮੁਕਤੀ ਦੀ ਉਮਰ ਤੋਂ ਬਾਅਦ ਕਿਸੇ ਵੀ ਅਫ਼ਸਰ, ਅਧਿਕਾਰੀ, ਅਧਿਆਪਕ ਨੂੰ ਐਕਸਟੈਂਸ਼ਨ ਨਾ ਦਿੱਤੀ ਜਾਵੇ। ਪਰ ਅਫ਼ਸਰ, ਅਧਿਕਾਰੀ, ਅਧਿਆਪਕ ਨਿਸ਼ਚਿਤ ਮਿਤੀ ਉੱਤੇ ਸੇਵਾ ਮੁਕਤ ਕਰਨਾ ਲਾਜ਼ਮੀ ਹੋਵੇ। ਵਾਧੂ ਪੁਲਸ ਜਿਲ੍ਹੇ ਖ਼ਤਮ ਕਰਦੇ, ਪੁਲਸ ਤੇ ਸਿਵਲ ਅਫ਼ਸਰਾਂ ਅਧਿਕਾਰੀਆਂ ਦੀ ਗਿਣਤੀ ਅੱਧੀ ਕਰ ਦਿੱਤੀ ਜਾਵੇ। ਵਾਧੂ ਮੰਤਰੀ, ਗੈਰ ਸੰਵਿਧਾਨਕ ਤੌਰ ਉੱਤੇ ਰੱਖੇ ਸਾਰੇ 21 ਮੁੱਖ ਸੰਸਦੀ ਸਕੱਤਰ ਤੇ ਉਨ੍ਹਾਂ ਦਾ ਸਾਰਾ ਅਮਲਾ ਹਟਾਇਆ ਜਾਵੇ, ਘਾਟੇ ਵਿੱਚ ਜਾ ਰਹੇ ਕਮਿਸ਼ਨਾਂ, ਨਿਗਮਾਂ ਦੇ ਚੇਅਰਮੈਨ, ਉਪ ਚੇਅਰਮੈਨ ਤੇ ਇਹਨਾਂ ਦਾ ਸਾਰਾ ਅਮਲਾ ਹਟਾਇਆ ਜਾਵੇ। ਸਰਕਾਰੀ ਸਮਾਗਮਾਂ, ਉਦਘਾਟਨਾਂ, ਸਮੇਂ ਬੇਤਹਾਸ਼ਾ ਖਰਚ ਘੱਟ ਕੀਤਾ ਜਾਵੇ। ਸਲਾਹਕਾਰ, ਪ੍ਰੈਸ ਸਲਾਹਕਾਰ, ਨਿੱਜੀ ਤੇ ਸਿਆਸੀ ਸਲਾਹਕਾਰ ਹਟਾਏ ਜਾਣ, ਸਰਕਾਰੀ ਖਜ਼ਾਨੇ ਵਿੱਚੋਂ ਮੋਟੀ ਤਨਖਾਹ ਲੈ ਰਹੇ ਡੇਢ ਸੌ ਦੇ ਕਰੀਬ ਲਾਅ ਅਫ਼ਸਰ ਹਟਾ ਕੇ ਦਸ ਲਾਅ ਅਫ਼ਸਰ ਹੀ ਰੱਖੇ ਜਾਣ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਕੋਲ ਦੇਣ ਲਈ ਨੌਕਰੀਆਂ ਤਾਂ ਹਨ ਨਹੀਂ ਫੇਰ ਕਮਿਸ਼ਨ ਦੇ ਬਾਰਾਂ ਮੈਂਬਰ ਕੀ ਕਰਦੇ ਹਨ, ਕਮਿਸ਼ਨ ਦੇ ਸਿਰਫ ਤਿੰਨ ਮੈਂਬਰ ਹੋਣੇ ਚਾਹੀਦੇ ਹਨ। ਕ੍ਰਿਕਟ ਵਰਗੀ ਕਰੋੜਪਤੀਆਂ ਦੀ ਵਪਾਰਕ ਖੇਡ ਲਈ ਮਨੋਰੰਜਨ ਟੈਕਸ ਮਾਫ਼ ਨਹੀਂ ਹੋਣਾ ਚਾਹੀਦਾ, ਗਊਸ਼ਾਲਾਵਾਂ, ਡੇਰਿਆਂ ਹੋਰ ਐਸੇ ਸਥਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਨਹੀਂ ਹੋਣੀ ਚਾਹੀਦੀ। ਇਹਨਾਂ ਸਾਰਿਆਂ ਨਜਾਇਜ਼ ਖਰਚਿਆਂ ਤੋਂ ਬਚਿਆਂ ਕਰੋੜਾਂ ਰੁਪਇਆ, ਨਵੇਂ ਉਦਯੋਗ ਪੈਦਾ ਕਰਨ ਤੇ ਕਿਸਾਨਾਂ ਨੂੰ ਸਹੂਲਤਾਂ ਦੇਣ ਲਈ ਖਰਚਿਆ ਜਾਣਾ ਚਾਹੀਦਾ ਹੈ। ਬੇਰੋਜ਼ਗਾਰੀ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਰਹੇ ਨੌਜਵਾਨ ਤੇ ਕਿਸਾਨਾਂ ਨੂੰ ਬਚਾਇਆ ਜਾਣਾ ਚਾਹੀਦਾ ਹੈ। ਵਰਨਾ ਨੌਜਵਾਨ ਨੂੰ ਇਨਕਲਾਬੀ ਰਾਹ ਅਪਨਾਉਣ ਤੋਂ ਰੋਕਣਾ ਮੁਸ਼ਕਿਲ ਹੋਵੇਗਾ। ਸਮਾਂ ਬਹੁਤ ਥੋੜ੍ਹਾ ਹੈ।

ਥਾਂ-ਥਾਂ ਫਿਰਦਿਆਂ ਲੋਕਾਂ ਨੂੰ ਵੱਢਦੀਆਂ ਆਵਾਰਾ ਕੁੱਤਿਆਂ ਦੀਆਂ ਢਾਣੀਆਂ, ਮਨੁੱਖਾਂ ਨੂੰ ਢੁੱਡਾਂ ਨਾਲ ਜਾਨੋ ਮਾਰਨ ਵਾਲੇ ਅਵਾਰਾ ਸਾਨ੍ਹਾਂ ਨੂੰ ਮਾਰਨਾ ਮਨ੍ਹਾ ਹੈ। ਕੁੱਤਿਆਂ ਤੇ ਸਾਨ੍ਹਾਂ ਦੀ ਜਾਨ ਪਿਆਰੀ ਹੈ। ਫਿਰਕੂ ਜ਼ਹਿਰ ਨੇ ਅਤਿਵਾਦ ਦੇ ਵਿਰੋਧੀ ਲੋਕ ਪੱਖੀ ਡਾ. ਨਰਿੰਦਰ ਦਾਭੋਲਕਰ, ਗੋਬਿੰਦ ਪਨਸਾਰੇ, ਸਾਧੂ ਸਿੰਘ ਤਖਤੂਪੁਰ, ਪ੍ਰੋ: ਐਮ.ਐਮ. ਕੁਲਬੁਰਗੀ ਨੂੰ ਨਿਗਲ ਲਿਆ। ਵੱਧ ਰਿਹਾ ਹੈ-ਅੰਧ ਵਿਸ਼ਵਾਸ, ਕਰਮਕਾਂਡ, ਸੰਸਥਾਵਾ ਦਾ ਪੀਲਾਕਰਨ, ਉਪਭੋਗਤਾਵਾਦ, ਬੁਨਿਆਦਵਾਦ, ਸੰਪਰਦਾਇਕਤਾ, ਪੁਨਰ ਸੁਰਜੀਤੀਵਾਦ। ਪਾਖੰਡੀ ਸਾਧਾਂ, ਬਾਬਿਆਂ, ਸਵਾਮੀਆਂ, ਯੋਗੀਆਂ, ਭੋਗੀਆਂ ਨਾਲ ਮਿਲੀਆਂ ਹੋਈਆਂ ਹਨ, ਲਾਲ ਬੱਤੀ ਵਾਲੀਆਂ ਸਰਕਾਰੀ ਕਾਰਾਂ ਤੇ ਜ਼ੈਡ ਪਲੱਸ ਸਕਿਉਰਿਟੀ। ਮਨੁੱਖ ਚੌਰਾਹਿਆਂ ਉੱਤੇ ਭੀਖ ਮੰਗਦਾ, ਲੇਬਰ ਚੌਕਾਂ ਉੱਤੇ ਦਿਹਾੜੀ ਲਈ ਭੱਜਦਾ ਹੈ, ਬਚਪਨ ਰੂੜੀਆਂ ਫੋਲਦਾ ਹੈ। ਕਾਲਾ ਡੇਂਗੂ ਕਦੀ ਗਿਆ ਹੀ ਨਹੀਂ, ਚਿੱਟੀ ਮੱਖੀ ਹਾਜ਼ਰ ਹੈ, ਮਾਰੂ ਕਾਂਗਰਸ ਘਾਹ ਹੈ, ਜ਼ਹਿਰੀਲੀ ਅਮਰੀਕਨ ਸੁੰਡੀ ਹੈ, ਫੈਲ ਰਿਹਾ ਹੈ ਕੈਂਸਰ, ਨਿੱਤ ਹੋ ਰਿਹਾ ਕੰਜਕਾਂ ਦਾ ਬਲਾਤਕਾਰ ਹੈ, ਰਿਸ਼ਵਤਖੋਰੀ, ਮਾਲਦਾਰਾਂ ਦੀ ਟੈਕਸ-ਬਿਜਲੀ ਚੋਰੀ, ਮੁਨਾਫੇਖੋਰੀ, ਝੂਠੇ ਪੁਲਿਸ ਮੁਕਾਬਲੇ, ਝੂਠੇ ਗਵਾਹ, ਅਦਾਲਤਾਂ, ਵਕੀਲਾਂ ਦੇ ਕੈਬਨਾਂ ਵਿੱਚ ਮਹਿੰਗਾ ਵਿਕਦਾ ਨਿਆਂ, ਥਾਣੇ, ਜਿਹਲਾਂ, ਮਾਲਖਾਨੇ ਕਹਿਰ ਦੇ ਘਰ, ਟੈਕਸ ਹੋਰ ਟੈਕਸ, ਗਰੀਬੀ, ਭੁੱਖਮਰੀ, ਝੂਠ, ਫਰੇਬ, ਮੱਕਾਰੀ ਦੀ ਹਨੇਰੀ, ਬੇਗ਼ੈਰਤਾ, ਬੇਚੈਨੀ-ਮਾਨਸਿਕ ਰੋਗ, ਭੂਮੀਮਾਫੀਆ, ਟਰਾਂਸਪੋਰਟ ਮਾਫੀਆਂ, ਰੇਤ ਮਾਫੀਆਂ, ਡਰੱਗ, ਸ਼ਰਾਬ ਮਾਫੀਆ ਦਾ ਰਾਜ, ਅਨਪੜ੍ਹਤਾ, ਵਹਿਮਪ੍ਰਸਤੀ, ਪੁਜਾਰੀਆਂ ਦੇ ਵਿਹਲੇ ਚੇਲਿਆਂ ਦੀ ਲੱਖਾਂ ਦੀ ਗਿਣਤੀ, ਪ੍ਰਸਾਸ਼ਨ ਦੀ ਨਸ ਨਸ ਵਿੱਚ ਫੈਲਿਆ ਭ੍ਰਿਸ਼ਟਾਚਾਰ, ਵੱਡਿਆਂ ਦਾ ਵਹਿਲੜਪੁਣਾ, ਵੋਟਾਂ ਦੀ ਵਿਕਰੀ, ਅਧੀਨਤਾ, ਲੁੱਟਾਂ, ਖੋਹਾਂ, ਝਪਟਮਾਰਾਂ, ਅਗਵਾਹ, ਜਿਸਮਫਰੋਸ਼ੀ, ਨੰਗੇਜ, ਈਮਾਨਫਰੋਸ਼ੀ, ਜ਼ਹਿਰੀਲਾ ਪਾਣੀ, ਮਿਲਾਵਟ, ਕਾਕਿਆਂ ਦਾ ਖਰੂਦ, ਅਪਰਾਧੀਕਰਨ, ਟੁੱਟੀਆਂ ਸੜਕਾਂ, ਖਾਲੀ ਸਰਕਾਰੀ ਡਿਸਪੈਂਸਰੀਆਂ, ਮੀਡੀਆ ਉੱਤੇ ਚੱਲਦੇ ਅਸ਼ਲੀਲ ਡਾਂਸ, ਸ਼ਰਾਬ, ਬੰਦੂਕ ਦੇ ਗੀਤ, ਕੁਪੋਸ਼ਨ, ਕਾਲਾ ਧਨ, ਜੰਗਲਾਤਹੀਣਤਾ, ਦਰਜਨਾ ਮਜ਼ਹਬੀ ਜਨੂੰਨ ਦੇ ਚੈਨਲ, ਖੁਸ ਰਹੀਆਂ ਪੈਲੀਆਂ, ਫੈਲ ਰਹੇ ਸੋਨੇ ਲੱਦੇ ਧਾਰਮਿਕ ਅਸਥਾਨ, ਮਿਲਾਵਟੀ ਦਵਾਈਆਂ ਤੇ ਠੰਡਿਆਂ ਦੀ ਅਰਬਾਂ ਦੀ ਸਨਅਤ, ਸਾਰੇ ਵਪਾਰ ਸਾਰੀਆਂ ਪਦਵੀਆਂ

ਸਰਕਾਰੀ ਰਿਸ਼ਤੇਦਾਰਾਂ ਦੇ ਕਬਜ਼ੇ ਹੇਠ, ਗਰੀਬਾਂ ਲਈ ਕੱਚੀਆਂ ਤੇ ਠੇਕੇ ਉੱਤੇ ਆਰਜ਼ੀ ਭਰਤੀਆਂ, ਫਰਜ਼ੀ ਸਕੀਮਾਂ, ਜਾਹਲੀ ਯੂਨੀਵਰਸਿਟੀਆਂ, ਵਿਕਦੀਆਂ ਜਾਹਲੀ ਡਿਗਰੀਆਂ, ਕਿਰਾਏ ਦੀਆਂ ਰੈਲੀਆਂ, ਇੱਕ ਸਾਬਕਾ ਮੰਤਰੀ ਨੂੰ ਤਿੰਨ ਸਾਲ ਦੀ ਕੈਦ, ਇੱਕ ਕਰੋੜ ਰੁਪਏ ਜੁਰਮਾਨਾ, 11 ਸੰਪਤੀਆਂ ਜ਼ਬਤ, ਕੋਰਟ ਵੱਲੋਂ ਜਮਾਨਤ ਉੱਤੇ ਰਿਹਾਅ ਹੋਣ ਉੱਤੇ ਪੱਤਲਚੱਟਾਂ ਦੀ ਭੀੜ ਨੇ ਬੈਂਡ ਵਾਜੇ ਨਾਲ ਉਸ ਦਾ ਸਵਾਗਤ ਕੀਤਾ। ਸਿਖਰ ਉੱਤੇ ਹੈ ਚਾਪਲੂਸੀ, ਜੀ ਹਜ਼ੂਰੀ ਕਲਚਰ, ਵੱਡੇ ਮੁਨਾਫੇ ਉੱਤੇ ਚਲ ਰਹੀ ਹੈ ਟਰਾਂਸਫਰ ਤੇ ਪਰੋਮਸ਼ਨ ਟਰੇਡ, ਗੁਦਾਮਾਂ ਵਿੱਚ ਅਨਾਜ ਸਟੋਰ ਕਰਨ ਲਈ ਥਾਂ ਨਹੀਂ ਹੈ। ਲੱਖਾਂ ਟਨ ਅਨਾਜ, ਨੰਗੇ ਆਸਮਾਨ ਹੇਠ ਪਿਆ ਰੁਲਦਾ ਹੈ, ਚੂਹੇ ਤੇ ਕਬੂਤਰ ਰੱਜਦੇ ਹਨ, ਮਨੁੱਖ ਭੁੱਖਾ ਮਰਦਾ ਹੈ। ਸਰਕਾਰੀ ਸਿਆਸੀ ਆਗੂ ਤੇ ਚੜ੍ਹਾਵੇ ਦੀ ਮਾਇਆ ਖਾਣੇ ਪੁਜਾਰੀ, ਚੰਦ ਉੱਤੇ ਪਲਾਟ ਖਰੀਦ ਰਹੇ ਹਨ, ਕਿਰਤੀ ਕਾਮਾ, ਵਾਹੀਕਾਰ ਹਨੇਰੀਆਂ ਗੁਫਾਵਾਂ ਵਿੱਚ ਹੇਠਾਂ ਲਹਿੰਦਾ ਜਾ ਰਿਹਾ ਹੈ। ਮਿਹਨਤ ਲੁਟੇਰੇ ਮੰਤਰੀਆਂ, ਅਫਸਰਾਂ ਦੇ ਕੁੱਤੇ ਵਿਦੇਸ਼ੀ ਚਿਕਨ ਖਾਂਦੇ, ਵਿਦੇਸ਼ੀ ਏ.ਸੀ ਕਾਰਾਂ ਵਿੱਚ ਘੁੰਮਦੇ ਹਨ, ਮਿਹਨਤਕਸ ਟੁੱਟੀਆਂ ਸੜਕਾਂ ਉੱਤੇ ਨੰਗੇ ਪੈਰ ਲੁਕ ਪਾਉਂਦੇ ਹਨ।

ਕਰੋੜਾਂ ਦਿਹਾੜੀਦਾਰ ਔਰਤਾਂ ਪਾਸ ਇੱਕ ਹੀ ਸਾੜ੍ਹੀ ਹੈ, ਜੈ ਲਲਿਤਾ ਪਾਸ ਪੰਜ ਹਜ਼ਾਰ ਸਾਹੜੀਆਂ ਹਨ। ਝੁੱਗੀਆਂ ਝੋਪੜੀਆਂ ਵਿੱਚ ਰਹਿੰਦੇ ਲੱਖਾਂ ਬੱਚੇ ਨੰਗੇ ਪੈਰੀਂ ਤੁਰਦੇ ਰੱਦੀ ਵਸਤਾਂ ਇਕੱਠੀਆਂ ਕਰਦੇ ਹਨ, ਨਵ ਮਾਲਦਾ ਮਾਰਕੋਜ਼ ਮਾਇਆ ਦੇ ਮਹਿਲਾਂ ਦੇ ਤਿੰਨ ਕਮਰੇ, ਸਿਰਫ ਸੈਂਕੜੇ ਮੈਚਿੰਗ ਜੁੱਤੀਆਂ ਰੱਖਣ ਲਈ ਹੀ ਹਨ। ਢੱਠੇ ਘਰਾਂ, ਖੋਲਿਆਂ ਦੀਆਂ ਉਜਾੜ ਛੱਤ ਹੀਣੀਆਂ ਕੰਧਾਂ ਉੱਤੇ ਹੁਣ ਗਿਰਝਾਂ ਨਹੀਂ ਬੈਠੀਆਂ, ਆਵਾਰਾ, ਨਸ਼ੇੜੀ ਮੁੰਡੇ ਬੈਠਦੇ ਹਨ-ਸੂਟਾ ਲਾਉਂਦੇ ਹਨ, ਜ਼ਰਦਾ ਮਲਦੇ ਹਨ। ਆਉਂ ਇਹਨਾਂ ਉਦੇਸ਼ਹੀਣੇ ਮੁੰਡਿਆਂ ਨੂੰ ਸੰਘਰਸ਼ ਦਾ ਮੰਤਵ ਦੇਈਏ ਇਹਨਾਂ ਦੇ ਡੌਲਿਆਂ ਉੱਤੇ ਉਕਰੇ ਸ਼ੇਰਾਂ ਦੇ ਟੈਟੂਆਂ ਵਿੱਚ ਜਾਨ ਪਾਈਏ, ਗਿਦੜੋਂ ਸ਼ੇਰ ਬਣਾਈਏ। ਜ਼ੁਲਮ ਜਬਰ ਨਾਲ ਲੜਨਾ ਸਿਖਾਈਏ। ਸਮਾਂ ਬਹੁਤ ਥੋੜਾ ਹੈ।

ਵੰਸ਼ਰਾਜ, ਰਿਸ਼ਤੇਦਾਰ, ਰਿਸ਼ਵਤਰਾਜ ਪਨਪ ਰਿਹਾ ਹੈ। ਕਾਮੇ ਕਿਰਤੀ ਕਿਸਾਨ ਮਨਫੀ ਹੋ ਗਏ ਹਨ, ਚੰਗੇ ਮੁੰਡੇ ਪਰਵਾਸ ਕਰ ਗਏ ਹਨ। ਪੰਜਾਬ ਵਿੱਚ ਸਮਸ਼ਾਨਘਾਟ ਤੇ ਕਬਰਸਤਾਨ ਦਿਨ ਰਾਤ ਜਾਗਦੇ ਹਨ, ਧੁਖਦੇ ਹਨ। ਸ਼ਾਸਕੀ ਪ੍ਰਸਾਸ਼ਕੀ ਪਰਿਵਾਰਾਂ ਰਿਸ਼ਤੇਦਾਰਾਂ ਦੀਆਂ ਜਗੀਰਾਂ ਜਾਇਦਾਦਾਂ ਸਮੁੰਦਰੋਂ ਪਾਰ ਤੱਕ ਪਹੁੰਚ ਗਈਆਂ ਨੇ। ਮੁੱਕ ਰਿਹਾ ਹੈ ਵਿਰਸਾ, ਵਿਰਾਸਤ, ਪੰਜਾਬੀਪਨ। ਪੰਜਾਬ ਬਲਾਤਕਾਰਾਂ ਦਾ ਰਾਜ ਬਣ ਗਿਆ ਹੈ-ਹਰ ਰੋਜ਼ ਦੋ ਬੱਚੀਆਂ ਔਰਤਾਂ ਦਾ ਬਲਾਤਕਾਰ ਹੁੰਦਾ ਹੈ ਅਤੇ ਸੱਤ ਔਰਤਾਂ ਨਾਲ ਛੇੜਛਾੜ ਹੁੰਦੀ ਹੈ। ਘਰਾਂ ਵਿੱਚ ਸੱਥਰ ਵਿਛੇ ਹਨ-ਮੰਜੇ ਸੱਖਣੇ ਹਨ। ਬਹੁਤ ਡਾਕਟਰਾਂ ਤੇ ਜੱਲਾਦਾਂ ਵਿੱਚ ਫਰਕ ਮਿੱਟ ਗਿਆ ਹੈ। ਇਲਾਜ ਖੁਣੋ ਜਾ ਰਹੀਆਂ ਜਾਨਾਂ। ਪਰ ਮੁੱਖ ਹਾਕਮ ਦੀ ਪਤਨੀ ਦਾ ਇਲਾਜ ਅਮਰੀਕਾ ਵਿੱਚ ਹੁੰਦਾ ਹੈ- 3.14 ਕਰੋੜ ਰੁਪਏ ਬਿੱਲ ਲੋਕਾਂ ਦੇ ਖਜ਼ਾਨੇ ਵਿੱਚੋਂ ਜਾਂਦਾ ਹੈ। ਰਣਜੀਤ ਰਾਜ ਦੀ ਰਾਜਧਾਨੀ ਉੱਤੇ ਤਾਂ ਤਾਲਿਬਾਨ ਭਾਰੂ ਹਨ, ਕੈਲੇਫੋਰਨੀਆ ਰਾਜ ਦੇ ਸੁਪਨਿਆਂ ਦੇ ਖੰਭ ਸਮੁੰਦਰ ਵਿੱਚ ਝੜ ਕੇ ਡਿੱਗ ਪਏ ਗਏ। ਰੰਗੀਲਾ ਪੰਜਾਬ ਨਹੀਂ, ਨਸ਼ੀਲਾ ਪੰਜਾਬ ਹੈ। ਸ਼ੋਰੀਲਾ ਪੰਜਾਬ ਹੈ। ਰੰਗਲਾ ਪੰਜਾਬ ਨਹੀਂ ਕੰਗਲਾ ਪੰਜਾਬ ਹੈ। ਪੰਜ-ਆਬ, ਪੰਜ ਐਬ ਬਣ ਗਏ ਹਨ- ਨਸ਼ੇ, ਰੇਪ, ਡੇਰਾ ਭਗਤ, ਲੱਚਰ ਗੀਤ, ਨਿਪੁੰਨਸੁਕਤਾ। ਆਉ, ਸੇਵਾ ਰਾਜ ਨੂੰ ਬੇਵਾ ਰਾਜ ਬਨਣ ਤੋਂ ਬਚਾਈਏ। 1789, 1917, 1949, ਏਸੇ ਧਾਰਾਂ ਦੀ ਅਗਲੀ ਮਿਤੀ ਪੰਜਾਬ ਵਿੱਚ ਮਿਥੀਏ ਸਮਾਂ ਬਹੁਤ ਥੋੜਾ ਹੈ।

# ਸੱਚਾਈ ਤੋਂ ਕੋਹਾਂ ਦੂਰ ਨੇ ਇਹ ਜੋਤਸ਼ੀ ਮਹਾਰਾਜਾ

ਮੇਰਾ ਇਕ ਬਹੁਤ ਕਰੀਬੀ ਦੋਸਤ ਹੈ, ਜੋ ਇਕ ਦੁਕਾਨਦਾਰ ਹੈ, ਦੁਕਾਨਦਾਰੀ ਵਿੱਚ ਅਕਸਰ ਮੰਦਾ ਠੰਡਾ ਆਉਂਦਾ ਰਹਿੰਦਾ ਹੈ। ਪਰ ਉਹ ਅੰਧ ਵਿਸ਼ਵਾਸੀ ਤਾਂ ਨਹੀਂ ਹੈ। ਪਰ ਵਿਗਿਆਨ ਸੋਚ ਵਾਲਾ ਵੀ ਨਹੀਂ, ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦੇ ਆਮ ਲੋਕ ਹੁੰਦੇ ਨੇ, ਕੰਮ ਕਾਰ ਵਿੱਚ ਮੰਦਾ ਆਉਣ ਕਰਕੇ ਕਈ ਵਾਰ ਜ਼ਰੂਰਤ ਤੋਂ ਜਿਆਦਾ ਹੀ ਘਬਰਾ ਜਾਂਦਾ ਹੈ। ਤੇ ਉਸ ਦੇ ਆਪਣੇ ਦੱਸਣ ਅਨੁਸਾਰ ਉਹ ਇਕ ਵਾਰ ਜੋਤਸ਼ੀਆਂ ਦੀ ਸ਼ਰਨ ਵਿੱਚ ਚਲਾ ਗਿਆ ਜੋਤਸ਼ੀ ਨੇ ਉਸ ਨੂੰ ਆਪਣੀਆਂ ਗੱਲਾਂ ਵਿੱਚ ਉਲਝਾ ਲਿਆ ਤੇ ਕਈ ਨਗ਼ ਜੋ ਕਾਫੀ ਮਹਿੰਗੇ ਸਨ ਉਸ ਤੋਂ ਪੈਸੇ ਲੈ ਕੇ ਉਸ ਨੂੰ ਦੇ ਦਿੱਤੇ। ਜਦ ਮੇਰੇ ਨਾਲ ਉਸਨੇ ਨਗਾਂ ਸਬੰਧੀ ਗੱਲਬਾਤ ਕੀਤੀ ਤਾਂ ਮੈਂ ਕਿਹਾ ਕਿ ਨਗਾ ਨਾਲ ਕਿਸੇ ਦੀ ਵੀ ਕੋਈ ਸਮੱਸਿਆ ਹੱਲ ਨਹੀਂ ਹੋ ਸਕਦੀ। ਤਾਂ ਉਸ ਨੇ ਕਿਹਾ ਕਿ ਮੈਂ ਕੁਝ ਨਗ ਖ਼ੀਦ ਬੈਠਾ ਹਾਂ ਉਹ ਵਾਪਸ ਕਰਨ ਨੇ ਮੇਰੇ ਨਾਲ ਚੱਲ ਤਾਂ ਮੈਂ ਹਾਸੇ ਵਿੱਚ ਕਹਿ ਦਿੱਤਾ ਕਿ ਮੈਨੂੰ ਪੁੱਛ ਕੇ ਖ਼ੀਦੇ ਸਨ। ਤਾਂ ਥੋੜਾ ਨਰਾਜ਼ ਹੋਇਆ ਤੇ ਆਪ ਹੀ ਬਾਘਾ ਪੁਰਾਣਾ ਵਿਖੇ ਚਲਾ ਗਿਆ ਜਿਥੋਂ ਇਹ ਨਗ਼ ਲਏ ਸਨ। ਉਥੇ ਜਾਕੇ ਜੋਤਸ਼ੀ ਤੋਂ ਪੈਸੇ ਵਾਪਸ ਮੰਗੇ ਤਾਂ ਜੋਤਸ਼ੀ ਟਾਲ ਮਟੋਲ ਕਰਨ ਲੱਗਾ। ਤਾਂ ਝੱਟ ਉਸ ਨੇ ਜੋਤਸ਼ੀ ਨੂੰ ਕਿਹਾ ਮੈਂ ਤਰਕਸ਼ੀਲ ਸੁਸਾਇਟੀ ਵਾਲਿਆ ਨੂੰ ਸੱਦਦਾ ਹਾਂ ਤੂੰ ਮੇਰੇ ਨਾਲ ਠੱਗੀ ਮਾਰੀ ਹੈ ਤਾਂ ਜੋਤਸ਼ੀ ਨੇ ਬੁੜ ਬੁੜ ਕਰਦਿਆ ਪੈਸੇ ਵਾਪਿਸ ਕਰ ਦਿੱਤੇ।

ਫਿਰ ਉਹ ਫਰੀਦਕੋਟ ਤੋਂ ਇਕ ਤੋਤਲੇ ਤੇ ਅੱੜ ਅੱੜ ਕੇ ਬੋਲਦੇ ਜੋਤਸ਼ੀ ਦੇ ਸੰਪਰਕ ਵਿੱਚ ਆ ਗਿਆ। ਸਾਰਾ ਦਿਨ ਉਸਦੇ ਹੀ ਸੋਹਲੇ ਗਾਈ ਜਾਇਆ ਕਰੇ ਜੋਤਸ਼ੀ ਦਾ ਪਿਤਾ ਇਕ ਮੰਦਰ ਦਾ ਪੁਜਾਰੀ ਵੀ ਸੀ ਇਕ ਦਿਨ ਜੋਤਸ਼ੀ ਨੇ ਆਪਣੇ ਘਰ ਬੁਲਾ ਲਿਆ ਉਹਨਾਂ ਦੀ ਰਿਹਾਇਸ਼ ਮੰਦਰ ਵਿੱਚ ਬਣੇ ਇਕ ਵੱਖਰੇ ਪੋਰਸ਼ਨ ਵਿੱਚ ਸੀ ਤਾਂ ਜਦ ਉਹ ਘਰੇ ਗਿਆ ਤਾਂ ਮੰਦਰ ਦੇ ਪੁਜਾਰੀ ਜੋਤਸ਼ੀ ਨੇ ਉਸ ਨੂੰ ਇਕ ਵੱਖਰੇ ਕਮਰੇ ਵਿੱਚ ਬਿਠਾ ਦਿੱਤਾ ਤੇ ਆਪਣੀ ਲੜਕੀ ਨੂੰ ਆਵਾਜ਼ ਮਾਰਕੇ ਉਸ ਨੂੰ ਚਾਹ ਪਿਆਉਣ ਲਈ ਕਿਹਾ ਜਦ ਜੋਤਸ਼ੀ ਦੀ ਭੈਣ ਪੁਜਾਰੀ ਦੀ ਲੜਕੀ ਉਸ ਨੂੰ ਚਾਹ ਦੇਣ ਵਾਸਤੇ ਆਈ ਤਾਂ ਉਹ ਦੱਸਦਾ ਹੈ ਕਿ ਮੈਂ ਉਸ ਨੂੰ ਦੇਖਦਾ ਹੀ ਰਹਿ ਗਿਆ ਉਹ ਬਹੁਤ ਹੀ ਖੂਬਸੂਰਤ ਸੀ ਚਾਹ ਪੀਦਿਆਂ ਪੀਦਿਆਂ ਗੱਲਾਂ ਬਾਤਾਂ ਕਰਦਿਆਂ ਕਰਦਿਆਂ ਉਸ ਲੜਕੀ ਨੇ ਦੱਸਿਆ ਮੈਂ ਸ਼ਾਦੀ ਸ਼ੁਦਾ ਹਾਂ ਤੇ ਮੇਰੀ ਸਹੁਰਿਆ ਨਾਲ ਅਣਬਣ ਹੋ ਗਈ ਹੈ ਇਸ ਲਈ ਮੈਂ ਦੋ ਮਹੀਨਿਆਂ ਤੋਂ ਇੱਥੇ ਆਈ ਹੋਈ ਹਾਂ। ਬੱਸ ਪਤਾ ਨਹੀਂ ਚੱਲਿਆ ਸਾਡੀ ਦੋਸਤੀ ਹੋ ਗਈ ਤੇ ਦੋਸਤੀ ਵੀ ਇੰਨੀ ਗੂੜ੍ਹੀ ਹੋ ਗਈ ਅਸੀਂ ਹਰ ਰੋਜ਼ ਇਕ ਦੂਸਰੇ ਨੂੰ ਮਿਲਣ ਲੱਗੇ ਤਾਂ ਉਹ ਦੱਸਦਾ ਹੈ ਕਿ ਉਹ ਮੰਦਰ ਵਿੱਚ ਰਹਿਣ ਕਰਕੇ ਮੈਂ ਦਿਨ ਵਿੱਚ ਦੋ ਵਾਰ ਮੰਦਰ ਜਾਣ ਲੱਗਾ ਬੱਸ ਜਦੋਂ ਦਿਲ ਕਰਨਾ ਮੰਦਰ ਚਲੇ ਜਾਵਾ ਪਰ ਉਹ ਮੇਰਾ ਦੋਸਤ ਮੈਨੂੰ ਕਈ ਵਾਰ ਪੁੱਛਦਾ ਜੇ ਕਿ ਜੋਤਸ਼ੀਆਂ ਦੀਆਂ ਭੈਣਾ ਵੀ ਅਣਬਣ ਹੋਣ ਕਰਕੇ ਘਰ ਬੈਠ ਜਾਂਦੀਆਂ ਹਨ। ਤਾਂ ਫਿਰ ਇਹ ਟੇਵੇ ਮਲਾਉਣੇ, ਹੱਥ ਦੀਆਂ ਲਕੀਰਾਂ, ਪੱਤਰੀਆਂ ਕੱਢਣੀਆਂ ਕੀ ਇਹ ਸਭ ਬਕਵਾਸ ਨੇ ਜੇ ਸੱਚ ਨੇ ਤਾਂ ਜੋਤਸ਼ੀ ਦੀ ਭੈਣ ਆਪਣੇ ਮਾਂ ਬਾਪ ਕੋਲ ਕਿਉ ਰਹਿੰਦੀ ਹੈ। ਇਹ ਆਪਣਾ ਹੱਲ ਕਿਉਂ ਨਹੀਂ ਕਰਦੇ ਹੁਣ ਮੈਂ ਉਹਨਾਂ ਦੇ ਘਰ ਉਸ ਦੀ ਭੈਣ ਕਰਕੇ ਹੀ ਜਾਂਦਾ ਸੀ ਪਰ ਉਹਨਾਂ ਕਦੇ ਵੀ ਇਹ ਪਤਾ ਨਹੀਂ ਚੱਲਿਆ ਇਹ ਵਾਰ ਵਾਰ ਸਾਡੇ ਘਰ ਕਿਉਂ ਆਉਂਦਾ ਹੈ। ਜਦੋਂ ਵੀ ਉਹ ਪੁੱਛਦੇ ਕਿ ਕਿਵੇਂ ਆਇਆ ਹੈ ਤਾਂ ਮੈਂ ਆਪਣੀ ਦੁਕਾਨ ਦੇ ਕੰਮ ਦਾ ਮੁਦਾ ਹੋਵਾ ਦੱਸ ਛੱਡਦਾ ਤੇ ਉਹ ਮੈਨੂੰ ਉਪਾਅ ਦੱਸ ਛੱਡਦੇ। ਮੇਰੀ ਉਸ ਜੋਤਸ਼ੀ ਦੀ ਭੈਣ ਨਾਲ ਦੋਸਤੀ ਮੇਰੇ ਵਿਆਹ ਹੋਣ ਤੱਕ ਚਲੀ। ਮੇਰੇ ਦੋਸਤ ਨੇ ਦੱਸਿਆ ਕਿ ਇਕ ਦਿਨ ਮੈਂ ਪਤਾ ਕੀਤਾ ਉਸ ਜੋਤਸ਼ੀ ਤੋਂ ਤਾਂ ਜੋਤਸ਼ੀ ਨੇ ਦੱਸਿਆ ਕਿ ਉਸ ਦੀ ਭੈਣ ਦਾ ਤਲਾਕ ਹੋ ਗਿਆ ਉਹ ਹੁਣ ਮਲੋਟ ਵਿਖੇ ਵਿਆਹੀ ਹੈ ਬਹੁਤ ਵਧੀਆ ਪਰਿਵਾਰ ਹੈ। ਤਾਂ ਉਸ ਨੂੰ ਮੇਰੇ ਦੋਸਤ ਨੇ ਪੁੱਛਿਆ ਕਿ ਤੁਸੀਂ ਏਡੇ ਵੱਡੇ ਜੋਤਸ਼ੀ ਹੋ ਸਾਰਾ ਕੁਝ ਤੁਸੀਂ ਕਹਿੰਦੇ ਹੋ ਕਿ ਸਾਨੂੰ ਪਤਾ ਹੈ ਸਾਰੇ ਗ੍ਰਹਿ ਤੁਹਾਡੇ ਕਹੇ ਅਨੁਸਾਰ ਚਲਦੇ ਨੇ ਤੁਸੀਂ ਆਪਣੀ ਮਰਜ਼ੀ ਨਾਲ ਗ੍ਰਹਿ ਨੂੰ ਚਲਾ ਲੈਂਦੇ ਹੋ। ਸਾਰੇ ਉਪਾਅ ਕਰ ਲੈਂਦੇ ਹੋ ਤਾਂ ਤੁਹਾਡੇ ਨਾਲ ਇਹ ਘਟਨਾ ਕਿਵੇਂ ਵਾਪਰੀ ਤਾਂ ਜੋਤਸ਼ੀ ਦੀ ਬੋਲਤੀ ਬੰਦ ਹੋ ਗਈ। ਮੇਰਾ ਦੋਸਤ ਆਖਦਾ ਹੈ ਕਿ ਮੈਂ ਬਹੁਤ ਹੀ ਨੇੜੇ ਹੋ ਕੇ ਇਹਨਾਂ ਵਿੱਚ ਵਿਚਰਿਆ ਹਾਂ ਸੱਚਾਈ ਤੋਂ ਕੋਹਾਂ ਦੂਰ ਹੁੰਦੇ ਨੇ ਇਹ ਜੋਤਸ਼ੀ ਮਹਾਰਾਜ, ਇਹਨਾਂ ਨੂੰ ਕੱਖ ਪਤਾ ਨਹੀਂ ਹੁੰਦਾ।

-ਲਖਵਿੰਦਰ ਹਾਲੀ
ਪ੍ਰਧਾਨ, ਤਰਕਸ਼ੀਲ ਸੁਸਾਇਟੀ ਭਾਰਤ (ਰਜਿ) ਇਕਾਈ ਫਰੀਦਕੋਟ
98761-63421

# ਇਹ ਕਹਾਣੀ ਨਹੀਂ, ਹਕੀਕਤ ਹੈ।

ਰੋਪੜ ਤੋਂ ਬੱਸ ਬੈਠਾ ਸੀ। ਬੱਸ ਵਿੱਚ ਪੂਰੀ ਭੀੜ ਸੀ ਤੇ ਖੜ੍ਹਨ ਲਈ ਵੀ ਥਾਂ ਨਹੀਂ ਸੀ। ਹਿੰਮਤ ਜਿਹੀ ਕਰਕੇ ਬੱਸ ਦੇ ਵਿਚਾਲੇ ਜਿਹੇ ਪੁੱਜ ਗਿਆ ਤੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਇੱਕ ਤਿੰਨ ਵਿਅਕਤੀਆਂ ਵਾਲੀ ਸੀਟ ਤੇ ਇੱਕੋ ਵਿਅਕਤੀ ਬੈਠਾ ਸੀ ਤੇ ਬੈਠਾ ਵੀ ਚੌੜਾ ਹੋ ਕੇ ਸੀ। ਮੈਂ ਕੁੱਝ ਦੇਰ ਖੜ੍ਹਾ ਵੇਖਦਾ ਰਿਹਾ ਤੇ ਸੋਚਦਾ ਰਿਹਾ ਕਿ ਜਦੋਂ ਮੈਥੋਂ ਪਹਿਲਾਂ ਬੱਸ ਵਿੱਚ ਚੜ੍ਹੇ ਵਿਅਕਤੀ ਇਸ ਖਾਲੀ ਸੀਟ ਤੇ ਨਹੀਂ ਬੈਠੇ ਤਾਂ ਜ਼ਰੂਰ ਕੋਈ ਗੱਲ ਹੋਵੇਗੀ। ਤੇ ਉਸੇ ਹੀ ਬੱਸ ਵਿੱਚ ਇੱਕ ਗਰਭਵਤੀ ਔਰਤ ਵੀ ਇੱਕ ਬੱਚੇ ਨੂੰ ਉਂਗਲ ਲਾ ਕੇ ਬੜੀ ਮੁਸ਼ਕਿਲ ਨਾਲ ਖੜ੍ਹੀ ਸੀ ਤੇ ਇੱਕ ਬੀਮਾਰ ਜਾਪਦਾ ਬਜ਼ੁਰਗ ਵੀ ਖੜ੍ਹਾ ਸੀ। ਏਨੇ ਨੂੰ ਮੈਂ ਵੇਖਿਆ ਕਿ ਜਿਹੜੀ ਸੀਟ ਤੇ ਉਹ ਵਿਅਕਤੀ ਬੈਠਾ ਸੀ ਉਸ ਤੋਂ ਅਗਲੀ ਸੀਟ ਜੋ ਤਿੰਨ ਵਿਅਕਤੀਆਂ ਵਾਲੀ ਹੀ ਸੀ, ਉਹ ਵੀ ਜਮ੍ਹਾਂ ਖਾਲੀ ਸੀ ਤੇ ਉਸ ਤੇ ਵੀ ਕੋਈ ਨਹੀਂ ਬੈਠ ਰਿਹਾ ਸੀ।

ਮੈਂ ਸੋਚਿਆ ਕਿ ਸ਼ਾਇਦ ਲੋਕ ਵਹਿਮੀ ਹੋਣ ਕਿ ਇਸ ਸੀਟ ਤੇ ਕਿਸੇ ਮਾੜੀ ਆਤਮਾ ਦਾ ਸਾਇਆ ਸਮਝ ਰਹੇ ਹੋਣ ਤੇ ਮੈਂ ਹਿੰਮਤ ਜਿਹੀ ਕਰਕੇ ਖੱਲੀ ਸੀਟ ਤੇ ਬੈਠਣ ਹੀ ਲੱਗਿਆ ਸੀ ਕਿ ਬੱਸ ਦੇ ਕੰਡਕਟਰ ਨੇ ਮੈਨੂੰ ਦਬਕਾ ਮਾਰ ਕੇ ਬੈਠਣ ਤੋਂ ਪਹਿਲਾਂ ਹੀ ਉਠਾ ਦਿੱਤਾ। ਸਾਰੀਆਂ ਖੜ੍ਹੀਆਂ ਸਵਾਰੀਆਂ ਚੌਕੰਨੀਆਂ ਹੋ ਗਈਆਂ ਤੇ ਮੈਨੂੰ ਕਹਿਣ ਲੱਗੀਆਂ ਕਿ ਇਸ ਸੀਟ ਤੇ ਨਹੀਂ ਬੈਠਿਆ ਜਾ ਸਕਦਾ, ਇਹ ਸੀਟ ਰਿਜ਼ਰਵ ਹੈ।

ਕੰਡਕਟਰ ਭੀੜ ਨੂੰ ਚੀਰਦਾ ਹੋਇਆ ਮੇਰੇ ਕੋਲ ਆਇਆ ਤੇ ਕਹਿਣ ਲੱਗਿਆ ਕਿ ਇਸ ਸੀਟ ਤੇ ਨਹੀਂ ਬੈਠਿਆ ਜਾ ਸਕਦਾ, ਇਹ ਰਿਜ਼ਰਵ ਹੈ। ਮੈਂ ਕਿਹਾ ਕਿ ਮੈਂ ਟਿਕਟ ਦੇ ਪੈਸੇ ਦਿੱਤੇ ਨੇ ਤਾਂ ਉਸ ਨੇ ਕਿਹਾ ਕਿ ਇਸ ਸੀਟ ਦੇ ਉਸ ਵਿਅਕਤੀ ਨੇ ਦੁੱਗਣੇ ਪੈਸੇ ਦਿੱਤੇ ਨੇ, ਇਸ ਕਰਕੇ ਤੁਹਾਡਾ ਕੋਈ ਹੱਕ ਨਹੀਂ ਬਣਦਾ ਕਿ ਤੁਸੀਂ ਉਸ ਸੀਟ ਤੇ ਬੈਠ ਕੇ ਸਫਰ ਕਰੋ। ਜਦੋਂ ਮੈਂ ਕਿਹਾ ਕਿ ਸੀਟ ਤੇ ਕੋਈ ਨਹੀਂ ਬੈਠਾ ਤੇ ਮੈਂ ਬੈਠਣ ਦਾ ਹੱਕ ਰੱਖਦਾ ਹਾਂ ਤਾਂ ਉਸ ਨੇ ਉਹੀ ਘੜਿਆ ਘੜਾਇਆ ਜਵਾਬ ਦਿੱਤਾ ਕਿ ਏਨੇ ਲੋਕ ਖੜ੍ਹੇ ਨੇ, ਉਹ ਕੀ ਮੂਰਖ ਨੇ? ਤੂੰ ਵੀ ਖੜ੍ਹਿਆ ਰਹਿ।

ਜਦੋਂ ਮੈਂ ਉਸ ਵਿਅਕਤੀ ਵੱਲ੍ਹ ਵੇਖਿਆ ਤਾਂ ਉਹ ਵਿਅੰਗਮਈ ਹਾਸਾ ਹੱਸਿਆ ਅਤੇ ਹੋਰ ਚੌੜਾ ਹੋ ਕੇ ਬਹਿ ਗਿਆ। ਮੈਨੂੰ ਬੜਾ ਗੁੱਸਾ ਆ ਰਿਹਾ ਸੀ, ਪਰ ਸਾਰੇ ਲੋਕ ਹੀ ਸ਼ਾਂਤ ਸਨ। ਲੋਕਾਂ ਦੇ ਇਸ ਵਿਵਹਾਰ ਤੇ ਵੀ ਮੈਨੂੰ ਗੁੱਸਾ ਆ ਰਿਹਾ ਸੀ। ਜਿਹੜੀ ਅਗਲੀ ਸੀਟ ਬਿਲਕੁਲ ਖਾਲੀ ਸੀ ਉਹ ਉਸ ਵਿਅਕਤੀ ਨੇ ਅਪਣੀ ਗਰਲਫਰੈਂਡ ਵਾਸਤੇ ਬੁੱਕ ਕਰਵਾਈ ਸੀ।

ਜਦੋਂ ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ ਤਾਂ ਮੈਂ ਗੁੱਸੇ ਵਿੱਚ ਉਸ ਵਿਅਕਤੀ ਦੀਆਂ ਲੱਤਾਂ ਚੁੱਕ ਕੇ ਪਾਸੇ ਨੂੰ ਝਟਕੀਆਂ ਅਤੇ ਜ਼ਿੱਦ ਕੇ ਬੈਠ ਗਿਆ।ਬਾਕੀ ਸਵਾਰੀਆਂ ਮੇਰੇ ਵੱਲ੍ਹ ਘੂਰ ਘੂਰ ਕੇ ਅਤੇ ਤਰਸ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਸੀ ਕਿ ਹੁਣ ਪਤਾ ਨਹੀਂ ਕੀ ਹੋਵੇਗਾ।

ਉਸ ਵਿਅਕਤੀ ਦੇ ਟੋਕਣ ਤੋਂ ਪਹਿਲਾਂ ਹੀ ਕੰਡਕਟਰ ਭੱਜਾ ਆਇਆ ਅਤੇ ਮੈਨੂੰ ਬਾਂਹ ਤੋਂ ਫੜ ਕੇ ਖਿੱਚਣ ਲੱਗਿਆ। ਮੈਂ ਪੂਰਾ ਜ਼ੋਰ ਲਾ ਕੇ ਅੜ ਗਿਆ ਕਿ ਮੈਂ ਤਾਂ ਐਵੇਂ ਹੀ ਬਹਿ ਕੇ ਜਾਊਂਗਾ, ਹੁਣ ਨਹੀਂ ਮੈਂ ਉੱਠਦਾ। ਕੰਡਕਟਰ ਪੂਰਾ ਘਬਰਾਇਆ ਹੋਇਆ ਸੀ ਤੇ ਜਦੋਂ ਉਸ ਦੀ ਮੇਰੇ ਅੱਗੇ ਪੇਸ਼ ਨਾ ਚੱਲੀ ਤਾਂ ਉਸ ਨੇ ਸੀਟੀ ਮਾਰ ਕੇ ਬੱਸ ਰੋਕ ਦਿੱਤੀ।

ਹੁਣ ਬੱਸ ਉਦੋਂ ਹੀ ਚੱਲੇਗੀ, ਜਦੋਂ ਇਹ ਰਿਜ਼ਰਵ ਸੀਟ ਤੋਂ ਉੱਠੇਗਾ। ਕੰਡਕਟਰ ਦੇ ਇੰਝ ਕਹਿਣ ਨਾਲ ਸਵਾਰੀਆਂ ਵਿੱਚ ਘੁਸਰ-ਮੁਸਰ ਹੋਣ ਲੱਗ ਪਈ।ਸਭ ਅਪਣਾ-ਅਪਣਾ ਸਫਰ ਮੁਕਾਉਣ ਲਈ ਕਾਹਲ਼ੇ ਸਨ। ਬੀਮਾਰ ਬਜ਼ੁਰਗ ਬੇਹੋਸ਼ ਹੋ ਕੇ ਡਿੱਗ ਪਿਆ ਤੇ ਗਰਭਵਤੀ ਔਰਤ ਵੀ ਔਖੇ ਔਖੇ ਸਾਹ ਲੈ ਰਹੀ ਸੀ। ਡਰਾਈਵਰ ਬੱਸ ਦੀ ਚਾਬੀ ਕੱਢ ਕੇ ਡਰਾਈਵਰ ਸੀਟ ਤੋਂ ਉੱਠ ਕੇ ਪਾਸੇ ਹੋ ਗਿਆ। ਜਦੋਂ ਸਵਾਰੀਆਂ ਨੇ ਕੋਈ ਹੱਲ ਹੁੰਦਾ ਨਾ ਵੇਖਿਆ ਤਾਂ ਉਹਨਾਂ ਨੇ ਡਰਾਈਵਰ ਕੰਡਕਟਰ ਨੂੰ ਉਹਨਾਂ ਦੀ ਡਿਊਟੀ ਯਾਦ ਕਰਵਾਉਣ ਦੀ ਬਜਾਏ ਮੈਨੂੰ ਹੀ ਨਸੀਹਤਾਂ ਦੇਣ ਲੱਗ ਪਏ ਕਿ ਤੇਰੀ ਵਜਹਾ ਨਾਲ ਸਾਰੇ ਪ੍ਰੇਸ਼ਾਨ ਹੋ ਰਹੇ ਹਨ। ਉਸ ਅਮੀਰ ਵਿਅਕਤੀ ਨੂੰ ਕਹਿਣ ਦਾ ਕੋਈ ਵੀ ਵਿਅਕਤੀ ਹੌਸਲਾ ਨਹੀਂ ਕਰ ਰਿਹਾ ਸੀ।

ਆਖਿਰ ਮੈਨੂੰ ਲੋਕਾਂ ਦੀ ਬੇਵਸੀ ਅੱਗੇ ਗੋਡੇ ਟੇਕਣੇ ਪਏ ਤੇ ਭੀੜ ਵਿੱਚ ਭੀੜ ਬਣ ਕੇ ਸਾਰਾ ਸਫਰ ਖੜ੍ਹਾ ਹੋ ਕੇ ਹੀ ਕਰਨਾ ਪਿਆ।

------------

ਤੁਸੀਂ ਇਸ ਬਾਰੇ ਕੀ ਸੋਚਦੇ ਹੋ?

ਕੀ ਇਹ ਸਭ ਠੀਕ ਹੋ ਰਿਹਾ ਸੀ?

ਕੁੱਝ ਸਵਾਰੀਆਂ ਦਾ ਤਰਕ ਸੀ ਕਿ ਜਦੋਂ ਉਕਤ ਵਿਅਕਤੀ ਨੇ ਵਾਧੂ ਪੈਸੇ ਦੇ ਕੇ ਸੀਟ ਬੁੱਕ ਕਰਵਾਈ ਹੈ ਤਾਂ ਸਾਡਾ ਉਸ ਸੀਟ ਤੇ ਕੋਈ ਹੱਕ ਨਹੀਂ ਬਣਦਾ, ਜਾਂ ਤਾਂ ਅਸੀਂ ਉਸ ਵਿਅਕਤੀ ਨਾਲੋਂ ਵਾਧੂ ਪੈਸੇ ਦੇ ਕੇ ਉਸ ਸੀਟ ਤੇ ਕਬਜ਼ਾ ਕਰ ਸਕਦੇ ਹਾਂ। ਮੇਰੇ ਕਹਿਣ ਤੇ ਕਿ ਬੱਸ ਪਬਲਿਕ ਪ੍ਰਾਪਰਟੀ ਹੈ, ਸਭ ਦੀ ਸਾਂਝੀ ਹੈ, ਕੋਈ ਮੰਨਣ ਨੂੰ ਤਿਆਰ ਨਹੀਂ ਹੋਇਆ।

ਕੀ ਜਿਸ ਕੋਲ ਪੈਸੇ ਨੇ, ਸਰਮਾਇਆ ਹੈ, ਸਭ ਕੁੱਝ ਉਸੇ ਦਾ ਹੋ ਗਿਆ?

ਡਰਾਈਵਰ, ਕੰਡਕਟਰ, ਸਵਾਰੀਆਂ ਅਤੇ ਉਸ ਅਮੀਰ ਵਿਅਕਤੀ ਤੇ ਟਿੱਪਣੀਆਂ ਕਰਨ ਤੋਂ ਪਹਿਲਾਂ ਸਪੱਸ਼ਟ ਕਰੋ ਕਿ ਜੇ ਤੁਸੀਂ ਹੁੰਦੇ ਤਾਂ ਕੀ ਕਰਦੇ?

ਜੇ ਮੇਰੇ ਕੋਲ ਵਾਧੂ ਪੈਸੇ ਹੁੰਦੇ ਤਾਂ ਕੀ ਵਾਧੂ ਪੈਸੇ ਦੇ ਕੇ ਮੈਂ ਕੰਡਕਟਰ ਤੋਂ ਸੀਟ ਲੈ ਕੇ ਠੀਕ ਕਦਮ ਚੁੱਕ ਰਿਹਾ ਹੋਣਾ ਸੀ?

-----------

ਖੁੱਲ੍ਹ ਕੇ ਟਿੱਪਣੀਆਂ ਕਰੋ। ਡਰਾਈਵਰ ਕੰਡਕਟਰ ਅਤੇ ਉਸ ਅਮੀਰ ਆਦਮੀ ਦਾ ਐਡਰੈੱਸ ਮੈਂ ਦੱਸ ਦਿੰਦਾ ਹਾਂ ਤੇ ਬੱਸ ਦਾ ਨੰਬਰ ਵੀ ਦੱਸ ਦਿੰਦਾ ਹਾਂ।

ਬੱਸ ਹੈ ਭਾਰਤ ਦੇਸ਼

ਡਰਾਈਵਰ ਹੈ ਪ੍ਰਧਾਨਮੰਤਰੀ, ਮੁੱਖ ਮੰਤਰੀ ਅਤੇ ਸਾਡੇ ਚੁਣੇ ਹੋਏ ਲੀਡਰ।

ਕੰਡਕਟਰ ਹੈ ਸਰਕਾਰੀ ਅਹੁਦਿਆਂ ਤੇ ਬੈਠੇ ਉੱਚ ਅਧਿਕਾਰੀ, ਪੁਲਿਸ, ਜੱਜ, ਡੀ ਸੀ, ਆਦਿ।

ਅਤੇ ਉਹ ਅਮੀਰ ਵਿਅਕਤੀ ਹੈ ਅੰਬਾਨੀ, ਮਿੱਤਲ, ਟਾਟਾ ਆਦਿ ਜੋ ਭਾਰਤ ਰੂਪੀ ਬੱਸ ਦੀਆਂ 100 ਸੀਟਾਂ ਵਿੱਚੋਂ 85 ਸੀਟਾਂ ਤੇ ਕੱਲ੍ਹਾ ਕਬਜ਼ਾ ਜਮਾਈ ਬੈਠਾ ਹੈ ਤੇ ਸਵਾਰੀਆਂ ਹਨ ਅਸੀਂ ਤੁਸੀਂ, ਜੋ ਬਾਕੀ ਬਚਦੀਆਂ 15 ਸੀਟਾਂ ਤੇ ਬੈਠਣ ਖਾਤਰ ਇੱਕ ਦੂਸਰੇ ਨਾਲ ਦੁਸ਼ਮਣੀਆਂ ਪਾਈ ਫਿਰਦੇ ਹਾਂ, ਜਦੋਂ ਕਿ ਦੁਸ਼ਮਣ ਨੂੰ ਅਸੀਂ ਖੈਰ ਖਵਾਹ ਮੰਨ ਲਿਆ ਹੈ ਕਿ ਇਸ ਤੋਂ ਬਿਨਾਂ ਇਹ ਬੱਸ ਚੱਲ ਹੀ ਨਹੀਂ ਸਕਦੀ।

ਇਹ ਬੱਸ ਪਿਛਲੇ ਬਹੁਤ ਸਾਲਾਂ ਤੋਂ ਏਸੇ ਤਰਾਂ ਚੱਲ ਰਹੀ ਹੈ, ਸਵਾਰੀਆਂ ਤੰਗ ਨੇ ਤੇ ਪੈਸੇ ਵਾਲਿਆਂ ਲਈ ਇਹ ਸੋਨੇ ਦੀ ਚਿੜੀ ਹੈ ਤੇ ਅਸੀਂ ਇਹ ਮੰਨਣ ਲੱਗ ਪਏ ਹਾਂ ਕਿ ਇਹ ਬੱਸ ਏਦਾਂ ਹੀ ਚੱਲਣੀ ਹੈ ਤੇ ਕਿਸੇ ਪੁਰਜ਼ੇ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਇਹ ਬੱਸ ਸ਼ਾਇਦ ਚੱਲੇ ਹੀ ਨਾ। ਮੈਂ ਅਜੇ ਵੀ ਸਫਰ ਵਿੱਚ ਭਟਕ ਰਿਹਾ ਹਾਂ, ਤੁਸੀਂ ਵੀ ਭਟਕ ਰਹੇ ਹੋਵੋਂਗੇ। ਕੀ ਕੋਈ ਮੰਜ਼ਿਲ ਤੇ ਅੱਪੜਿਆ ਹੈ ਅੱਜ ਤੱਕ।

ਕੀ ਜਿਸ ਕੋਲ ਪੈਸਾ ਹੈ, ਸਭ ਕੁੱਝ ਓਸੇ ਦਾ ਹੋ ਗਿਆ?

ਪੁਲਾਂ ਥੱਲੇ ਸੌਣ ਵਾਲੇ ਲੋਕ, ਭੱਠਿਆਂ ਤੇ ਤਿੱਖੀਆਂ ਧੁੱਪਾਂ ਵਿੱਚ ਤਪ ਰਹੇ ਇੱਟਾਂ ਪੱਥ ਕੇ ਢਿੱਡ ਨੂੰ ਝੁਲਕਾ ਦੇ ਰਹੇ ਮਜ਼ਦੂਰ, ਮਸ਼ੀਨਾਂ ਤੇ ਲੋਹੇ ਨਾਲ ਲੋਹਾ ਹੋ ਰਹੇ ਕਾਰੀਗਰ, ਖੇਤਾਂ ਵਿੱਚ ਅੰਨ ਉਗਾਉਣ ਵਾਲੇ ਅੰਨਦਾਤੇ, ਬਾਡਰਾਂ ਤੇ ਬੰਦੂਕਾਂ ਦੇ ਨਿਸ਼ਾਨੇ ਬਣੇ ਹੋਏ ਫੌਜੀ ਵੀਰ, ਕੀ ਸਾਰੀ ਜ਼ਿੰਦਗੀ ਗੁਲਾਮੀ ਵਾਲੀ ਜੂਨ ਹੰਢਾ ਦੇਣਗੇ ਤੇ ਅਗਲੀਆਂ ਪੀੜ੍ਹੀਆਂ ਨੂੰ ਵੀ ਇਹੋ ਸਬਕ ਦੇਣ ਗੇ ਕਿ ਬੱਸ ਏਦਾਂ ਹੀ ਚੱਲਦੀ ਆਈ ਹੈ ਤੇ ਏਦਾਂ ਹੀ ਚੱਲਦੀ ਰਹਿਣੀ ਹੈ।

------------

ਤੁਸੀਂ ਦੱਸੋ ਸਾਨੂੰ ਕੀ ਕਰਨਾ ਚਾਹੀਦਾ ਹੈ, ਕਿਉਂਕਿ ਤੁਸੀਂ ਭੀੜ ਨਹੀਂ ਹੋ ਪਰ ਭੀੜ ਨੂੰ ਖਿੱਚ ਸਕਦੇ ਹੋ।

-ਸੁਰਜੀਤ ਗੱਗ, ਫੋਨ: 94633 89628

# ਮੈਡੀਕਲ ਸਾਇੰਸਜ਼

### ✪ ਬਾਂਝ ਔਰਤਾਂ ਨੂੰ ਗਰਭਵਤੀ ਹੋਣ ਲਈ ਦਿੱਤੀ ਜਾਣ ਵਾਲੀ ਦਵਾਈ ਖ਼ਤਰਨਾਕ

ਇੰਗਲੈਂਡ ਦੇ ਸਿਹਤ ਵਿਗਿਆਨੀਆਂ ਨੇ ਆਪਣੀ ਖੋਜ ਅਤੇ ਅੰਕੜਿਆਂ ਦੇ ਅਧਾਰ 'ਤੇ ਬਾਂਝ ਔਰਤਾਂ ਨੂੰ ਗਰਭਵਤੀ ਹੋਣ ਦੀ ਦਵਾਈ ਛੇ ਮਹੀਨਿਆਂ ਤੋਂ ਜ਼ਿਆਦਾ ਅਰਸੇ ਲਈ ਨਾ ਦੇਣ ਦੀ ਨਸੀਹਤ ਕੀਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬਾਂਝ ਔਰਤਾਂ ਨੂੰ ਦਿੱਤੀ ਜਾਣ ਵਾਲੀ ਕਲੌਮੀਫੀਨ ਦਵਾਈ ਔਰਤ ਦੀਆਂ 12 ਮਹਾਂਮਾਰੀਆਂ ਦੇ ਸਮੇਂ ਤੋਂ ਵੱਧ ਸਮੇਂ ਲਈ ਦੇਣਾ ਖ਼ਤਰਨਾਕ ਹੈ ਕਿਉਂਕਿ ਆਖਰੀ ਉਮਰ 'ਚ ਇਹ ਬੱਚੇਦਾਨੀ ਦੇ ਕੈਂਸਰ ਦਾ ਕਾਰਨ ਬਣ ਸਕਦੀ ਹੈ। ਮਾਹਿਰਾਂ ਨੇ 3857 ਔਰਤਾਂ ਉਪਰ ਖੋਜ ਕਰਕੇ ਇਹ ਸਿੱਟਾ ਕੱਢਿਆ ਹੈ।

### ✪ ਬਿਨਾਂ ਦਰਦ ਦੇ ਖ਼ੂਨ ਦੀ ਜਾਂਚ ਦੀ ਨਵੀਂ ਤਕਨੀਕ ਵਿਕਸਤ

ਖੋਜੀਆਂ ਨੇ ਹੁਣ ਬਿਨਾਂ ਦਰਦ ਦੇ ਖ਼ੂਨ ਦੀ ਜਾਂਚ ਦੀ ਤਕਨੀਕ ਵਿਕਸਤ ਕੀਤੀ ਹੈ। ਇਸ ਤਕਨੀਕ 'ਚ ਟੈਨਿਸ ਦੀ ਗੇਂਦ ਦੇ ਆਕਾਰ ਦੀ ਮਸ਼ੀਨ ਰਾਹੀਂ ਬਿਨ੍ਹਾਂ ਦਰਦ ਖ਼ੂਨ ਦਾ ਨਮੂਨਾ ਲਿਆ ਜਾ ਸਕੇਗਾ। ਯੂਨੀਵਰਸਿਟੀ ਆਫ਼ ਵਿਸਕੋਂਸਿਨ ਐਂਡ ਐਡੀਮਨ ਦੇ ਖੋਜੀਆਂ ਨੇ ਦਰਦ ਰਹਿਤ ਖ਼ੂਨ ਦੀ ਜਾਂਚ ਲਈ ਇਸ ਯੰਤਰ ਨੂੰ ਖੋਜਿਆਂ ਹੈ। ਜਦੋਂ ਇਸ ਯੰਤਰ ਨੂੰ ਚਮੜੀ ਆਦਿ 'ਤੇ ਲਗਾਇਆ ਜਾਂਦਾ ਹੈ ਤਾਂ ਉਸ 'ਚ ਬਣੇ ਇੱਕ ਨਿਰਵਾਤ ਰਾਹੀਂ ਥੋੜ੍ਹਾ ਜਿਹਾ ਖ਼ੂਨ ਯੰਤਰ ਨਾਲ ਲੱਗੀ ਟਿਊਬ 'ਚ ਜਮ੍ਹਾ ਹੋ ਜਾਂਦਾ ਹੈ। ਇਸ ਪ੍ਰਕੀਰੀਆ 'ਚ ਕਿਸੇ ਵੀ ਤਰ੍ਹਾਂ ਦਾ ਦਰਦ ਨਹੀਂ ਹੁੰਦਾ। ਇਹ ਪ੍ਰਕਿਰਿਆ ਬੇਹੱਦ ਸੁਵਿਧਾਜਨਕ ਹੈ। ਯੂਨੀਵਰਸਿਟੀ ਅਧੀਨ ਤਾਸੋ ਨਾਂ ਦੀ ਕੰਪਨੀ ਇਸ ਯੰਤਰ ਲਈ ਪੈਂਟੇਂਟ ਕਰਵਾਉਣ ਦੀ ਪ੍ਰਕਿਰਿਆ 'ਚ ਹੈ।

**ਸੁਖਮੰਦਰ ਸਿੰਘ ਤੂਰ**

### ✪ ਬੱਚਿਆਂ 'ਚ ਫ਼ੂਡ ਐਲਰਜੀ ਦੇ ਕਾਰਨ ਦਾ ਪਤਾ ਲੱਗਾ

ਬੱਚਿਆਂ 'ਚ ਫ਼ੂਡ ਐਲਰਜੀ ਸ਼ਹਿਰਾਂ 'ਚ ਤੇਜ਼ੀ ਨਾਲ ਵੱਧ ਰਹੀ ਸਮੱਸਿਆ ਹੈ। ਖੋਜੀਆਂ ਨੇ ਬੱਚਿਆਂ 'ਚ ਇਸ ਸਮੱਸਿਆ ਦਾ ਕਾਰਨ ਪਤਾ ਕਰਨ ਦੀ ਦਿਸ਼ਾ 'ਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਫ਼ੂਡ ਐਲਰਜੀ ਦੀ ਸਥਿਤੀ 'ਚ ਬੱਚਿਆਂ ਨੂੰ ਸਰੀਰ 'ਤੇ ਧੱਬਿਆਂ ਦੀ ਸਮੱਸਿਆ ਨੂੰ ਲੈ ਕੇ ਗੰਭੀਰ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਲਾਜੋਲਾ ਇੰਸਟੀਚਿਊਟ ਫ਼ਾਰ ਐਲਰਜੀ ਐਂਡ ਇਮਊਨੋਲਾਜੀ ਦੇ ਖੋਜੀਆਂ ਨੇ ਬੱਚਿਆਂ 'ਚ ਫੂਡ ਐਲਰਜੀ ਹੋਣ ਦਾ ਕਾਰਨ ਪਤਾ ਕੀਤਾ ਹੈ। ਖੋਜ 'ਚ ਪਤਾ ਲੱਗਾ ਹੈ ਕਿ ਅਜਿਹੇ ਬੱਚੇ ਜਿਨ੍ਹਾਂ ਨੂੰ ਬਹੁਤ ਸੁਰੱਖਿਅਕ ਅਤੇ ਸੀਮਤ ਮਾਤਰਾ 'ਚ ਖਾਣਾ ਖਿਲਾਇਆ ਜਾਂਦਾ ਹੈ, ਉਨ੍ਹਾਂ ਵਿੱਚ ਫੂਡ ਐਲਰਜੀ ਦਾ ਖ਼ਦਸ਼ਾ ਜ਼ਿਆਦਾ ਰਹਿੰਦਾ ਹੈ। ਖੋਜਕਾਰਾਂ ਦੇ ਅਨੁਸਾਰ ਬਿਮਾਰੀਆਂ ਨਾਲ ਲੜਨ ਦੀ ਸਮੱਰਥਾ ਵਾਂਗ ਹੀ ਸਰੀਰ ਦਾ ਇਮਿਊਨ ਸਿਸਟਮ ਵੱਖ-ਵੱਖ ਤਰ੍ਹਾਂ ਦੇ ਭੋਜਨ ਨਾਲ ਉਨ੍ਹਾਂ ਪ੍ਰਤੀ ਸਹਿਨਸ਼ੀਲਤਾ ਪੈਦਾ ਕਰਦਾ ਹੈ। ਸਰੀਰ ਨੂੰ ਬਹੁਤ ਸੁਰੱਖਿਅਕ ਭੋਜਨ ਦੇਣ ਦੀ ਥਾਂ ਆਮ ਭੋਜਨ ਦੇਣ ਨਾਲ ਇਮਿਊਨ ਸਿਸਟਮ ਦੀਆਂ ਅਜਿਹੀਆਂ ਕੋਸ਼ਿਕਾਵਾਂ ਵੀ ਸਰਗਰਮ ਹੋ ਜਾਂਦੀਆਂ ਹਨ, ਜੋ ਭੋਜਨ ਨੂੰ ਸਵੀਕਾਰ ਕਰਨ ਦੀ ਪ੍ਰਕਿਰਿਆ ਨੂੰ ਘੱਟ ਕਰਦੀਆਂ ਹਨ

### ✪ ਨਵੇਂ ਪ੍ਰੋਟੀਨ ਦੀ ਖੋਜ

ਪੇਟ ਦੀਆਂ ਬਿਮਾਰੀਆਂ ਹੋਰ ਕਈ ਖ਼ਤਰਨਾਕ ਰੋਗਾਂ ਦਾ ਕਾਰਨ ਬਣਦੀਆਂ ਹਨ। ਖੋਜਕਾਰਾਂ ਨੇ ਇੱਕ ਅਜਿਹੇ ਪ੍ਰੋਟੀਨ ਦੀ ਖੋਜ ਕੀਤੀ ਹੈ ਜੋ ਪੇਟ ਦੇ ਅਲਸਰ ਵਰਗੇ ਰੋਗਾਂ ਦੀ ਰੱਖਿਆ ਕਰਨ 'ਚ ਕਾਰਗਰ ਸਾਬਤ ਹੋ ਪੇਟ ਨਾਲ ਜੁੜੀਆਂ ਵੱਖ-ਵੱਖ ਬਿਮਾਰੀਆਂ ਲਈ ਸਟੀਕ ਦਵਾਈ ਪੈਦਾ ਕਰਨ ਦਾ ਰਾਹ ਖ਼ੁੱਲ੍ਹ ਸਕਦਾ ਹੈ। ਪੇਟ ਦਰਦ, ਡਾਇਰੀਆਂ, ਬੁਖ਼ਾਰ ਅਤੇ ਭਾਰ ਘੱਟ ਹੋਣਾ ਆਦਿ ਪੇਟ ਨਾਲ ਜੁੜੀਆਂ ਬਿਮਾਰੀਆਂ ਦੇ ਲੱਛਣ ਹਨ। ਆਮ ਰੂਪ 'ਚ ਹੋਣ ਵਾਲੀਆਂ ਇਹ ਪ੍ਰੇਸ਼ਾਨੀਆਂ ਜਾਨਲੇਵਾ ਹੋ ਸਕਦੀਆਂ ਹਨ। ਖੋਜਕਾਰਾਂ ਨੇ ਦੱਸਿਆ ਹੈ ਕਿ ਪ੍ਰੋਟੀਨ ਐਸ. ਏ. ਪੀ.-1 ਕਈ ਬਿਮਾਰੀਆਂ ਖਿਲਾਫ਼ ਰੱਖਿਅਤਮਕ ਭੂਮਿਕਾ ਨਿਭਾਉਂਦਾ ਹੈ ਅਤੇ ਇਸ ਦੇ ਇਸ ਗੁਣ ਦੇ ਆਧਾਰ 'ਤੇ ਭਵਿੱਖ 'ਚ ਇਲਾਜ ਸੰਭਵ ਹੈ।

### ✪ ਮਾਸਪੇਸ਼ੀਆਂ ਨੂੰ ਨੁਕਸਾਨ ਦਾ ਇਲਾਜ ਜੀਨ ਐਡੀਟਿੰਗ

ਮਾਸਪੇਸ਼ੀਆਂ ਦੇ ਨੁਕਸਾਨ ਨਾਲ ਜੂਝ ਰਹੇ ਲੋਕਾਂ ਲਈ ਉਮੀਦ ਦੀ ਇੱਕ ਨਵੀਂ ਕਿਰਨ ਦਿਖੀ ਹੈ। ਭਾਰਤੀ ਮੂਲ ਦੇ ਵਿਗਿਆਨੀ ਸਮੇਤ ਹੋਰ ਖੋਜਾਰਥੀਆਂ ਦੀ ਇੱਕ ਟੀਮ ਨੇ ਪਹਿਲੀ ਵਾਰ ਜੀਨ ਐਡੀਟਿੰਗ ਜ਼ਰੀਏ ਇਸ ਬਿਮਾਰੀ ਦੇ ਇਲਾਜ ਵਿੱਚ ਪ੍ਰੈਕਟੀਕਲ ਸਫ਼ਲਤਾ ਹਾਸਲ ਕੀਤੀ ਹੈ। ਇਹ ਇੱਕ ਪਿਤਾ ਪੁਰਖੀ ਬਿਮਾਰੀ ਹੈ, ਜਿਸ ਵਿੱਚ ਮਾਸਪੇਸ਼ੀਆਂ ਦਾ ਵਿਕਾਸ ਰੁਕ ਜਾਂਦਾ ਹੈ। ਅਮਰੀਕਾ ਦੀ ਡਿਊਕ ਯੂਨੀਵਰਸਿਟੀ ਦੇ ਖੋਜਾਰਥੀਆਂ ਨੇ ਜੀਨ ਐਡੀਟਿੰਗ ਦੀ ਤਕਨੀਕ ਸੀ. ਆਰ. ਆਈ. ਐਸ. ਪੀ. ਆਰ. ਦੀ ਮੱਦਦ ਨਾਲ ਇੱਕ ਪੂਰਨ ਬਾਲਗ ਚੂਹੇ ਵਿੱਚ ਇਸ ਬਿਮਾਰੀ ਨੂੰ ਠੀਕ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ। ਇਸ ਬਿਮਾਰੀ ਕਾਰਨ ਸਰੀਰ ਵਿੱਚ ਮਾਸਪੇਸ਼ੀਆਂ ਦੇ ਅੰਦਰੂਨੀ ਫਾਈਬਰ ਨੂੰ ਬੰਨ੍ਹਣ ਵਾਲੇ ਪ੍ਰੋਟੀਨ ਡਿਲਟਰਾਫਿਨ ਦਾ ਨਿਰਮਾਣ ਬੰਦ ਹੋ ਜਾਂਦਾ ਹੈ। ਹੁਣ ਤੱਕ ਸੀ. ਆਰ. ਆਈ. ਟੈਸ. ਪੀ. ਆਰ. ਤਕਨੀਕ ਦਾ ਪ੍ਰੀਖਣ ਲੈਬਜ਼ ਵਿੱਚ ਤਿਆਰ ਸੈੱਲਾਂ ਅਤੇ ਇੱਕ ਸੈਲ ਭਰੂਣਾਂ 'ਤੇ ਕੀਤਾ ਗਿਆ ਸੀ। ਖੋਜ ਨਾਲ ਜੁੜੇ ਯੂਨੀਵਰਸਿਟੀ ਆਫ਼ ਨਾਰਥ ਕੈਰੋਲੀਨਾ ਦੇ ਅਰਵਿੰਦ ਆਧੁਨਿਕ ਅਤੇ ਖੋਜਾਰਥੀਆਂ ਨੇ ਇਸ ਤਕਨੀਕ ਦੇ ਵਰਤੋਂ ਵਿੱਚ ਲਿਆਉਣ ਵਾਲੇ ਅੰਕੜਿਆਂ ਨੂੰ ਦੂਰ ਕਰਦੇ ਹੋਏ ਇਸ ਨੂੰ ਪਹਿਲੀ ਵਾਰ ਇੱਕ ਬਾਲਗ ਜੀਵ 'ਤੇ ਅਜਮਾਇਆ ਹੈ।

### ✪ ਪੋਲੀਓ ਦੀ ਨਵੀਂ ਸੁਰੱਖਿਅਤ ਵੈਕਸੀਨ ਵਿਕਸਤ

ਖੋਜਾਰਥੀਆਂ ਨੇ ਪੋਲੀਓ ਦਾ ਇੱਕ ਨਵਾਂ ਟੀਕਾ ਈਜਾਦ ਕੀਤਾ ਹੈ ਜੋ ਪ੍ਰਭਾਵਸ਼ਾਲੀ ਹੋਣ ਦੇ ਨਾਲ ਹੀ ਭਵਿੱਖ ਦੇ ਨੁਕਤੇਨਜ਼ਰ ਸੁਰੱਖਿਅਤ ਵੀ ਹੈ। ਬ੍ਰਿਟੇਨ ਹਰਟਫੋਰਡਸ਼ਾਇਰ ਵਿਖੇ ਨੈਸ਼ਨਲ ਇੰਸਟੀਚਿਊਟ ਫਾਰ ਬਾਇਓਲੋਜੀਕਲ ਸਟੈਂਡਰਡਜ਼ ਐਂਡ ਕੰਟਰੋਲ ਦੇ ਖੋਜਕਾਰਾਂ ਨੇ ਇਸ ਨਵੇਂ ਟੀਕੇ ਨੂੰ ਈਜਾਦ ਕੀਤਾ ਹੈ। ਨਵੇਂ ਟੀਕੇ ਵਿੱਚ ਮੌਜੂਦਾ ਟੀਕੇ ਦੀ ਨਿਸਬਤ ਵਾਇਰਸ ਦੇ ਹਲਕੇ ਰੂਪ ਦਾ ਇਸਤੇਮਾਲ ਕੀਤਾ ਗਿਆ ਹੈ। ਮੌਜੂਦਾ ਸਮੇਂ ਟੀਕਾ ਬੇਹੱਦ ਸ਼ਕਤੀਸ਼ਾਲੀ ਵਾਇਰਸ ਦੀ ਮੱਦਦ ਨਾਲ ਬਣਾਇਆ ਜਾਂਦਾ ਹੈ। ਆਮ ਤੌਰ 'ਤੇ ਸੁਰੱਖਿਅਤ ਹੋਣ ਦੇ ਮਗਰੋਂ ਵੀ ਕੁਝ ਦੁਰਲੱਭ ਮਾਮਲਿਆਂ ਵਿੱਚ ਇਨ੍ਹਾਂ ਟੀਕਿਆਂ ਨਾਲ ਪੋਲੀਓ ਦੇ ਜ਼ਿਆਦਾ ਜਟਿਲ ਸਰੂਪ ਦੇ ਉਪਜਣ ਦੇ ਖਦਸ਼ੇ ਪ੍ਰਗਟਾਏ ਜਾ ਚੁੱਕੇ ਹਨ।

**...ਤੇ ਅੰਤ ਵਿੱਚ:** ਅਮਰੀਕਾ ਦੇ ਵਾਤਾਵਰਣ ਵਿਗਿਆਨੀਆਂ ਨੇ ਆਪਣੀ ਖੋਜ ਦੇ ਨਤੀਜਿਆਂ ਦੇ ਆਧਾਰ 'ਤੇ ਇਹ ਦੱਸਿਆ ਹੈ ਕਿ ਪੌਦੇ ਵੀ ਵਾਯੂਮੰਡਲ ਵਿੱਚ ਪ੍ਰਦੂਸ਼ਣ ਫੈਲਾਉਂਦੇ ਹਨ। ਇਨ੍ਹਾਂ ਵਿਗਿਆਨੀਆਂ ਨੇ ਕਿਹਾ ਕਿ ਹੈ ਕਿ ਪੌਦੇ ਆਈਸੋਪ੍ਰੀਨ ਨਾਮੀ ਰਸਾਇਣ ਪੈਦਾ ਕਰਦੇ ਹਨ, ਜਿਹੜਾ ਧੁੱਪ ਦੇ ਸੇਕ ਨਾਲ ਇੱਕ ਧੁੰਦਲਾ ਜਿਹਾ ਵਾਯੂਮੰਡਲ ਬਣਾਉਣ ਵਿੱਚ ਸਹਾਈ ਹੁੰਦਾ ਹੈ, ਪਰ ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਇਸ ਰਸਾਇਣ ਦੀ ਮਾਤਰਾ ਸਾਡੀ ਧਰਤੀ 'ਤੇ ਵੱਧ ਰਹੇ ਤਾਪਮਾਨ ਨਾਲ ਹੋਰ ਵੀ ਜ਼ਿਆਦਾ ਹੋ ਰਹੀ ਹੈ। ਇਹ ਪ੍ਰਦੂਸ਼ਣ ਮਨੁੱਖ ਜਾਤੀ ਲਈ ਅਤਿਘਾਤਕ ਸਿੱਧ ਹੋ ਰਿਹਾ ਹੈ।

# ਸ਼ੰਕਾ ਨਵਿਰਤੀ

**1. ਸਵਾਲ : ਵੱਖ-ਵੱਖ ਪੌਦਿਆਂ ਦੇ ਫੁੱਲਾਂ ਦੇ ਰੰਗ ਵੱਖ-ਵੱਖ ਕਿਉਂ ਹੁੰਦੇ ਹਨ?**

ਜਵਾਬ: ਫੁੱਲਾਂ ਵਾਲੇ ਪੌਦੇ ਧਰਤੀ ਅਤੇ ਵਾਯੂਮੰਡਲ ਵਿਚੋਂ 15 ਕਿਸਮ ਦੇ ਕਾਰਬਨ ਯੌਗਿਕ ਚੂਸਦੇ ਹਨ ਜਾਂ ਬਣਾਉਂਦੇ ਹਨ। ਇਨ੍ਹਾਂ ਕਾਰਬਨ ਯੌਗਿਕਾਂ ਵਿਚੋਂ ਵੱਖ-ਵੱਖ ਕਿਸਮ ਦੇ ਪੌਦੇ ਇਕ ਜਾਂ ਦੋ ਜਾਂ ਤਿੰਨ ਕਾਰਬਨ ਯੌਗਿਕਾਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਕਰਕੇ ਸਾਰੇ ਫੁੱਲਾਂ ਦੇ ਰੰਗ ਅਤੇ ਸੁਗੰਧੀਆਂ ਵੱਖ-ਵੱਖ ਹੁੰਦੇ ਹਨ। ਇਨ੍ਹਾਂ ਯੌਗਿਕਾਂ ਵਿਚੋਂ ਕੁੱਝ ਦਾ ਰੰਗ ਲਾਲ ਹੁੰਦਾ ਹੈ, ਕਿਉਂਕਿ ਇਨ੍ਹਾਂ ਵਿਚ ਮਿਥਾਈਲ ਗਰੁੱਪ ਹੁੰਦਾ ਹੈ। ਕਈ ਰੰਗ ਅਜਿਹੇ ਵੀ ਹੁੰਦੇ ਹਨ, ਜਿਹੜੇ ਮਨੁੱਖ ਦੀ ਅੱਖ ਨੂੰ ਨਹੀਂ ਦਿਸਦੇ, ਪਰ ਤਿੱਤਲੀਆਂ ਅਤੇ ਮੱਖੀਆਂ ਨੂੰ ਨਜ਼ਰ ਆ ਜਾਂਦੇ ਹਨ।

**2. ਸਵਾਲ : ਸੱਪ ਵਲ ਪਾ ਕੇ ਕਿਉਂ ਚੱਲਦੇ ਹਨ?**

ਜਵਾਬ : ਸੱਪਾਂ ਦੇ ਪੈਰ ਤਾਂ ਹੁੰਦੇ ਨਹੀਂ, ਕਿਉਂਕਿ ਸੱਪਾਂ ਦਾ ਵਿਕਾਸ ਪਾਣੀ ਵਾਲੇ ਜਾਂ ਦਲਦਲੀ ਕਿਰਲਿਆਂ ਵਰਗੇ ਜੀਵਾਂ ਤੋਂ ਹੋਇਆ ਹੈ। ਇਸ ਲਈ ਇਨ੍ਹਾਂ ਦੇ ਪੈਰ ਚਮੜੀ ਹੇਠਾਂ ਚਲੇ ਗਏ ਹਨ। ਜਿਸ ਕਰਕੇ ਜ਼ਮੀਨ ਉਪਰ ਗਤੀ ਕਰਨ ਲਈ ਇਸ ਨੂੰ ਆਪਣੀ ਰੀੜ ਦੀ ਵਰਤੋਂ ਕਰਨੀ ਪੈਂਦੀ ਹੈ। ਪਿਛਲੇ ਮਣਕਿਆਂ ਰਾਹੀਂ ਇਹ ਧਰਤੀ ਦੀ ਰਗੜ ਦੇ ਵਿਰੁੱਧ ਬਲ ਲਾਉਂਦਾ ਹੈ ਤੇ ਅਗਲਾ ਭਾਗ ਗਤੀ ਕਰਦਾ ਹੈ। ਫਿਰ ਉਸ ਤੋਂ ਅੱਗੇ ਅਗਲੇ ਮਣਕਿਆਂ ਦੇ ਬਲ ਨਾਲ ਪਿਛਲੇ ਮਣਕਿਆਂ ਨੂੰ ਖਿਚਦਾ ਹੈ। ਇਸ ਤਰ੍ਹਾਂ ਵਾਰ-ਵਾਰ ਕਰਨ ਨਾਲ ਇਸ ਦੀ ਗਤੀ ਹੁੰਦੀ ਹੈ। ਇਸ ਲਈ ਇਸ ਨੂੰ ਵਲ ਪਾ ਕੇ ਅੱਗੇ ਵੱਧਣਾ ਪੈਂਦਾ ਹੈ।

**3. ਸਵਾਲ : ਕੁੱਝ ਫਲ ਕੌੜੇ ਕਿਉਂ ਹੁੰਦੇ ਹਨ, ਜਿਵੇਂ ਖੀਰਾ ਆਦਿ?**

ਜਵਾਬ : ਖੀਰਾ ਜਾਂ ਕੱਕੜੀ ਆਦਿ ਵਿਚ ਇਕ ਯੌਗਿਕ ਹੁੰਦਾ ਹੈ, ਜਿਸ ਦਾ ਨਾਂਅ 'ਕੱਕਰਵਿਟਾਸਿਨ' ਹੈ। ਇਨ੍ਹਾਂ ਫਲਾਂ ਜਾਂ ਸਬਜ਼ੀਆਂ ਦਾ ਸਬੰਧ ਤਾਪਮਾਨ ਨਾਲ ਹੁੰਦਾ ਹੈ। ਕੁੱਝ ਫਲ ਵੱਧ ਤਾਪਮਾਨ 'ਤੇ ਕੌੜੇ ਹੋ ਜਾਂਦੇ ਹਨ ਤੇ ਕੁੱਝ ਸਬਜ਼ੀਆਂ ਘੱਟ ਤਾਪਮਾਨ 'ਤੇ ਕੌੜੀਆਂ ਹੋ ਜਾਂਦੀਆਂ ਹਨ।

**4. ਸਵਾਲ : ਕੀੜੀਆਂ ਨੂੰ ਮਿੱਠੀਆਂ ਚੀਜ਼ਾਂ ਦਾ ਕਿਵੇਂ ਪਤਾ ਚੱਲਦਾ ਹੈ?**

ਜਵਾਬ : ਕੀੜੀਆਂ ਦੇ ਸਿਰਾਂ ਉਪਰ ਦੋ ਵਾਲਾਂ ਵਰਗੀਆਂ ਰਚਨਾਵਾਂ ਹੁੰਦੀਆਂ ਹਨ। ਇਨ੍ਹਾਂ ਰਾਹੀਂ ਕੀੜੀਆਂ ਨੂੰ ਮਿਠਾਈਆਂ ਦੀ ਸੁਗੰਧ ਆ ਜਾਂਦੀ ਹੈ ਅਤੇ ਸਵਾਦ ਦਾ ਵੀ ਪਤਾ ਲੱਗਦਾ ਹੈ। ਇਹ ਹਵਾ ਰਾਹੀਂ ਵੀ ਇਸ ਸੁਗੰਧ ਨੂੰ ਫੜ ਲੈਂਦੀਆਂ ਹਨ। ਸੁਗੰਧ ਦੇ ਅਣੂ ਆਪਣੇ ਆਲੇ-ਦੁਆਲੇ ਇਕ ਘੇਰਾ ਪੈਦਾ ਕਰ ਦਿੰਦੇ ਹਨ। ਇਹ ਘੇਰਾ ਮਿਠਾਈ ਦੇ ਨਜ਼ਦੀਕ ਜ਼ਿਆਦਾ ਸੰਘਣਾ ਹੁੰਦਾ ਹੈ। ਜਿਉਂ-ਜਿਉਂ ਦੂਰੀ ਵਧਦੀ ਜਾਂਦੀ ਹੈ, ਇਹ ਵਿਰਲਾ ਹੁੰਦਾ ਜਾਂਦਾ ਹੈ। ਕੀੜੀਆਂ ਦੇ ਸਿਰ 'ਤੇ ਲੱਗੇ 'ਐਂਟੀਨੇ' ਕੀੜੀਆਂ ਨੂੰ ਵਿਰਲੇ ਤੋਂ ਸੰਘਣੇ ਵੱਲ ਨੂੰ ਲੈ ਜਾਂਦੇ ਹਨ। ਇਸ ਤਰ੍ਹਾਂ ਕੀੜੀਆਂ ਮਿਠਾਈ ਵੱਲ ਨੂੰ ਗਤੀ ਕਰਦੀਆਂ ਰਹਿੰਦੀਆਂ ਹਨ।

**5. ਸਵਾਲ : ਸਰਦੀ ਵਿਚ ਬਾਕੀ ਸਰੀਰ ਦੇ ਮੁਕਾਬਲੇ ਉਂਗਲਾਂ ਜ਼ਿਆਦਾ ਠੰਢੀਆਂ ਕਿਉਂ ਹੋ ਜਾਂਦੀਆਂ ਹਨ?**

ਜਵਾਬ : ਜੇ ਅਸੀਂ ਦੋ ਤਾਂਬੇ ਦੇ ਕੱਪ ਲੈ ਲਈਏ। ਇਕ ਛੋਟਾ ਹੋਵੇ, ਇਕ ਵੱਡਾ ਹੋਵੇ ਅਤੇ ਦੋਵਾਂ ਵਿਚ ਪਾਣੀ ਭਰ ਕੇ ਦੋ-ਤਿੰਨ ਮਿੰਟਾਂ ਲਈ ਫ਼ਰਿਜ਼ ਵਿਚ ਰੱਖ ਦੇਈਏ ਤਾਂ ਅਸੀਂ ਵੇਖਾਂਗੇ ਕਿ ਛੋਟੇ ਕੱਪ ਵਾਲਾ ਪਾਣੀ ਛੇਤੀ ਠੰਢਾ ਹੋ ਜਾਂਦਾ ਹੈ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਕੋਈ ਵੀ ਚੀਜ਼ ਅਪਣੇ ਤਲ ਤੋਂ ਠੰਢੀ ਹੋਣੀ ਸ਼ੁਰੂ ਹੁੰਦੀ ਹੈ ਅਤੇ ਹੇਠਾਂ ਨੂੰ ਜਾਂਦੀ ਹੈ। ਇਸ ਤਰ੍ਹਾਂ ਸਾਡਾ ਸਰੀਰ ਵੀ ਇਕ ਗਰਮੀ ਨਾਲ ਭਰੇ ਹੋਏ ਬਰਤਨ ਦੀ ਤਰ੍ਹਾਂ ਹੈ। ਕਿਉਂਕਿ ਉਂਗਲਾਂ ਤੇ ਨੱਕ ਵਰਗੇ ਪਤਲੇ ਅੰਗ ਤੇਜ਼ੀ ਨਾਲ ਠੰਢੇ ਹੋ ਜਾਂਦੇ ਹਨ। ਸਰੀਰ ਗਰਮੀ ਦੀ ਮਾਤਰਾ ਤਾਂ ਸਾਰੇ ਅੰਗਾਂ ਨੂੰ ਬਰਾਬਰ ਦਿੰਦਾ ਹੈ ਪਰ ਕੁੱਝ ਅੰਗਾਂ ਦਾ ਨੰਗਾ ਆਕਾਰ ਵੱਧ ਹੁੰਦਾ ਹੈ, ਉਨ੍ਹਾਂ ਦੀ ਗਰਮੀ ਛੇਤੀ ਹੀ ਵਾਤਾਵਰਣ ਵਿਚ ਸਮਾਅ ਜਾਂਦੀ ਹੈ।

**6. ਸਵਾਲ : ਮੱਖੀਆਂ ਇਕ ਲਾਈਨ ਵਿਚ ਕਿਵੇਂ ਚੱਲਦੀਆਂ ਹਨ?**

ਜਵਾਬ : ਕਈ ਕਿਸਮ ਦੀਆਂ ਮੱਖੀਆਂ ਭੋਜਣ ਦੀ ਭਾਲ ਵਿਚ ਨਿਕਲਦੀਆਂ ਹਨ। ਜਿਵੇਂ ਸ਼ਹਿਦ ਦੀਆਂ ਮੱਖੀਆਂ ਤਿੰਨ ਕਿਸਮ ਦੀਆਂ ਹੁੰਦੀਆਂ ਹਨ। ਕਾਮਾ ਮੱਖੀਆਂ, ਰਖਵਾਲੀਆਂ ਤੇ ਰਾਣੀ। ਕਾਮਾ ਮੱਖੀ ਜਦੋਂ ਭੋਜਨ ਦਾ ਸੋਮਾ ਲੱਭ ਲੈਂਦੀ ਹੈ। ਉਹ ਭੋਜਣ ਦਾ ਨਮੂਨਾ ਲੈ ਕੇ ਆਪਣੇ ਛੱਤੇ ਵੱਲ ਮੁੜਦੀ ਹੈ ਅਤੇ ਇਸ ਦੌਰਾਨ ਪਿੱਛੇ ਆਪਣੀ ਸੁਗੰਧ ਛੱਡਦੀ ਜਾਂਦੀ ਹੈ, ਜਿਸ ਨਾਲ ਇਸ ਨੂੰ ਖ਼ੁਰਾਕ ਦੇ ਸੋਮੇ ਦਾ ਪਤਾ ਯਾਦ ਰਹਿੰਦਾ ਹੈ। ਮੱਖੀਆਂ ਵਿਚ ਇਹ ਸੁਨੇਹੇ ਆਮ ਤੌਰ 'ਤੇ ਆਪਣੀ ਚੱਕਰਾਕਾਰ ਗਤੀ ਰਾਹੀਂ ਅੱਗੇ ਵਧਣ ਦੀ ਕਿਰਿਆ ਰਾਹੀਂ ਕਿਰਿਆ ਕਰਦੇ ਹੋਏ ਦਰਸਾਉਂਦੀ ਹੈ। ਜਿਸ ਨਾਲ ਹੋਰ ਕਾਮਾ ਮੱਖੀਆਂ ਨੂੰ ਖ਼ੁਰਾਕ ਦਾ ਪਤਾ ਲੱਗ ਜਾਂਦਾ ਹੈ। ਕੀੜੀਆਂ ਆਪਣੇ ਰਸ ਨਾਲ ਜ਼ਮੀਨ 'ਤੇ ਆਪਣੇ ਟਿਕਾਣੇ ਤੋਂ ਖ਼ੁਰਾਕ ਦੇ ਸੋਮੇ ਤਕ ਇਕ ਲਾਈਨ ਬਣਾ ਦਿੰਦੀਆਂ ਹਨ। ਇਸ ਤਰ੍ਹਾਂ ਹੋਰ ਕਾਮਾ ਕੀੜੀਆਂ ਜਾਂ ਮੱਖੀਆਂ ਨੂੰ ਖ਼ੁਰਾਕ ਦਾ ਪਤਾ ਲੱਗ ਜਾਂਦਾ ਹੈ।

**7. ਸਵਾਲ : ਸਮੁੰਦਰ ਦੀ ਡੂੰਘਾਈ ਕਿਵੇਂ ਮਾਪੀ ਜਾਂਦੀ ਹੈ?**

ਜਵਾਬ : ਅਸੀਂ ਆਮ ਤੌਰ 'ਤੇ ਵੇਖਦੇ ਹਾਂ ਕਿ ਉੱਚੀਆਂ ਇਮਾਰਤਾਂ ਵਿਚ ਜਦੋਂ ਆਵਾਜ਼ ਮਾਰੀ ਜਾਂਦੀ ਹੈ ਤਾਂ ਇਹ ਦੁਬਾਰਾ ਮੁੜ ਕੇ ਸਾਨੂੰ ਸੁਣਾਈ ਦਿੰਦੀ ਹੈ। ਇਸੇ ਤਰ੍ਹਾਂ ਡੂੰਘੇ ਖੂਹਾਂ ਵਿਚ ਜਦੋਂ ਆਵਾਜ਼ ਮਾਰਦੇ ਹਾਂ ਤਾਂ ਇਹ ਤਲੇ ਤੋਂ ਮੁੜ ਕੇ ਦੁਬਾਰਾ ਸੁਣਦੀ ਹੈ। ਸਮੁੰਦਰੀ ਡੂੰਘਾਈ ਵੀ ਆਵਾਜ਼ ਦੀ ਗਤੀ ਰਾਹੀਂ ਮਾਪੀ ਜਾਂਦੀ ਹੈ। ਆਵਾਜ਼ ਦੀ ਗਤੀ ਹਵਾ, ਪਾਣੀ ਅਤੇ ਧਾਤਾਂ ਵਿਚ ਵੱਧ-ਘੱਟ ਹੁੰਦੀ ਹੈ। ਵਿਗਿਆਨੀਆਂ ਨੇ ਇਹ ਮਾਪੀ ਹੋਈ ਹੈ। ਸਮੁੰਦਰ ਵਿਚ ਕਿਸ਼ਤੀਆਂ ਵਿਚੋਂ ਆਵਾਜ਼ ਦੀਆਂ ਲਹਿਰਾਂ ਛੱਡੀਆਂ ਜਾਂਦੀਆਂ ਹਨ। ਇਹ ਲਹਿਰਾਂ ਸਮੁੰਦਰ ਦੇ ਥੱਲੇ ਨਾਲ ਟਕਰਾ ਕੇ ਵਾਪਸ ਆਉਂਦੀਆਂ ਹਨ। ਇਸ ਵਕਫ਼ੇ ਦਾ ਸਮਾਂ ਮਾਪ ਲਿਆ ਜਾਂਦਾ ਹੈ। ਹੁਣ ਪਾਣੀ ਵਿਚ ਆਵਾਜ਼ ਦੀ ਰਫ਼ਤਾਰ ਨੂੰ ਸਮੇਂ ਨਾਲ ਗੁਣਾ ਕੀਤਾ ਜਾਂਦਾ ਹੈ ਅਤੇ ਉਸ ਦੇ ਅੱਧ ਜਿੰਨੀ ਸਮੁੰਦਰ ਦੀ ਡੂੰਘਾਈ ਹੁੰਦੀ ਹੈ। ਕਿਉਂਕਿ ਆਵਾਜ਼ ਪਾਣੀ ਵਿਚ ਜਾਣ ਲਈ ਅਤੇ ਵਾਪਸ ਆਉਣ ਲਈ ਬਰਾਬਰ ਸਮਾਂ ਲੈਂਦੀ ਹੈ। ਇਸ ਤਰ੍ਹਾਂ ਡੂੰਘਾਈ ਮਾਪੀ ਜਾਂਦੀ ਹੈ।

**8. ਸਵਾਲ : ਆਕਸੀਜਨ ਤੋਂ ਬਗੈਰ ਮਨੁੱਖ ਕਿੰਨਾ ਚਿਰ ਜਿਉਂਦਾ ਰਹਿ ਸਕਦਾ ਹੈ?**

ਜਵਾਬ : ਮਨੁੱਖੀ ਦਿਮਾਗ਼ ਦਾ ਭਾਰ ਮਨੁੱਖੀ ਸਰੀਰ ਦੇ ਭਾਰ ਦਾ ਪੰਜਾਹਵਾਂ ਭਾਗ ਹੁੰਦਾ ਹੈ। ਪਰ ਇਹ ਆਕਸੀਜਨ ਦੀ ਖਪਤ ਜ਼ਿਆਦਾ ਕਰਦਾ ਹੈ। ਮਨੁੱਖੀ ਸਰੀਰ ਜਿੰਨ੍ਹੀ ਆਕਸੀਜਨ ਲੈਂਦਾ ਹੈ, ਉਸ ਦੇ ਪੰਜਵੇਂ ਹਿੱਸੇ ਦੀ ਵਰਤੋਂ ਸਿਰਫ਼ ਦਿਮਾਗ਼ ਕਰਦਾ ਹੈ। ਦਿਮਾਗ ਆਕਸੀਜਨ ਤੋਂ ਬਗੈਰ ਕੁੱਝ ਮਿੰਟ ਹੀ ਜਿਉਂਦਾ ਰਹਿ ਸਕਦਾ ਹੈ। ਆਕਸੀਜਨ ਤੋਂ ਬਗੈਰ ਦਿਮਾਗ਼ ਕੁੱਝ ਮਿੰਟਾਂ ਵਿਚ ਹੀ ਕੰਮ ਛੱਡ ਜਾਂਦਾ ਹੈ। ਸਿਰ ਨੂੰ ਜੇ ਖ਼ੂਨ ਦੀ ਸਪਲਾਈ ਰੁਕ ਜਾਵੇ, ਭਾਵ ਆਕਸੀਜਨ ਦੀ ਸਪਲਾਈ ਰੁਕ ਜਾਵੇ ਤਾਂ ਸਰੀਰ ਅੱਠ-ਦਸ ਸਕਿੰਟ ਤੋਂ ਬਾਅਦ ਜਿਊਂਦਾ ਨਹੀਂ ਰਹਿ ਸਕਦਾ ਹੈ। ਪਰ ਸਰੀਰ ਨੂੰ ਜਾਂ ਸਿਰ ਨੂੰ ਠੰਢਾ ਰੱਖ ਕੇ ਆਕਸੀਜਨ ਦੀ ਵਰਤੋਂ ਘੱਟ ਹੋ ਜਾਂਦੀ ਹੈ। ਵੱਡੇ ਆਪ੍ਰੇਸ਼ਨ ਸਿਰ ਨੂੰ ਠੰਢਾ ਕਰਕੇ ਹੀ ਕੀਤੇ ਜਾਂਦੇ ਹਨ। ਅੰਗਾਂ ਦੀ ਦਾਨ ਦੀ ਕਿਰਿਆ ਵੀ ਦਿਮਾਗ਼ੀ ਤੌਰ 'ਤੇ ਮ੍ਰਿਤਕ ਵਿਅਕਤੀਆਂ ਦੇ ਅੰਗਾਂ ਰਾਹੀਂ ਕੀਤੀ ਜਾਂਦੀ ਹੈ। ਕਿਉਂਕਿ ਦਿਮਾਗ਼ੀ ਸੈੱਲ ਬਹੁਤ ਘੱਟ ਸਮੇਂ ਲਈ ਹੀ ਆਕਸੀਜਨ ਦੀ ਸਪਲਾਈ ਤੋਂ ਬਗੈਰ ਜਿਊਂਦੇ ਰੱਖੇ ਜਾ ਸਕਦੇ ਹਨ। ਇਸ ਲਈ ਦਿਮਾਗ਼ੀ ਤੌਰ 'ਤੇ ਮ੍ਰਿਤਕ ਹੋਏ ਵਿਅਕਤੀਆਂ ਨੂੰ ਆਕਸੀਜਨ ਦੀ ਸਪਲਾਈ ਜਾਰੀ

ਰੱਖ ਕੇ, ਉਨ੍ਹਾਂ ਦੇ ਅੰਗਾਂ ਨੂੰ ਕੱਢ ਕੇ ਕਿਸੇ ਹੋਰ ਵਿਅਕਤੀਆਂ ਦੇ ਪਾ ਦਿੰਦੇ ਹਨ।

**9. ਸਵਾਲ : ਜੀ.ਪੀ.ਐਸ. ਕੀ ਹੁੰਦਾ ਹੈ ਤੇ ਇਹ ਕਿਵੇਂ ਕੰਮ ਕਰਦਾ ਹੈ?**

ਜਵਾਬ : ਜੀ.ਪੀ.ਐਸ. ਅਜਿਹਾ ਢੰਗ ਹੈ, ਜਿਸ ਨਾਲ ਧਰਤੀ ’ਤੇ ਕੋਈ ਵੀ ਟਿਕਾਣਾ ਲੱਭਿਆ ਜਾ ਸਕਦਾ ਹੈ। ਪਹਿਲਾਂ ਇਹ ਕੰਮ ਚੁੰਬਕੀ ਸੂਈਆਂ ਰਾਹੀਂ ਕੀਤਾ ਜਾਂਦਾ ਸੀ। ਅੱਜ-ਕੱਲ੍ਹ ਜੀ.ਪੀ.ਐਸ. ਸਿਸਟਮ ਕਾਰਾਂ ਅਤੇ ਮੋਬਾਇਲ ਫੋਨਾਂ ਵਿਚ ਆਮ ਤੌਰ ’ਤੇ ਵਰਤਿਆ ਜਾਂਦਾ ਹੈ। ਧਰਤੀ ਤੋਂ ਗਿਆਰਾਂ ਹਜ਼ਾਰ ਮੀਲ ਉਪਰ 24 ਸੈਟੇਲਾਈਟ ਛੱਡੇ ਹੋਏ ਹਨ। ਉਹ ਧਰਤੀ ਉਪਰ ਹਰ ਸਮੇਂ ਸਿਗਨਲ ਭੇਜਦੇ ਰਹਿੰਦੇ ਹਨ। ਇਨ੍ਹਾਂ ਸਿਗਨਲਾਂ ਨੂੰ ਪ੍ਰਾਪਤ ਕਰਕੇ ਕੋਈ ਵੀ ਵਿਅਕਤੀ ਆਪਣੀ ਸਥਿਤੀ ਲੱਭ ਸਕਦਾ ਹੈ। ਇਸ ਤਰ੍ਹਾਂ ਇਨ੍ਹਾਂ ਦੀ ਸਹਾਇਤਾ ਨਾਲ ਰਸਤੇ ਦਾ ਪਤਾ ਲੱਗ ਜਾਂਦਾ ਹੈ।

**10. ਸਵਾਲ : ਸੋਨੇ ਦੇ ਗਹਿਣਿਆਂ ਵਿਚ ਤਾਂਬਾ ਕਿਉਂ ਮਿਲਾਇਆ ਜਾਂਦਾ ਹੈ?**

ਜਵਾਬ : ਸੋਨਾ ਬਹੁਤ ਹੀ ਲਚਕੀਲਾ ਪਦਾਰਥ ਹੈ। ਇਸ ਨੂੰ ਕੁੱਝ ਸਖ਼ਤ ਬਣਾਉਣ ਲਈ ਇਸ ਵਿਚ ਤਾਂਬਾ ਮਿਲਾਉਣਾ ਜ਼ਰੂਰੀ ਹੁੰਦਾ ਹੈ। ਇਸ ਲਈ ਸੋਨੇ ਦਾ ਕੰਮ ਕਰਨ ਵਾਲੇ ਸੁਨਿਆਰ ਆਮ ਤੌਰ ’ਤੇ 22 ਕੈਰੇਟ ਦੇ ਗਹਿਣੇ ਤਿਆਰ ਕਰਦੇ ਹਨ। ਸ਼ੁੱਧ ਸੋਨਾ 24 ਕੈਰੇਟ ਦਾ ਹੁੰਦਾ ਹੈ, ਪਰ 22 ਕੈਰੇਟ ਦਾ ਮਤਲਬ ਹੁੰਦਾ ਹੈ ਕਿ ਸੋਨੇ ਵਿਚ 91.67 ਫ਼ੀ ਸਦੀ ਸੋਨਾ ਇਸ ਵਿਚ ਹੈ, ਬਾਕੀ 8.33 ਫ਼ੀਸਦੀ ਤਾਂਬਾ ਹੁੰਦਾ ਹੈ। 18 ਕੈਰੇਟ ਦਾ ਮਤਲਬ ਇਸ ਵਿਚ ਸੋਨੇ ਦੀ ਮਾਤਰਾ 75 ਫ਼ੀਸਦੀ ਹੈ, ਬਾਕੀ 25 ਫ਼ੀਸਦੀ ਤਾਂਬਾ ਹੈ।

**11. ਸਵਾਲ : ਭਾਰਤ ਨੂੰ ‘ਭਾਰਤ ਮਾਤਾ’ ਕਿਉਂ ਕਿਹਾ ਜਾਂਦਾ ਹੈ ‘ਭਾਰਤ ਪਿਤਾ’ ਕਿਉਂ ਨਹੀਂ?**

ਜਵਾਬ : ਆਮ ਤੌਰ ’ਤੇ ਮਾਤਰ ਭੂਮੀ ਨੂੰ ਅੰਗਰੇਜ਼ੀ ਵਿਚ ‘ਮਦਰਲੈਂਡ’ ਕਿਹਾ ਜਾਂਦਾ ਹੈ। ਸ਼ਾਇਦ ਸਾਡੇ ਸਭਿਆਚਾਰ ਵਿਚ ਇਸ ਦਾ ਸਬੰਧ ਮਾਂ, ਮਮਤਾ, ਮੋਹ, ਨਿੱਘ ਨਾਲ ਹੈ। ਭਾਰਤ ਵਿਚ ਬੱਚਿਆਂ ਦਾ ਬਚਪਨ ਜ਼ਿਆਦਾ ਮਾਂ ਦੀ ਗੋਦ ਵਿਚ ਹੀ ਬੀਤਦਾ ਹੈ। ਇਸ ਲਈ ਅਸੀਂ ਇਸ ਨੂੰ ‘ਭਾਰਤ ਮਾਤਾ’ ਕਹਿੰਦੇ ਹਾਂ। ਪਰ ਕੌਮਾਂਤਰੀ ਪੱਧਰ ਦੇ ਕਈ ਦੇਸ਼ ਅਜਿਹੇ ਹਨ, ਜਿਸ ਨੂੰ ‘ਪਿਤਾ ਭੂਮੀ’ ਕਹਿੰਦੇ ਹਨ। ਜਰਮਨੀ ਫ਼ਾਦਰਲੈਂਡ ਕਹਾਉਂਦਾ ਹੈ। ਅਮਰੀਕਾ ਨੂੰ ‘ਅੰਕਲ ਸੇਮ’ ਦੀ ਧਰਤੀ ਕਹਿੰਦੇ ਹਨ। ਅੱਜ ਸਮੁੱਚੀ ਦੁਨੀਆਂ ਇਕ ਪਿੰਡ ਵਿਚ ਬਦਲ ਚੁੱਕੀ ਹੈ। ਹਰ ਸਮੇਂ ਬਹੁਤੇ ਵਿਅਕਤੀ ਦੁਨੀਆਂ ਦੇ ਵੱਖ-ਵੱਖ ਕੋਨਿਆਂ ਵਿਚ ਸੰਪਰਕ ਕਰਦੇ ਰਹਿੰਦੇ ਹਨ ਅਤੇ ਜਾਂਦੇ-ਆਉਂਦੇ ਵੀ ਰਹਿੰਦੇ ਹਨ। ਕੱਟੜ ਦੇਸ਼ਭਗਤੀ ਨਾਜ਼ੀਵਾਦ ਵੱਲ ਲੈ ਕੇ ਜਾਂਦੀ ਹੈ। ਸਾਨੂੰ ਆਪਣੇ ਦੇਸ਼ ਅਤੇ ਦੁਨੀਆਂ ਦੇ ਸਮੁੱਚੇ ਲੋਕਾਂ ਨਾਲ ਭਾਵ ਮਨੁੱਖਤਾ ਨਾਲ ਪਿਆਰ ਕਰਨਾ ਚਾਹੀਦਾ ਹੈ। ਪਰ ਸਭਿਆਚਾਰਕ ਅਪਣਾਪਣ ਅਤੇ ਵਖਰੇਵਿਆਂ ਕਾਰਨ ਆਪਣੇ ਸਭਿਆਚਾਰ ਦੇ ਵਿਅਕਤੀ ਜ਼ਿਆਦਾ ਘੁਲ-ਮਿਲ ਜਾਂਦੇ ਹਨ। ਆਉਣ ਵਾਲੇ ਪੰਜਾਹ ਸਾਲਾਂ ਵਿਚ ਹੋ ਸਕਦਾ ਹੈ ਕਿ ਸਾਰੀ ਧਰਤੀ ’ਤੇ ਇਕ ਹੀ ਸਰਕਾਰ ਹੋਵੇ। ਸਾਡੀ ਮੰਗ ਸਮੁੱਚੀ ਦੁਨੀਆਂ ਦੇ ਸਾਰੇ ਅਮੀਰ-ਗ਼ਰੀਬ, ਵੱਖ-ਵੱਖ ਜਾਤਾਂ, ਨਸਲਾਂ ਅਤੇ ਧਰਮਾਂ ਦੇ ਇਕ ਹੋ ਜਾਣ ਦੀ ਹੈ। ਇਸ ਲਈ ਅਸੀਂ ਧਰਤੀ ਨੂੰ ‘ਮਾਤਾ’ ਕਹਿਣਾ ਪਸੰਦ ਕਰਾਂਗੇ।

**12. ਸਵਾਲ : ਹੋਲੀ ਦਾ ਇਤਿਹਾਸ ਕੀ ਹੈ? ਕੀ ਤੁਸੀਂ ਹੋਲੀ ਮਨਾਉਂਦੇ ਹੋ?**

ਜਵਾਬ : ਹੋਲੀ ਰੰਗ ਪਾਉਣ ਦਾ ਤਿਉਹਾਰ ਹੈ। ਬੇਸ਼ੱਕ ਇਸ ਤਿਓਹਾਰ ਵਿਚ ਧਾਰਮਿਕ ਰਸਮ ਨਾ ਹੋਵੇਗਾ, ਪਰ ਇਸ ਦਾ ਵਿਰੋਧ ਕਰਨ ਦਾ ਮਤਲਬ ਤੁਹਾਨੂੰ ਆਪਣੇ ਆਲੇ-ਦੁਆਲੇ ਨਾਲ ਵਿਰੋਧ ਕਰਨਾ ਪੈਂਦਾ ਹੈ, ਕਿਉਂਕਿ ਜਦੋਂ ਸਾਰੇ ਲੋਕ ਇਕ-ਦੂਜੇ ਉਪਰ ਰੰਗ ਸੁੱਟ ਰਹੇ ਹੁੰਦੇ ਹਨ, ਬੱਚੇ ਵੀ ਅਜਿਹਾ ਹੀ ਕਰਦੇ ਹਨ ਤਾਂ ਤੁਸੀਂ ਕਿਸੇ ਨੂੰ ਰੰਗ ਪਾਉਣੋਂ ਜ਼ਬਰਦਸਤੀ ਰੋਕ ਹੀ ਨਹੀਂ ਸਕਦੇ। ਤਰਕਸ਼ੀਲ ਧਾਰਮਿਕ ਰਸਮਾਂ ਦਾ ਤਾਂ ਵਿਰੋਧ ਕਰਦੇ ਹਨ, ਪਰ ਨਰੋਈਆਂ ਸਮਾਜਿਕ ਰਸਮਾਂ ਦਾ ਨਹੀਂ। ਉਂਝ ਵੀ ਜੇ ਉਹ ਸਮਾਜ ਦਾ ਸਾਰਾ ਕੁੱਝ ਰੱਦ ਕਰ ਦਿੰਦੇ ਹਨ ਤਾਂ ਉਨ੍ਹਾਂ ਕੋਲ ਕੋਈ ਬਦਲਾਅ ਵੀ ਨਹੀਂ ਹੈ, ਜਿਸ ਕਾਰਨ ਜ਼ਿੰਦਗੀ ਨੀਰਸ ਹੋ ਜਾਣਾ ਸੁਭਾਵਕ ਹੈ। ਅਸੀਂ ਆਪਣੇ ਘਰ ਵਿਚ ਆਪਣੇ ਸਾਰੇ ਪੁੱਤਾਂ, ਨੂੰਹਾਂ, ਪੋਤੇ-ਪੋਤੀਆਂ ਅਤੇ ਪਤਨੀ ਦਾ ਜਨਮ ਦਿਨ ਮਨਾਉਂਦੇ ਹਾਂ। ਸਾਡੇ ਲਈ ਇਹ ਤਿਓਹਾਰ ਹੈ। ਹੋਲੀ ਦਾ ਸਬੰਧ ‘ਹੋਲਿਕਾ’ ਨਾਲ ਹੈ। ਕਹਿੰਦੇ ਹਨ, ਹਰਨਾਖ਼ਸ਼ ਨਾਂਅ ਦਾ ਇਕ ਜ਼ਾਲਮ ਰਾਜਾ ਸੀ। ਉਹ ਧੱਕੇ ਨਾਲ ਸਾਰੀ ਪਰਜਾ ਨੂੰ ਮਜਬੂਰ ਕਰ ਕੇ ਆਪਣੇ ਆਪ ਨੂੰ ਰੱਬ ਕਹਾਉਂਦਾ ਸੀ। ਉਸ ਦੇ ਪੁੱਤਰ ਪ੍ਰਹਿਲਾਦ ਨੇ ਉਸ ਨੂੰ ਰੱਬ ਮੰਨਣ ਤੋਂ ਇਨਕਾਰ ਕਰ ਦਿੱਤਾ। ਕਹਿੰਦੇ ਹਨ ਹਰਨਾਖਸ਼ ਦੀ ਭੈਣ ‘ਹੋਲਿਕਾ’ ਸੀ। ਹੋਲਿਕਾ ਨੂੰ ਵਰਦਾਨ ਮਿਲਿਆ ਹੋਇਆ ਸੀ ਕਿ ਅੱਗ ਉਸ ਨੂੰ ਸਾੜ ਨਹੀਂ ਸਕਦੀ। ਹਰਨਾਖ਼ਸ਼ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦੀ ਵਿਚ ਬਿਠਾ ਕੇ ਅੱਗ ਵਿਚ ਬਿਠਾ ਦਿੱਤਾ। ਹੋਲਿਕਾ ਸੜ ਕੇ ਮਰ ਗਈ, ਪਰ ਪ੍ਰਹਿਲਾਦ ਬਚ ਗਿਆ। ਪਰਜਾ ਨੇ ਹੋਲਿਕਾ ਦੀ ਸੁਆਹ ਇਕ-ਦੂਜੇ ਉਪਰ ਸੁੱਟ ਕੇ ਖ਼ੁਸ਼ੀ ਮਨਾਈ। ਹੌਲੀ-ਹੌਲੀ ਇਹ ਰਸਮ ਰੰਗ ਸੁੱਟਣ ਦੀ ਰਸਮ ਵਿਚ ਬਦਲ ਗਈ।

**13. ਸਵਾਲ : ਧਰਤੀ ਉਪਰ ਹਜ਼ਾਰਾਂ ਹੀ ਧਰਮ ਹੋਏ ਹਨ। ਇਨ੍ਹਾਂ ਵਿਚੋਂ ਬਹੁਤੇ ਅਲੋਪ ਹੋ ਗਏ। ਕਿਉਂ?**

ਜਵਾਬ : ਅਸਲ ਵਿਚ, ਸਮਾਜ ਸਮੇਂ ਅਨੁਸਾਰ ਬਦਲਦਾ ਰਹਿੰਦਾ ਹੈ। ਜੋ ਰਸਮਾਂ-ਰਿਵਾਜ, ਆਦਤਾਂ, ਸਰਕਾਰਾਂ, ਅਫ਼ਸਰਸ਼ਾਹੀ ਅਤੇ ਵਿਗਿਆਨਕ ਉਪਕਰਨ ਹਰ ਸਮੇਂ ਬਦਲਦੇ ਰਹਿੰਦੇ ਹਨ। ਟੈਲੀਫ਼ੋਨ ਇਸ ਦੀ ਵਧੀਆ ਉਦਾਹਰਣ ਹੈ। ਕਿਸੇ ਸਮੇਂ ਲੈਂਡਲਾਈਨ ਟੈਲੀਫੋਨ ਦੀ ਵਰਤੋਂ ਜ਼ਿਆਦਾ ਹੁੰਦੀ ਸੀ। ਇਸ ਤੋਂ ਬਾਅਦ ‘ਕਾਲਰ’ ਆ ਗਏ। ਹੌਲੀ-ਹੌਲੀ ਮੋਬਾਇਲ ਫੋਨ ਆ ਗਏ। ਫਿਰ ਮੋਬਾਇਲ ਫੋਨ ਵੀ ਸਮਾਰਟ ਹੋ ਗਏ। ਧਰਮ ਕੋਈ ਦੋ ਹਜ਼ਾਰ ਸਾਲ ਪੁਰਾਣੇ ਸਭਿਆਚਾਰ ਦੇ ਅਨੁਸਾਰ ਬਣਾਇਆ ਗਿਆ ਹੁੰਦਾ ਹੈ। ਕਿਸੇ ਦੀ ਮਿਆਦ ਪੰਜ ਸੌ ਸਾਲ ਹੁੰਦੀ ਹੈ। ਇਹ ਸਮੇਂ ਅਨੁਸਾਰ ਅਪਣੀਆਂ ਰਸਮਾਂ ਬਦਲਦਾ ਨਹੀਂ। ਕਿਸੇ ਸਮੇਂ ਜਾ ਕੇ ਲੋਕਾਂ ਨੂੰ ਇਸ ਦੀਆਂ ਰਸਮਾਂ ਅਤੇ ਪ੍ਰੰਪਰਾਵਾਂ ਪੁਰਾਣੀਆਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਲੋਕ ਬਦਲਾਅ ਲੱਭਦੇ ਹੁੰਦੇ ਹਨ। ਧਰਮ ਸਮੇਂ ਅਨੁਸਾਰ, ਆਪਣੇ-ਆਪ ਨੂੰ ਢਾਲਦੇ ਨਹੀਂ। ਕੱਟੜ ਹੋ ਜਾਂਦੇ ਹਨ। ਇਸ ਲਈ ਹੌਲੀ-ਹੌਲੀ ਇਨ੍ਹਾਂ ਦਾ ਨਿਘਾਰ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਅਲੋਪ ਹੋ ਜਾਂਦੇ ਹਨ। ਕੁੱਝ ਡੇਰੇ ਆਪਣੇ-ਆਪ ਨੂੰ ਇਨ੍ਹਾਂ ਸਥਾਪਤ ਕਰ ਲੈਂਦੇ ਹਨ ਕਿ ਉਹ ਨਵੇਂ ਧਰਮਾਂ ਵਿਚ ਬਦਲ ਜਾਂਦੇ ਹਨ। ਉਨ੍ਹਾਂ ਦੀਆਂ ਰਸਮਾਂ ਤੇ ਸਿੱਖਿਆਵਾਂ ਸਮੇਂ ਅਨੁਸਾਰ ਬਣ ਜਾਂਦੀਆਂ ਹਨ। ਇਸ ਤਰ੍ਹਾਂ ਧਰਮ ਅਲੋਪ ਵੀ ਹੁੰਦੇ ਰਹਿੰਦੇ ਹਨ ਅਤੇ ਨਵੇਂ ਉਸਰਦੇ ਵੀ ਰਹਿੰਦੇ ਹਨ।



**14. ਸਵਾਲ : ਇਕ ਪਿੰਡ ਵਿਚ ਨੌਂ ਧਰਮ ਸਥਾਨ ਬਣੇ ਹੋਏ ਹਨ, ਹਰ ਧਰਮ ਸਥਾਨ ਨੇ ਚਾਰ-ਚਾਰ ਸਪੀਕਰ ਲਾਏ ਹੋਏ ਹਨ, ਯਾਨੀ ਕਿ ਕੁੱਝ 36 ਸਪੀਕਰ ਲੱਗੇ ਹੋਏ ਹਨ। ਇਸ ਤੋਂ ਇਲਾਵਾ ਘਰਾਂ ਵਿਚ ਸਤਿਸੰਗ, ਜਗਰਾਤੇ, ਚੌਂਕੀਆਂ, ਰੈਣ-ਸਬਾਈਆਂ, ਕੀਰਤਨ ਦੀਵਾਨ, ਸਾਧਾਂ ਦੇ ਦੀਵਾਨ ਹੋਰ ਵੀ ਕਾਫ਼ੀ ਏਨਾ ਧਰਮ-ਕਰਮ ਕੀਤਾ ਜਾਂਦਾ ਹੈ। ਫਿਰ ਵੀ ਪਿੰਡ ਦੇ 80 ਫ਼ੀ ਸਦੀ ਨੌਜਵਾਨ ਨਸ਼ਿਆਂ**

ਵਿਚ ਫਸੇ ਹੋਏ ਹਨ। ਅਜਿਹਾ ਕਿਉਂ ?

ਜਵਾਬ : ਇਹ ਸਾਰੇ ਧਰਮ-ਕਰਮ ਲੋਕਾਂ ਦੀ ਬੁੱਧੀ ਨੂੰ ਕਤਲ ਕਰਨ ਲਈ ਕੀਤੇ ਜਾਂਦੇ ਹਨ ਤਾਂ ਜੋ ਲੋਕਾਂ ਵਿਚ ਸਵਾਲ ਕਰਨ ਦੀ ਸੋਚ ਹੀ ਪੈਦਾ ਨਾ ਹੋ ਸਕੇ। ਬੰਦ ਦਿਮਾਗ਼ਾਂ ਵਾਲੇ ਲੋਕ, ਨਸ਼ਿਆਂ ਦਾ ਨੁਕਸਾਨ ਸੋਚ ਹੀ ਨਹੀਂ ਸਕਦੇ। ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਦੇ ਸਕਦੀਆਂ। ਕੰਮ ਕਰਵਾਉਣ ਦੀ ਸਮਰੱਥਾ ਮਾਪਿਆਂ ਵਿਚ ਨਹੀਂ ਹੈ। ਜਿਸ ਕਰਕੇ ਨੌਜਵਾਨ ਇਹ ਸੋਚਣ ਲੱਗ ਜਾਂਦੇ ਹਨ ਕਿ ਸਾਡੇ ਕੋਲ ਕਰਨ ਲਈ ਕੰਮ ਅਤੇ ਖਾਣ ਲਈ ਪੈਸੇ ਨਹੀਂ ਹਨ। ਫਿਰ ਅਸੀਂ ਜਿਉਂਕੇ ਕੀ ਲੈਣਾ ਹੈ ? ਇਸ ਲਈ ਉਹ ਜਾਂ ਤਾਂ ਖ਼ੁਦਕੁਸ਼ੀਆਂ ਕਰ ਜਾਂਦੇ ਹਨ ਜਾਂ ਨਸ਼ਿਆਂ ਵਿਚ ਗ੍ਰਸਤ ਹੋ ਜਾਂਦੇ ਹਨ। ਧਾਰਮਿਕ ਸਥਾਨਾਂ 'ਤੇ ਵੱਜਦੇ ਸਪੀਕਰ ਉਨ੍ਹਾਂ ਦੀ ਸੋਚ ਖੁੰਡੀ ਕਰ ਦਿੰਦੇ ਹਨ। ਸੁਪਰੀਮ ਕੋਰਟ ਨੇ 2005 ਵਿਚ ਫ਼ੈਸਲਾ ਕੀਤਾ ਸੀ ਕਿ ਧਾਰਮਿਕ ਸਥਾਨਾਂ ਦਾ ਰੌਲਾ ਹਦੂਦ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਪਰ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਅਜਿਹੇ ਨਿਯਮਾਂ ਤੇ ਅਮਲ ਨੂੰ ਢਿੱਲਾ ਛੱਡ ਦਿੰਦੀਆਂ ਹਨ। ਕਿਉਂਕਿ ਕਿਸੇ ਫ਼ੈਸਲੇ ਨੂੰ ਲਾਗੂ ਤਾਂ ਸਰਕਾਰਾਂ ਨੇ ਹੀ ਕਰਵਾਉਣਾ ਹੁੰਦਾ ਹੈ। ਜੇ ਕਿਸੇ ਪਿੰਡ ਦੇ 15-20 ਵਿਅਕਤੀ ਇਸ ਮਾਮਲੇ ਨੂੰ ਉਸਾਰੂ ਢੰਗ ਨਾਲ ਸੋਚਣ ਤਾਂ ਇਸ ਪੱਖੋਂ ਕੁੱਝ ਸਫਲਤਾ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਧਰਮ ਦੇ ਠੇਕੇਦਾਰਾਂ ਦੀਆਂ ਕਰਤੂਤਾਂ ਦੀ ਕਹਾਣੀ, ਖ਼ੁਦ ਉਨਾਂ ਦੀ ਜ਼ੁਬਾਨੀ

1. "ਉਹ ਟੋਏ 'ਚ ਇਕ-ਦੂਜੇ ਨਾਲ ਲਿਪਟੇ ਹੋਏ ਸਨ। ਅਸੀਂ ਉਸ 'ਚ ਤੇਲ ਅਤੇ ਜਲਦੇ ਟਾਇਰ ਸੁੱਟ ਦਿੱਤੇ ਅਤੇ ਉਨ੍ਹਾਂ ਨੂੰ ਮਾਰ ਦਿੱਤਾ।.. .ਉਨ੍ਹਾਂ ਨੂੰ ਮਾਰ ਕੇ ਮਹਾਰਾਣਾ ਪ੍ਰਤਾਪ ਦੀ ਤਰ੍ਹਾਂ ਮਹਿਸੂਸ ਕੀਤਾ।" -ਨਰੋਦਾ ਪਾਟਿਆ ਹੱਤਿਆਕਾਂਡ ਦਾ ਮੁੱਖ ਕਰਤਾ-ਧਰਤਾ ਬਾਬੂ ਬਜਰੰਗੀ।

2. "ਮੁਸਲਮਾਨਾਂ ਨੇ ਸਾਡੇ ਨਾਲ ਵਨ ਡੇ ਮੈਚ ਖੇਡਿਆ ਹੈ.. .ਉਨ੍ਹਾਂ ਨੇ ਸਾਨੂੰ 60 ਦਾ ਟਾਰਗੇਟ ਦਿੱਤਾ ਹੈ.. . ਅਸੀਂ ਇਹ ਮੈਚ ਹਰ ਹਾਲ 'ਚ ਜਿੱਤਣਾ ਹੈ.. ..ਇਸ ਲਈ ਜਦ ਤੱਕ 600 ਰਨ ਨਾ ਬਣ ਜਾਣ, ਰੁਕਣਾ ਨਹੀਂ।.. .." -ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਤੇ ਸਾਬਰਮਤੀ ਐਕਸਪ੍ਰੈੱਸ 'ਚ ਕਾਰਸੇਵਕਾਂ ਦੇ ਇੰਚਾਰਜ ਰਜਿੰਦਰ ਵਿਆਸ, ਨਰਿੰਦਰ ਮੋਦੀ ਅਤੇ ਸੰਘ ਪਰਿਵਾਰ ਦੇ ਹੋਰ ਸੀਨੀਅਰ ਆਗੂਆਂ ਸਾਹਮਣੇ।

3. "ਅਸੀਂ ਉਨ੍ਹਾਂ ਸਭ ਨੂੰ ਨਿਸ਼ਾਨਾ ਬਣਾਇਆ ਅਤੇ ਮਾਰ ਦਿੱਤਾ, ਜੋ ਪਿਛਲੇ 20-25 ਸਾਲਾਂ ਤੋਂ ਸਾਡੀ ਨਜ਼ਰ 'ਚ ਸਨ।" -ਰਮੇਸ਼ ਦਬੇ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਲੂਪੁਰ ਜ਼ਿਲ੍ਹਾ ਸਕੱਤਰ

4. "ਉਨ੍ਹਾਂ ਨੇ ਉਸ ਨੂੰ (ਕਾਂਗਰਸੀ ਸੰਸਦ ਮੈਂਬਰ ਅਹਿਸਾਨ ਜਾਫ਼ਰੀ) ਬੋਟੀ-ਬੋਟੀ ਵੱਢ ਦਿੱਤਾ, ਫਿਰ ਜਿਉਂਦਾ ਜਲਾ ਦਿੱਤਾ।" -ਮਦਨ ਚਾਵਲਾ, ਗੁਲਬਰਗ ਸੁਸਾਇਟੀ ਹੱਤਿਆਕਾਂਡ 'ਚ ਸ਼ਾਮਲ ਇਕ ਵਪਾਰੀ

5. "ਗੁਲਬਰਗ ਸੁਸਾਇਟੀ 'ਤੇ ਹਮਲਾ ਕਰਨ ਵਾਲਿਆਂ 'ਚ ਸਥਾਨਕ ਲੋਕ ਨਹੀਂ ਸਨ। ਉਹ ਬਜਰੰਗ ਦਲ ਦੇ ਲੋਕ ਸਨ, ਸਭ ਕੋਲ ਤ੍ਰਿਸ਼ੂਲ ਸਨ।" -ਹੱਤਿਆਕਾਂਡ 'ਚ ਸ਼ਾਮਲ ਇਕ ਹੋਰ ਵਪਾਰੀ ਪ੍ਰਹਿਲਾਦ ਰਾਜ

6 . "ਅਸੀਂ ਪੰਜ ਛੇ ਲੋਕਾਂ ਨੇ ਇਕ ਸੂਰ ਨੂੰ ਮਾਰਿਆ, ਫਿਰ ਅਸੀਂ ਸੂਰ ਨੂੰ ਮਸਜਿਦ ਉਪਰ ਲਟਕਾ ਦਿੱਤਾ ਅਤੇ ਕੇਸਰੀ ਝੰਡਾ ਲਹਿਰਾ ਦਿੱਤਾ।.. ..ਉਸੇ ਸ਼ਾਮ ਨੂੰ ਨਰਿੰਦਰ ਭਾਈ (ਨਰਿੰਦਰ ਮੋਦੀ) ਸਾਡੇ ਘਰ ਆਏ। ਸਾਡੀਆਂ ਭੈਣਾਂ ਨੇ ਉਨ੍ਹਾਂ ਨੂੰ ਹਾਰ ਪਹਿਨਾਏ। ਉਨ੍ਹਾਂ ਨੇ (ਮੋਦੀ ਨੇ) ਸਾਨੂੰ ਸ਼ਾਬਾਸ਼ੀ ਦਿੱਤੀ। ਕਿਹਾ ਕਿ ਸਾਨੂੰ ਜਨਮ ਦੇਣ ਵਾਲੀਆਂ ਮਾਵਾਂ ਧੰਨ ਹਨ।" ਨਰੋਦਾ ਪਾਟਿਆ ਕਤਲੇਆਮ 'ਚ ਸ਼ਾਮਲ ਛਾਰਾ ਕਬੀਲੇ ਦੇ ਦੋ ਨੌਜਵਾਨ ਪ੍ਰਕਾਸ਼ ਰਾਠੌਰ ਅਤੇ ਸੁਰੇਸ਼ ਰਿਚਰਡ।

7. "ਆਈਡੀਆ ਖ਼ੁਦ ਮੋਦੀ ਭਾਈ ਦਾ ਸੀ.. ..ਜੇ ਹਿੰਦੂਤਵ ਨੂੰ ਅੱਗੇ ਵਧਾਉਣਾ ਹੈ, ਤਾਂ ਸੋਟੀਆਂ ਨੂੰ ਇਕ ਪਾਸੇ ਰੱਖ ਦਿਓ ਅਤੇ ਏ.ਕੇ 56 ਚੁੱਕੋ। ਸਾਫ਼ ਹੈ ਕਿ ਦੁਸ਼ਮਣ ਕੌਣ ਹਨ- ਮੁਸਲਮਾਨ, ਇਸਾਈ ਅਤੇ ਕਮਿਊਨਿਸਟ" -ਧੀਮੰਤ ਭੱਟ, ਐਸ.ਐਸ. ਯੂਨੀਵਰਸਿਟੀ ਵਡੋਦਰਾ ਦਾ ਆਡੀਟਰ ਅਤੇ ਸੀਨੀਅਰ ਭਾਜਪਾ ਆਗੂ।

8. "ਗੋਧਰਾ ਦੀ ਘਟਨਾ ਨੂੰ ਦਿਨ-ਭਰ ਟੀ.ਵੀ. 'ਤੇ ਵਾਰ-ਵਾਰ ਵਿਖਾਇਆ ਗਿਆ। ਇਸ ਨੇ ਸਾਡੇ ਕਾਰਕੁਨਾਂ ਨੂੰ ਪ੍ਰੇਰਿਤ ਕੀਤਾ। .. ..ਛੋਟੇ ਤੋਂ ਛੋਟਾ ਪਿੰਡ ਵੀ ਨਹੀਂ ਛੱਡਿਆ ਗਿਆ।.. ..ਆਈਡੀਆ ਇਹ ਸੀ ਕਿ ਜਿੰਨੇ ਮੁਸਲਮਾਨਾਂ ਨੂੰ ਹੋ ਸਕੇ ਨੁਕਸਾਨ ਪਹੁੰਚਾਓ, ਜਲਾ ਦਿਓ, ਵੱਢ ਦਿਓ।" -ਅਨਿਲ ਪਟੇਲ, ਵਿਹਿਪ ਦਾ ਸਾਬਰਕੰਠ ਜ਼ਿਲ੍ਹਾ ਪ੍ਰਧਾਨ।

9. "ਅਸੀਂ ਏਨੇ ਹਥਿਆਰ ਵੰਡਵਾਏ ਕਿ ਲੋਕ ਦੰਗ ਰਹਿ ਗਏ। ਅਸੀਂ ਉਨ੍ਹਾਂ ਨੂੰ ਇੱਥੇ (ਆਪਣੇ ਕਾਰਖ਼ਾਨਿਆਂ ਵਿਚ) ਬਣਾਇਆ ਅਤੇ ਪਰਖਿਆ।" -ਹਰੇਸ਼ ਭੱਟ, ਗੋਧਰਾ ਦਾ ਭਾਜਪਾ ਵਿਧਾਇਕ।


## ਵਿਗਿਆਨ ਜੋਤ

*ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ ਬਣਾਉਣ ਵਾਲੇ ਨੂੰ**

*70 ਰੁਪਏ ਮੁੱਲ ਦੀਆਂ ਕਿਤਾਬਾਂ*
*ਇਨਾਮ ਵਜੋਂ ਭੇਜੀਆਂ ਜਾਣਗੀਆਂ।*

**ਦਸ ਪਾਠਕ ਬਣਾਉਣ ਵਾਲੇ ਨੂੰ**

*160 ਰੁਪਏ ਮੁੱਲ ਦੀਆਂ ਕਿਤਾਬਾਂ*
*ਇਨਾਮ ਵਜੋਂ ਭੇਜੀਆਂ ਜਾਣਗੀਆਂ।*

**ਵੀਹ ਪਾਠਕ ਬਣਾਉਣ ਵਾਲੇ ਨੂੰ**

*340 ਰੁਪਏ ਮੁੱਲ ਦੀਆਂ ਕਿਤਾਬਾਂ*
*ਇਨਾਮ ਵਜੋਂ ਭੇਜੀਆਂ ਜਾਣਗੀਆਂ।*

**ਪੰਜਾਹ ਪਾਠਕ ਬਣਾਉਣ ਵਾਲੇ ਨੂੰ**

*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
*ਇਨਾਮ ਵਜੋਂ ਭੇਜੇ ਜਾਣਗੇ।*

*ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ 'ਤੇ ਭੇਜੀ ਜਾਵੇ :*

***ਅਮਿੱਤ ਮਿੱਤਰ***
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

*ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।*
*✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।*
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ






# ਤਰਕਭਾਰਤੀ ਪ੍ਰਕਾਸ਼ਨ

ਪੁਰਾਣੀ ਸਬਜ਼ੀ ਮੰਡੀ,
ਕੱਚਾ ਕਾਲਜ ਰੋਡ, ਬਰਨਾਲਾ-148101
ਈਮੇਲ: tarksheel@gmail.com

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

# ਵਿਗਿਆਨਕ ਖ਼ਬਰਾਂ





## ✪ ਆਖ਼ਿਰ ਕੌਣ ਸੀ ਚਾਰਲਸ ਡਾਰਵਿਨ ਦੀ ਮਦਦ ਕਰਨ ਵਾਲਾ?

ਚਾਰਲਸ ਡਾਰਵਿਨ ਨੂੰ ਅਸੀਂ ਇਕ ਮਹਾਨ ਵਿਗਿਆਨੀ ਵਜੋਂ ਜਾਣਦੇ ਹਾਂ, ਜਿਨ੍ਹਾਂ ਨੇ ਜ਼ਿੰਦਗੀ ਦੇ ਵਿਕਾਸ ਦੇ ਸਿਧਾਂਤ ਦੀ ਖੋਜ ਕੀਤੀ। ਉਨ੍ਹਾਂ ਨੇ ਬਰਤਾਨਵੀ ਜਹਾਜ ਐਚ. ਐਮ.ਐਸ. ਬੀਗਲ ਰਾਹੀਂ ਦੱਖਣੀ ਅਮਰੀਕਾ ਦੇ ਗੈਲੇਪੈਗੋਸ ਟਾਪੂ ਦਾ ਸਫ਼ਰ ਕੀਤਾ ਸੀ। ਉਥੋਂ ਦੇ ਅਜੀਬੋ-ਗ਼ਰੀਬ ਜਾਨਵਰਾਂ ਤੋਂ ਹੀ ਉਨ੍ਹਾਂ ਦੇ ਵਿਕਾਸ ਦੇ ਸਿਧਾਂਤ ਦੀ ਸ਼ੁਰੂਆਤ ਹੋਈ। ਪਰ, ਹਾਲ ਹੀ ਵਿਚ ਕੁੱਝ ਅਜਿਹੇ ਦਸਤਾਵੇਜ਼ ਸਾਹਮਣੇ ਆਏ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਡਾਰਵਿਨ ਨੇ ਸਿਰਫ਼ ਜਾਨਵਰਾਂ ਨੂੰ ਵੇਖ ਕੇ ਹੀ ਨਹੀਂ, ਵਿਗਿਆਨ ਦੀਆਂ ਆਪਣੀਆਂ ਕਈ ਥਿਊਰੀਆਂ ਲਈ ਆਪਣੇ ਬੱਚਿਆਂ ਦੀ ਵੀ ਵਰਤੋਂ ਕੀਤੀ ਸੀ। ਡਾਰਵਿਨ ਅਤੇ ਉਨ੍ਹਾਂ ਦੇ ਬੱਚਿਆਂ ਦੀਆਂ ਕਈ ਚਿੱਠੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ ਤੋਂ ਇਹ ਹੈਰਾਨ ਕਰਨ ਵਾਲੀ ਜਾਣਕਾਰੀ ਮਿਲੀ ਹੈ। ਨਾਲ ਹੀ ਡਾਰਵਿਨ ਦੀ ਨੋਟਬੁਕ ਤੋਂ ਵੀ ਇਹ ਰਾਜ ਖੁੱਲ੍ਹਿਆ ਹੈ।

ਜਦੋਂ ਡਾਰਵਿਨ ਦੇ ਬੇਟਾ ਵਿਲੀਅਮ ਪੈਦਾ ਹੋਇਆ ਤਾਂ ਉਨ੍ਹਾਂ ਨੇ ਆਪਣੇ ਬੇਟੇ ਦੀ ਹਰ ਹਰਕਤ ਨੂੰ ਨੋਟ ਕਰਨਾ ਸ਼ੁਰੂ ਕਰ ਦਿੱਤਾ ਸੀ। ਅੱਜ ਡਾਰਵਿਨ ਦੀ ਨੋਟਬੁਕ ਪੜ੍ਹੀਏ ਤਾਂ ਉਨ੍ਹਾਂ ਦੇ ਬੇਟੇ ਬਾਰੇ ਡਾਰਵਿਨ ਦੇ ਨੋਟ ਬਹੁਤ ਹੈਰਾਨ ਕਰਨ ਵਾਲੇ ਹਨ। ਕੈਂਬਰਿਜ ਯੂਨੀਵਰਸਿਟੀ ਲਾਈਬ੍ਰੇਰੀ ਵਿਚ ਰੱਖੀ ਡਾਰਵਿਨ ਦੀ ਨੋਟਬੁਕ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਵਿਗਿਆਨ ਦੇ ਦਖ਼ਲ ਦਾ ਦਸਤਾਵੇਜ਼ੀ ਸਬੂਤ ਹੈ। ਡਾਰਵਿਨ ਆਪਣੇ ਬੇਟੇ ਬਾਰੇ ਲਿਖਦੇ ਹਨ, "ਪਹਿਲੇ ਹਫ਼ਤੇ ਵਿਚ ਉਸ ਨੇ ਕਿਸੇ ਬਜ਼ੁਰਗ ਵਾਂਗ ਹੱਥ-ਪੈਰ ਮਾਰੇ, ਹਿਚਕੀ ਲਈ, ਛਿੱਕਾਂ ਅਤੇ ਚੂਸਾ.. ."

ਅੱਜ ਅਸੀਂ ਡਾਰਵਿਨ ਦੇ ਸਿਧਾਂਤਾਂ ਬਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਪਰ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਬਾਰੇ ਬਹੁਤ ਘੱਟ ਜਾਣਕਾਰੀ ਹੈ ਅਤੇ ਇਹ ਤਾਂ ਹੋਰ ਵੀ ਘੱਟ ਪਤਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੇ ਸਿਧਾਂਤ ਦੀ ਖੋਜ ਵਿਚ ਮਦਦ ਕੀਤੀ। ਖ਼ਾਸ ਗੱਲ ਇਹ ਹੈ ਕਿ ਉਨ੍ਹਾਂ ਦੇ ਵੱਡੇ ਹੁੰਦੇ ਬੱਚਿਆਂ ਦੀ ਜ਼ਿੰਦਗੀ ਨੇ ਵੀ ਉਨ੍ਹਾਂ ਦੇ ਮਨੁੱਖੀ ਵਿਕਾਸ ਨੂੰ ਸਮਝਣ ਵਿਚ ਮਦਦ ਕੀਤੀ।

ਡਾਰਵਿਨ ਦਾ ਬੇਟਾ ਵਿਲੀਅਮ ਲੰਡਨ ਦੇ ਚਿੜੀਆਘਰ ਵਿਚ ਔਰੰਗਟਾਨ ਜੇਨੀ ਨਾਲ ਉਨ੍ਹਾਂ ਦੀ ਮੁਲਾਕਾਤ ਤੋਂ ਇਕ ਸਾਲ ਬਾਅਦ ਪੈਦਾ ਹੋਇਆ ਸੀ। ਸਿੰਗਾਪੁਰ ਨੈਸ਼ਨਲ ਯੂਨੀਵਰਸਿਟੀ ਦੇ ਜਾਨ ਵਾਨ ਵਹੇ ਕਹਿੰਦੇ ਹਨ ਕਿ ਜੇਨੀ ਰਾਹੀਂ ਡਾਰਵਿਨ ਨੇ ਧਰਤੀ 'ਤੇ ਮਨੁੱਖੀ ਵਿਕਾਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਜਿਸ ਵੇਲੇ ਉਹ ਜੇਨੀ ਨੂੰ ਮਿਲੇ ਉਹ, ਮਨੁੱਖ ਦੇ ਵਿਕਾਸ ਬਾਰੇ ਸੋਚ-ਵਿਚਾਰ ਕਰ ਰਹੇ ਸਨ। ਉਹ ਕਈ ਥਿਊਰੀਆਂ 'ਤੇ ਕੰਮ ਕਰ ਰਹੇ ਸਨ। ਪਰ ਜੇਨੀ ਤੋਂ ਪਹਿਲਾਂ ਉਹ ਇਨਸਾਨ ਦੇ ਕਿਸੇ ਕਰੀਬੀ ਰਿਸ਼ਤੇਦਾਰ ਨੂੰ ਨਹੀਂ ਮਿਲੇ ਸਨ। ਜੇਨੀ ਨੂੰ ਵੇਖ ਕੇ ਉਨ੍ਹਾਂ ਨੂੰ ਇਹ ਸਮਝਣ ਵਿਚ ਆਸਾਨੀ ਹੋਈ ਕਿ ਇਨਸਾਨ ਦੇ ਪੁਰਖੇ ਬੰਦਰ ਸਨ। ਵਹੇ ਕਹਿੰਦੇ ਹਨ ਕਿ ਜਦੋਂ ਡਾਰਵਿਨ ਜੇਨੀ ਨੂੰ ਮਿਲਿਆ ਤਾਂ ਉਨ੍ਹਾਂ ਦੇ ਦਿਮਾਗ਼ ਵਿਚ ਇਹ ਗੱਲ ਚੱਲ ਰਹੀ ਸੀ ਕਿ ਇਨਸਾਨਾਂ ਦਾ ਬੰਦਰਾਂ ਨਾਲ ਜ਼ਰੂਰ ਕੋਈ ਨਾ ਕੋਈ ਨਾਤਾ ਹੈ। ਜਦੋਂ ਉਨ੍ਹਾਂ ਨੇ ਜੇਨੀ ਦੀਆਂ ਹਰਕਤਾਂ ਅਤੇ ਉਸ ਦੇ ਹਾਵ-ਭਾਵ 'ਤੇ ਗੌਰ ਕੀਤਾ ਤਾਂ ਉਨ੍ਹਾਂ ਨੂੰ ਅਪਣੀ ਗੱਲ ਸੱਚ ਲੱਗੀ।

## ✪ ਅਫ਼ਵਾਹਾਂ ਦੇ ਗਰਮ ਬਾਜ਼ਾਰ ਤੋਂ ਕਿਵੇਂ ਬਚੀਏ?

ਲੋਕ ਬਹੁਤ ਛੇਤੀ ਅਫ਼ਵਾਹਾਂ 'ਤੇ ਯਕੀਨ ਕਰ ਲੈਂਦੇ ਹਨ। ਚਾਲਾਕ ਤੋਂ ਚਾਲਾਕ ਲੋਕ, ਝੂਠ ਜਾਂ ਗ਼ਲਤ ਗੱਲਾਂ ਦੇ ਅਜਿਹੇ ਜਾਲ ਵਿਚ ਫਸ ਜਾਂਦੇ ਹਨ, ਕਦੇ ਤੁਸੀਂ ਸੋਚਿਆ ਕਿ ਅਜਿਹਾ ਕਿਉਂ ਹੁੰਦਾ ਹੈ?

ਇਸ ਸਬੰਧੀ ਸਭ ਤੋਂ ਪਹਿਲਾਂ ਅਮਰੀਕਾ ਵਿਚ ਸਾਲ 2000 ਵਿਚ ਫੈਲੀ ਇਕ ਅਫ਼ਵਾਹ ਬਾਰੇ ਗੱਲ ਕਰਦੇ ਹਾਂ। ਉਸ ਸਾਲ, ਅਮਰੀਕਾ ਵਿਚ ਅਚਾਨਕ ਈ-ਮੇਲਾਂ ਦਾ ਹੜ੍ਹ ਆ ਗਿਆ, ਜਿਸ ਵਿਚ ਕਿਹਾ ਜਾ ਰਿਹਾ ਸੀ ਕਿ ਇਕ ਖ਼ਾਸ ਤਰ੍ਹਾਂ ਦਾ ਕੇਲਾ ਖਾਣ ਨਾਲ ਤੁਹਾਡੀ ਚਮੜੀ ਫਟ ਜਾਵੇਗੀ ਅਤੇ ਤੁਸੀਂ ਮਰ ਜਾਵੋਗੇ। ਲੋਕਾਂ ਨੇ ਇਕ-ਦੂਜੇ ਨੂੰ ਇਹ ਮੇਲ ਭੇਜ ਕੇ, ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਚਿਤਾਵਨੀ ਦੇ ਦਿੱਤੀ। ਜਦਕਿ ਇਹ ਬਿਲਕੁਲ ਬਕਵਾਸ ਸੀ, ਜਿਸ ਨੂੰ ਤੁਰੰਤ ਰੱਦ ਕਰ ਦੇਣਾ ਚਾਹੀਦਾ ਸੀ। ਪਰ ਲੋਕਾਂ ਨੇ ਇਸ 'ਤੇ ਯਕੀਨ ਕਰ ਲਿਆ। ਇਸ ਮਾਮਲੇ 'ਤੇ ਈ-ਮੇਲਾਂ ਦਾ ਅਜਿਹਾ ਹੜ੍ਹ ਆ ਗਿਆ ਕਿ ਅਮਰੀਕੀ ਸਿਹਤ ਵਿਭਾਗ ਨੇ ਬਾਕਾਇਦਾ ਸਫ਼ਾਈ ਜਾਰੀ ਕੀਤੀ ਕਿ ਅਜਿਹਾ ਕੁੱਝ ਨਹੀਂ ਹੈ, ਪਰ ਲੋਕਾਂ ਨੂੰ ਯਕੀਨ ਨਹੀਂ ਆਇਆ।

ਐਮਰਜੈਂਸੀ ਨੰਬਰਾਂ 'ਤੇ ਕਾਲਾਂ ਆਉਣ ਲੱਗੀਆਂ ਕਿ ਉਨ੍ਹਾਂ ਨੇ ਅਜਿਹਾ ਕੇਲਾ ਖਾ ਲਿਆ, ਜਿਸ ਕਰਕੇ ਉਨ੍ਹਾਂ ਨੂੰ ਮਦਦ ਦੀ ਲੋੜ ਹੈ। ਮਜਬੂਰਨ ਅਮਰੀਕੀ ਫੂਡ ਐਂਡ ਡਰੱਗ ਵਿਭਾਗ ਨੂੰ 'ਬਨਾਨਾ ਹੈਲਪਲਾਈਨ' ਸ਼ੁਰੂ ਕਰਨੀ ਪਈ। ਮੁਸ਼ਕਲ ਨਾਲ ਹਾਲਾਤਾਂ 'ਤੇ ਕਾਬੂ ਪਾਇਆ।

ਹਾਲ ਹੀ ਵਿਚ ਅਮਰੀਕਾ ਸਮੇਤ ਕਈ ਦੇਸ਼ਾਂ ਵਿਚ ਇਹ ਅਫ਼ਵਾਹ ਫੈਲ ਗਈ ਕਿ ਸੈਲੇਬ੍ਰਿਟੀ, ਪਾਲ ਮੈਕਾਰਟਨੀ, ਮਾਈਲੀ ਸਾਈਰਸ ਅਤੇ ਮੇਗਨ ਫ਼ਾਕਸ, ਤਿੰਨੇ ਦੇ ਤਿੰਨੇ ਹੀ ਮਾਰੇ ਜਾ ਚੁੱਕੇ ਹਨ। ਅੱਜ ਦੁਨੀਆਂ ਸਾਹਮਣੇ ਇਨ੍ਹਾਂ ਦੇ ਨਾਮ ਦੇ ਜੋ ਲੋਕ ਹਨ, ਉਹ ਅਸਲ ਵਿਚ ਇਨ੍ਹਾਂ ਵਰਗੇ ਵਿਖਾਈ ਦੇਣ ਵਾਲੇ ਲੋਕ ਹਨ, ਅਸਲੀ ਨਹੀਂ।

ਇਹ ਅਫ਼ਵਾਹ ਵੀ ਫੈਲੀ ਕਿ ਏਡਜ਼ ਦੀ ਬਿਮਾਰੀ ਨੁਕਸਾਨਦੇਹ ਨਹੀਂ ਜਾਂ ਫਿਰ 9/11 ਦਾ ਹਮਲਾ, ਅਸਲ ਵਿਚ ਅਮਰੀਕਾ ਨੇ ਖ਼ੁਦ ਆਪਣੇ ਉਪਰ ਕਰਵਾਇਆ ਸੀ। ਭਾਰਤ ਵਿਚ ਵੀ ਕਈ ਵਾਰ ਅਜਿਹੀਆਂ ਅਫ਼ਵਾਹਾਂ ਫੈਲ ਚੁੱਕੀਆਂ ਹਨ। ਕਦੇ ਗਣੇਸ਼ ਦੀ ਮੂਰਤੀ ਦੇ ਦੁਧ ਪੀਣ ਦੀ, ਤਾਂ ਕਦੇ ਕਿਸੇ ਬਿਮਾਰੀ ਦੇ ਫੈਲਣ ਦੀ।

ਆਖ਼ਿਰ ਕਿਉਂ ਅਸੀਂ ਅਜਿਹੀਆਂ ਊਲ-ਜਲੂਲ ਗੱਲਾਂ 'ਤੇ ਯਕੀਨ

ਕਰ ਲੈਂਦੇ ਹਾਂ? ਮਨੋਵਿਗਿਆਨੀ ਕਹਿੰਦੇ ਹਨ ਕਿ ਦਿਮਾਗ਼ ਦੀ ਵਰਤੋਂ ਵਿਚ ਅਸੀਂ ਹਮੇਸ਼ਾ ਕੰਜੂਸੀ ਵਰਤਦੇ ਹਾਂ। ਸੋਚ-ਵਿਚਾਰ ਕੇ ਕਿਸੇ ਵੀ ਗੱਲ ’ਤੇ ਭਰੋਸਾ ਕਰਨ ਦੀ ਬਜਾਏ ਅਸੀਂ ਬਹੁਤ ਛੇਤੀ ਅੰਦਾਜ਼ਿਆਂ ’ਤੇ ਯਕੀਨ ਕਰ ਲੈਂਦੇ ਹਾਂ। ਇਸ ਵਿਚ ਦਿਮਾਗ਼ ’ਤੇ ਜ਼ੋਰ ਨਹੀਂ ਪਾਉਣਾ ਪੈਂਦਾ। ਇਸ ਤੋਂ ਇਲਾਵਾ, ਅਸੀਂ ਕਈ ਵਾਰ ਗੜਬੜੀ ਸਾਹਮਣੇ ਹੁੰਦੇ ਹੋਏ ਵੀ ਉਸ ਨੂੰ ਨੋਟਿਸ ਨਹੀਂ ਕਰ ਪਾਉਂਦੇ। ਜਿਵੇਂ ਤੁਹਾਡੇ ਤੋਂ ਪੁਛਿਆ ਜਾਵੇ ਕਿ ਮਾਰਗਰੇਟ ਥੈਚਰ ਕਿਸ ਦੇਸ਼ ਦੀ ਰਾਸ਼ਟਰਪਤੀ ਸੀ? ਅੱਧੇ ਤੋਂ ਵੱਧ ਲੋਕ ਸਵਾਲ ਦਾ ਜਵਾਬ ਇੰਗਲੈਂਡ ਲਿਖਣਗੇ, ਇਹ ਧਿਆਨ ਦਿੱਤੇ ਬਗੈਰ ਕਿ ਥੈਚਰ ਤਾਂ ਅਸਲ ਵਿਚ ਇੰਗਲੈਂਡ ਦੀ ਪ੍ਰਧਾਨ ਮੰਤਰੀ ਸੀ, ਰਾਸ਼ਟਰਪਤੀ ਨਹੀਂ। ਲੋਕਾਂ ਨੂੰ ਅਕਸਰ ਅਜਿਹਾ ਭਰਮ ਹੋ ਜਾਂਦਾ ਹੈ। ਅਸੀਂ ਕਈ ਵਾਰ, ਸਾਹਮਣੇ ਸਾਫ਼ ਤੌਰ ’ਤੇ ਵਿਖਾਈ ਦੇਣ ਵਾਲੀ ਗੜਬੜੀ ਵੀ ਫੜ ਨਹੀਂ ਪਾਉਂਦੇ। ਹਮੇਸ਼ਾ ਬੇਖ਼ਿਆਲੀ ਵਿਚ ਜੋ ਕਿਹਾ ਜਾਂਦਾ ਹੈ, ਉਸ ’ਤੇ ਸਹਿਜ ਤੌਰ ’ਤੇ ਯਕੀਨ ਕਰ ਲੈਂਦੇ ਹਾਂ।

### ✪ ਕਿੰਨੀ ਕੁ ਆਬਾਦੀ ਨੂੰ ਝੱਲ ਸਕਦੀ ਹੈ ਧਰਤੀ?

ਦੁਨੀਆਂ ਵਿਚ ਇਸ ਗੱਲ ਦੀ ਚਰਚਾ ਜ਼ੋਰਾਂ ’ਤੇ ਹੈ ਕਿ ਆਬਾਦੀ ਵਧ ਰਹੀ ਹੈ। ਭਾਰਤ, ਚੀਨ ਸਣੇ ਕਈ ਦੇਸ਼ ਆਬਾਦੀ ’ਤੇ ਲਗਾਮ ਲਾਉਣ ਲਈ ਕੁਦਰਤ ਦੇ ਸੀਮਤ ਸਾਧਨਾਂ ਦਾ ਹਵਾਲਾ ਦੇ ਰਹੇ ਹਨ। ਇਹ ਤਾਂ ਸਾਫ਼ ਹੈ ਕਿ ਸਾਡੀ ਧਰਤੀ ਦਾ ਆਕਾਰ ਨਹੀਂ ਵਧਦਾ ਜਾ ਰਿਹਾ। ਇਥੇ ਮੌਜੂਦ ਸਾਧਨ ਵੀ ਹੁਣ ਵਧਣ ਵਾਲੇ ਨਹੀਂ, ਜਿਵੇਂ ਪਾਣੀ, ਖੇਤੀ ਦੇ ਲਾਇਕ ਜ਼ਮੀਨ। ਵਿਸ਼ਲੇਸ਼ਕ ਹਮੇਸ਼ਾ ਚਿਤਾਵਨੀ ਦਿੰਦੇ ਹਨ ਕਿ ਵਧਦੀ ਆਬਾਦੀ, ਇਨਸਾਨਾਂ ਦੀ ਹੋਂਦ ਲਈ ਸਭ ਤੋਂ ਵੱਡਾ ਖ਼ਤਰਾ ਹੈ।



ਅਜਿਹੇ ਵਿਚ ਸਵਾਲ ਉੱਠਦਾ ਹੈ ਕਿ ਕੀ ਧਰਤੀ ਮਨੁੱਖੀ ਬੋਝ ਉਠਾ ਸਕਦੀ ਹੈ? ਕੀ ਸੱਚ-ਮੁੱਚ ਵਧਦੀ ਆਬਾਦੀ ਸਾਡੀ ਧਰਤੀ ਨੂੰ ਤਬਾਹ ਕਰ ਦੇਵੇਗੀ? ਲੰਡਨ ਦੇ ਇੰਟਰਨੈਸ਼ਨਲ ਇੰਟੀਚਿਊਟ ਆਫ਼ ਇਨਵਾਇਰਨਮੈਂਟ ਐਂਡ ਡਿਵੈਲਪਮੈਂਟ ਦੇ ਸੀਨੀਅਰ ਫੈਲੋ ਡੇਵਿਡ ਸੈਟਰਥਵੇਟ ਕਹਿੰਦੇ ਹਨ ਕਿ ਅਜਿਹਾ ਨਹੀਂ ਹੈ। ਡੇਵਿਡ ਮੁਤਾਬਕ, ਆਬਾਦੀ ਤੋਂ ਵੱਧ ਅਹਿਮੀਅਤ ਇਸ ਗੱਲ ਦੀ ਹੈ ਕਿ ਤੁਸੀਂ ਸਾਧਨਾਂ ਦੀ ਵਰਤੋਂ ਕਰਦੇ ਹੋ। ਉਹ ਮਹਾਤਮਾ ਗਾਂਧੀ ਦਾ ਹਵਾਲਾ ਦਿੰਦੇ ਹਨ।

ਗਾਂਧੀ ਜੀ ਨੇ ਕਿਹਾ ਸੀ: ਧਰਤੀ ’ਤੇ ਸਾਰਿਆਂ ਦੀ ਲੋੜ ਦਾ ਸਾਮਾਨ ਹੈ, ਪਰ ਸਭ ਲਈ ਲਾਲਚ ਪੂਰਾ ਕਰਨ ਦੇ ਲਾਇਕ ਨਹੀਂ। ਪਹਿਲਾਂ, ਧਰਤੀ ’ਤੇ ਇਨਸਾਨਾਂ ਦੀ ਆਬਾਦੀ ਬਹੁਤ ਜ਼ਿਆਦਾ ਨਹੀਂ ਸੀ। ਵਿਗਿਆਨੀ ਕਹਿੰਦੇ ਹਨ ਕਿ ਦਸ ਹਜ਼ਾਰ ਸਾਲ ਪਹਿਲਾਂ ਤਕ ਧਰਤੀ ’ਤੇ ਸਿਰਫ਼ ਕੁੱਝ ਲੱਖ ਇਨਸਾਨ ਸਨ। ਅਠਾਰਵੀਂ ਸਦੀ ਦੇ ਅਖ਼ੀਰ ਵਿਚ ਆ ਕੇ ਧਰਤੀ ਦੀ ਆਬਾਦੀ ਨੇ ਸੌ ਕਰੋੜ ਦਾ ਅੰਕੜਾ ਪਾਰ ਕਰ ਲਿਆ ਸੀ। 1920 ਵਿਚ ਜਾ ਕੇ ਧਰਤੀ ’ਤੇ ਦੋ ਸੌ ਕਰੋੜ ਲੋਕ ਹੋਏ ਸਨ।

### ✪ ਹੁਣ ਸਿਰਫ਼ ਬੱਲਬ ਦੀ ਰੌਸ਼ਨੀ ਹੀ ਧੋ ਦੇਵੇਗੀ ਤੁਹਾਡੇ ਕੱਪੜੇ!

ਖੋਜਾਰਥੀਆਂ ਨੇ ਇਕ ਅਜਿਹੀ ਤਕਨੀਕ ਵਿਕਸਤ ਕੀਤੀ ਹੈ, ਜਿਸ ਨਾਲ ਕੱਪੜਿਆਂ ਨੂੰ ਬਲਬ ਦੀ ਰੌਸ਼ਨੀ ਜਾਂ ਧੁੱਪ ਵਿਚ ਛੇ ਮਿੰਟ ਤਕ ਰੱਖਣ ’ਤੇ ਹੀ ਉਹ ਖ਼ੁਦ ਸਾਫ਼ ਹੋ ਜਾਂਦੇ ਹਨ। ਇਹ ਖ਼ਬਰ ਖ਼ਾਸ ਕਰ ਕੇ ਔਰਤਾਂ ਲਈ ਹੈ, ਕਿਉਂਕਿ ਜੇਕਰ ਉਨ੍ਹਾਂ ਦੇ ਘਰੇਲੂ ਕੰਮਾਂ ਵਿਚੋਂ ਕੱਪੜੇ ਧੋਣ ਦੇ ਕੰਮ ਨੂੰ ਕੱਢ ਦਿੱਤਾ ਜਾਵੇ ਤਾਂ ਉਨ੍ਹਾਂ ਕੋਲ ਅਪਣੇ ਲਈ ਬਹੁਤ ਸਾਰਾ ਵਕਤ ਬਚ ਜਾਂਦਾ ਹੈ, ਬਹੁਤ ਛੇਤੀ ਕੱਪੜਿਆਂ ਨੂੰ ਸਾਫ਼ ਰੱਖਣ ਲਈ ਉਨ੍ਹਾਂ ਨੂੰ ਧੋਣ ਦੀ ਲੋੜ ਖ਼ਤਮ ਹੋ ਜਾਵੇਗੀ। ਖੋਜਾਰਥੀਆਂ ਨੇ ਅਜਿਹੀ ਤਕਨੀਕ ਵਿਕਸਤ ਕੀਤੀ ਹੈ, ਜਿਸ ਨਾਲ ਕੱਪੜਿਆਂ ਨੂੰ ਬਲਬ ਦੀ ਰੌਸ਼ਨੀ ਜਾਂ ਧੁੱਪ ਵਿਚ ਛੇ ਮਿੰਟ ਤਕ ਰੱਖਣ ’ਤੇ ਖ਼ੁਦ ਸਾਫ਼ ਹੋ ਜਾਂਦੇ ਹਨ।

ਮੈਲਬਰਨ ਦੇ ਆਰ.ਐਸ.ਆਈ.ਟੀ. ਯੂਨੀਵਰਸਿਟੀ ਦੇ ਖੋਜਾਰਥੀਆਂ ਨੇ ਵਿਸ਼ੇਸ਼ ਨੈਨੋ ਤਕਨੀਕ ਨਾਲ ਇਕ ਕੱਪੜਾ ਤਿਆਰ ਕੀਤਾ ਹੈ। ਇਹ ਰੌਸ਼ਨੀ ਵਿਚ ਅਪਣੇ-ਆਪ ਸਾਫ਼ ਹੋ ਜਾਂਦਾ ਹੈ। ਖੋਜਾਰਥੀਆਂ ਦੀ ਇਸ ਟੀਮ ਵਿਚ ਇਕ ਭਾਰਤੀ ਮੂਲ ਦੇ ਵਿਗਿਆਨੀ ਵੀ ਸ਼ਾਮਲ ਹਨ। ਖੋਜੀ ਰਾਜੇਸ਼ ਰਾਮਨਾਥਨ ਨੇ ਦਸਿਆ ਕਿ ਹਾਲਾਂਕਿ ਉਹ ਸਮਾਂ ਅਜੇ ਦੂਰ ਹੈ, ਜਦੋਂ ਤੁਸੀਂ ਆਪਣੀ ਮਸ਼ੀਨ ਨੂੰ ਗੁੱਡ ਬਾਏ ਕਹੋਗੇ, ਪਰ ਇਸ ਖੋਜ ਨਾਲ ਭਵਿੱਖ ਵਿਚ ਖ਼ੁਦ ਸਾਫ਼ ਹੋਣ ਵਾਲੇ ਕੱਪੜਿਆਂ ਦੇ ਵਿਕਾਸ ਲਈ ਮਜ਼ਬੂਤ ਆਧਾਰ ਤਿਆਰ ਹੋਇਆ ਹੈ।

ਖੋਜੀਆਂ ਨੇ ਇਹ ਕੱਪੜਾ ਚਾਂਦੀ ਅਤੇ ਤਾਂਬਾ ਆਧਾਰਤ ਨੈਨੋ ਸੰਰਚਨਾਵਾਂ ਨਾਲ ਵਿਕਸਤ ਕੀਤਾ ਹੈ। ਇਹ ਪ੍ਰਕਾਸ਼ ਨੂੰ ਸੋਖਣ ਦੀ ਸਮਰੱਥਾ ਲਈ ਜਾਣੇ ਜਾਂਦੇ ਹਨ, ਜਦੋਂ ਇਨ੍ਹਾਂ ਨੈਨੋ ਸੰਰਚਨਾਵਾਂ ’ਤੇ ਪ੍ਰਕਾਸ਼ ਪਾਇਆ ਜਾਂਦਾ ਹੈ ਤਾਂ ਇਨ੍ਹਾਂ ਵਿਚ ਊਰਜਾ ਦੇ ਸੰਚਾਰ ਨਾਲ ਗਰਮ ਇਲੈਕਟ੍ਰਾਨ ਨਿਕਲਦੇ ਹਨ, ਉਹ ਗਰਮ ਇਲੈਕਟ੍ਰਾਨ ਬਹੁਤ ਸਾਰੀ ਊਰਜਾ ਪੈਦਾ ਕਰਦੇ ਹਨ, ਜਿਸ ਕਾਰਨ ਇਹ ਕੱਪੜਾ ਕਾਰਬਨਿਕ ਪਦਾਰਥਾਂ (ਧੂੜ-ਮਿੱਟੀ ਆਦਿ) ਨੂੰ ਹਟਾ ਦਿੰਦਾ ਹੈ। ਹੁਣ ਖੋਜੀਆਂ ਸਾਹਮਣੇ ਇਸ ਨੂੰ ਕੱਪੜੇ ਦੀ ਪ੍ਰਯੋਗਸ਼ਾਲਾ ਵਿਚੋਂ ਕੱਢ ਕੇ ਵਪਾਰਕ ਉਤਪਾਦਨ ਲਾਇਕ ਬਣਾਉਣ ਦੀ ਚੁਨੌਤੀ ਹੈ। ਰਾਮਨਾਥਨ ਮੁਤਾਬਕ, ਕੱਪੜਾ ਕਾਰਬਨਿਕ ਪਦਾਰਥ ਤਾਂ ਸਾਫ਼ ਕਰ ਦਿੰਦਾ ਹੈ, ਪਰ ਹੁਣ ਸਾਡੇ ਸਾਹਮਣੇ ਇਸ ਨੂੰ ਜੈਵਿਕ ਪਦਾਰਥਾਂ ਨੂੰ ਸਾਫ਼ ਕਰਨ ਦੇ ਲਾਇਕ ਬਣਾਉਣ ਦੀ ਚੁਨੌਤੀ ਹੈ, ਤਾਂ ਹੀ ਇਸ ਨੂੰ ਆਮ ਆਦਮੀ ਵਰਤ ਸਕੇਗਾ।

### ✪ ਕਿਸੇ ਸਮੇਂ ਕਿਸੇ ਹੋਰ ਧੁਰੀ ’ਤੇ ਘੁੰਮਿਆ ਕਰਦਾ ਸੀ ਚੰਦ

ਇਕ ਨਵੇਂ ਅਧਿਐਨ ਵਿਚ ਚੰਦ ਇਕ ਵੱਖਰੀ ਧੁਰੀ ’ਤੇ ਘੁੰਮਿਆ ਕਰਦਾ ਸੀ ਅਤੇ ਉਦੋਂ ਧਰਤੀ ਨੂੰ ਉਸ ਦਾ ਇਕ ਵੱਖਰਾ ਚਿਹਰਾ ਵਿਖਾਈ ਦਿੰਦਾ ਸੀ। ਵਿਗਿਆਨੀਆਂ ਨੇ 1990 ਦੇ ਦਹਾਕੇ ਦੇ ਆਖ਼ਰੀ ਸਾਲਾਂ ਵਿਚ ਨਾਸਾ ਦੇ ਲੂਨਰ ਪ੍ਰਾਸਪੈਕਟਰ ਮਿਸ਼ਨ ਵਲੋਂ ਇਕੱਠੇ ਕੀਤੇ ਗਏ, ਅੰਕੜਿਆਂ ਦੀ ਵਰਤੋਂ ਕੀਤੀ ਅਤੇ ਚੰਦ ਦੇ ਧਰੁਵਾਂ ਕੋਲ ਹਾਈਡ੍ਰੋਜਨ ਦੀ ਬਹੁਲਤਾ ਵਾਲੇ ਦੋ ਖੇਤਰਾਂ ਦੀ ਪਛਾਣ ਕੀਤੀ। ਇਹ ਖੇਤਰ ਸ਼ਾਇਦ ਪਾਣੀਨੁਮਾ ਬਰਫ਼ ਦੀ ਮੌਜੂਦਗੀ ਦਰਸਾਉਂਦੇ ਹਨ।



‘ਬੀ.ਬੀ.ਸੀ. ਨਿਊਜ਼’ ਦੀ ਖ਼ਬਰ ਅਨੁਸਾਰ, ਬਰਫ਼ ਦੇ ਇਹ ਨਿਸ਼ਾਨ ਇਕ ਦੂਜੇ ਦੇ ਉਲਟ ਹਨ। ਇਨ੍ਹਾਂ ਵਿਚਲੀ ਰੇਖਾ ਚੰਦ ਦੇ ਅੱਧ ਵਿਚੋਂ

ਹੋ ਕੇ ਲੰਘਦੀ ਹੈ ਤਾਂ ਅਜਿਹਾ ਲਗਦਾ ਹੈ ਕਿ ਇਹ ਇਸ ਦੀ ਘੁੰਮਣ ਧੁਰੀ ਹੁੰਦੀ ਸੀ। ਐਰੀਜੋਨਾ ਸਥਿਤ ਪਲੇਨੇਟੇਰੀ ਸਾਇੰਸ ਇੰਸਟੀਚਿਊਟ ਦੇ ਮੇਟ ਸੀਗਲਰ ਅਤੇ ਉਨ੍ਹਾਂ ਦੇ ਸਹਿਕਰਮੀਆਂ ਨੇ ਇਸ ਨੂੰ ਇਕ 'ਅਸਲ ਵਿਚ ਧਰੁਵੀ ਵਿਚਲਣ' ਕਰਾਰ ਦਿਤਾ ਹੈ। ਇਸ ਦੀ ਕੁੱਲ ਛੇ ਡਿਗਰੀ ਦੀ ਥਾਂ ਤਬਦੀਲ ਹੋਈ ਹੈ। ਖੋਜਾਰਥੀਆਂ ਨੇ ਕਿਹਾ ਕਿ ਇਸ ਤਬਦੀਲੀ ਦਾ ਇਕ ਕਾਰਨ ਸ਼ਾਇਦ ਪੋਸੇਲਰਮ ਨਾਮਕ ਖੇਤਰ ਵਿਚ ਜਵਾਲਾਮੁਖੀ ਗਤੀਵਿਧੀ ਹੈ, ਜੋ ਪਿਛਲੇ ਕਈ ਅਰਬ ਸਾਲਾਂ ਤੋਂ ਸਰਗਰਮ ਹੈ ਅਤੇ ਧਰਤੀ ਤੋਂ ਚੰਦ ਦੀ ਸੱਤ੍ਹਾ 'ਤੇ ਜੋ ਡੂੰਘੇ ਨਿਸ਼ਾਨ ਵਿਖਾਈ ਦੇ ਰਹੇ ਹਨ, ਉਸ ਵਿਚੋਂ ਜ਼ਿਆਦਾਤਰ ਖੇਤਰ ਹੈ। ਖੋਜੀਆਂ ਨੇ ਕਿਹਾ ਕਿ ਜਵਾਲਾਮੁਖੀਆਂ ਅਤੇ ਸਬੰਧਤ ਭੂ ਸਰਗਰਮੀਆਂ ਦੇ ਚਲਦਿਆਂ ਇਹ ਚੰਦਰਮਾ ਦੇ ਬਾਕੀ ਹਿੱਸੇ ਤੋਂ ਗਰਮ ਅਤੇ ਹਲਕਾ ਹੋ ਗਿਆ ਹੋਵੇਗਾ।

'ਨੇਚਰ' ਨਾਮਕ ਜਰਨਲ ਵਿਚ ਖੋਜੀਆਂ ਨੇ ਲਿਖਿਆ ਹੈ, ਪ੍ਰੋਸੇਲਰਮ ਖੇਤਰ ਚੰਦ ਦੇ ਇਤਿਹਾਸ ਦੇ ਸ਼ੁਰੂਆਤੀ ਦੌਰ ਵਿਚ ਧਰਤੀ ਦੇ ਅੰਦਰੂਨੀ ਤੌਰ 'ਤੇ ਇਹ ਸਰਗਰਮ ਸੀ, ਇਸ ਦਾ ਅਰਥ ਹੈ ਕਿ ਧਰੁਵੀ ਪਰਿਵਰਤਨ ਅਰਬਾਂ ਸਾਲ ਪਹਿਲਾਂ ਸ਼ੁਰੂ ਹੋ ਗਿਆ ਸੀ।

### ✪ ਕੈਂਸਰ, ਐਚ.ਆਈ.ਵੀ. ਦਾ ਪਤਾ ਲਗਾਉਣ ਦੀ 10,000 ਗੁਣਾ ਪ੍ਰਭਾਵਸ਼ਾਲੀ ਤਕਨੀਕ

ਐਚ.ਆਈ.ਵੀ. ਅਤੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਇਕ ਨਵੀਂ ਅਤੇ ਬਹੁਤ ਸੰਵੇਦਨਸ਼ੀਲ ਜਾਂਚ ਤਕਨੀਕ ਦਾ ਵਿਕਾਸ ਕੀਤਾ ਗਿਆ ਹੈ, ਜੋ ਮੌਜੂਦਾ ਉਪਕਰਨਾਂ ਦੇ ਮੁਕਾਬਲੇ 10,000 ਗੁਣਾ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਬਿਮਾਰੀ ਦਾ ਪਤਾ ਲਗਾਉਣ ਵਿਚ ਸਮਰੱਥ ਹੈ। ਸਰੀਰ ਵਿਚ ਜਦੋਂ ਕੈਂਸਰ ਅਤੇ ਐਚ.ਆਈ.ਵੀ. ਵਰਗੇ ਰੋਗਾਂ ਦਾ ਵਿਕਾਸ ਹੋਣ ਲੱਗਦਾ ਹੈ ਤਾਂ ਰੋਗਾਂ ਨਾਲ ਲੜਨ ਦੀ ਸ਼ਕਤੀ ਪ੍ਰਣਾਲੀ ਐਂਟੀਬਾਡੀ ਪੈਦਾ ਕਰਨ ਲੱਗਦੀ ਹੈ। ਖ਼ੂਨ ਵਿਚ ਇਨ੍ਹਾਂ ਐਂਟੀਬਾਡੀ ਅਤੇ ਬਾਇਓਮਾਰਕਰ ਦੀ ਮੌਜੂਦਗੀ ਦੇ ਆਧਾਰ 'ਤੇ ਵਿਗਿਆਨੀ ਇਹ ਅੰਦਾਜ਼ਾ ਲਗਾਉਂਦੇ ਹਨ ਕਿ ਰੋਗ ਹੈ ਜਾਂ ਨਹੀਂ, ਨਵੀਂ ਤਕਨੀਕ ਵਿਚ ਇਕ ਅਣੂ ਦਾ ਵਿਕਾਸ ਕਰ ਕੇ ਉਸ ਨੂੰ ਬਾਇਓਮਾਰਕਰ ਨਾਲ ਜੋੜਿਆ ਜਾਂਦਾ ਹੈ, ਜਿਸ ਵਿਚ ਇਕ ਚਿੰਨ੍ਹ ਵੀ ਲਗਾ ਦਿਤਾ ਜਾਂਦਾ ਹੈ, ਵਿਸ਼ੇਸ਼ ਰਸਾਇਣਕ ਪ੍ਰਤੀਕਿਰਿਆ ਦੀ ਇਕ ਲੜੀ ਰਾਹੀਂ ਖੋਜੀ ਉਸ ਚਿੰਨ੍ਹ ਅਤੇ ਉਸ ਨਾਲ ਜੁੜੇ ਬਾਇਓਮਾਰਕਰ ਨੂੰ ਅਲੱਗ ਕਰ ਸਕਣਗੇ, ਅਜਿਹਾ ਰੋਗ ਦੀ ਡੂੰਘਾਈ ਨੂੰ ਮਾਪਣ ਲਈ ਕੀਤਾ ਜਾ ਸਕੇਗਾ। ਅਮਰੀਕਾ ਦੇ ਸਟੇਨਫ਼ੋਰਡ ਯੂਨੀਵਰਸਿਟੀ ਵਿਚ ਰਸਾਇਣ ਸ਼ਾਸਤਰ ਦੀ ਪ੍ਰੋਫ਼ੈਸਰ ਕੈਰੋਲਿਨ ਬਤਰੇਜ਼ੀ ਦੀ ਪ੍ਰਯੋਗਸ਼ਾਲਾ ਵਿਚ ਇਸ ਨਵੀਂ ਤਕਨੀਕ ਦਾ ਵਿਕਾਸ ਕੀਤਾ ਗਿਆ ਹੈ। ਇਸ ਅਧਿਐਨ ਨੂੰ ਏ.ਸੀ.ਐਸ. ਸੈਂਟਰਲ ਸਾਇੰਸ ਜਨਰਲ ਵਿਚ ਛਾਪਿਆ ਗਿਆ ਹੈ।




### ✪ 18 ਹਜ਼ਾਰ ਤੋਂ ਵੱਧ ਲੋਕ ਕਰਨਾ ਚਾਹੁੰਦੇ ਹਨ ਪੁਲਾੜ ਦੀ ਯਾਤਰਾ

ਨਾਸਾ ਨੂੰ ਪੁਲਾੜ ਯਾਤਰੀ ਬਣਨ ਲਈ ਰਿਕਾਰਡ 18,300 ਲੋਕਾਂ ਤੋਂ ਅਰਜ਼ੀਆਂ ਮਿਲੀਆਂ ਹਨ। ਵਾਸ਼ਿੰਗਟਨ ਤੋਂ ਇਹ ਜਾਣਕਾਰੀ ਅਮਰੀਕੀ ਪੁਲਾੜ ਏਜੰਸੀ ਨੇ ਦਿੱਤੀ ਹੈ। ਨਾਸਾ ਦੀ ਸਾਲ 2017 ਦੀ ਯਾਤਰਾ ਵਿਚ ਥਾਂ ਪਾਉਣ ਲਈ ਅਰਜ਼ੀਆਂ ਦੀ ਗਿਣਤੀ ਪਿਛਲੀ ਵਾਰ ਸਾਲ 2012 ਵਿਚ ਆਈਆਂ ਅਰਜ਼ੀਆਂ ਦੇ ਮੁਕਾਬਲੇ ਕਰੀਬ ਤਿੰਨ ਗੁਣਾ ਹੈ। ਇਹ ਸਾਲ 1978 ਦੇ ਪਿਛਲੇ ਉਸ ਰਿਕਾਰਡ ਨੂੰ ਵੀ ਤੋੜਦੀ ਹੈ, ਜਿਸ ਤਹਿਤ 8000 ਅਰਜ਼ੀਆਂ ਆਈਆਂ ਸਨ।

ਨਾਸਾ ਦੇ ਪ੍ਰਸ਼ਾਸਕ ਅਤੇ ਸਾਬਕਾ ਪੁਲਾੜ ਯਾਤਰੀ ਚਾਰਲੀ ਬੋਲਡੇਨ ਨੇ ਕਿਹਾ, "ਮੈਨੂੰ ਇਸ ਤੋਂ ਕੋਈ ਹੈਰਾਨੀ ਨਹੀਂ ਹੋਈ ਕਿ ਵੱਖ-ਵੱਖ ਪਿੱਠਭੂਮੀ ਦੇ ਇੰਨ੍ਹੇ ਸਾਰੇ ਅਮਰੀਕੀ ਮੰਗਲ ਦੀ ਸਾਡੀ ਯਾਤਰਾ ਵਿਚ ਨਿੱਜੀ ਤੌਰ 'ਤੇ ਯੋਗਦਾਨ ਪਾਉਣਾ ਚਾਹੁੰਦੇ ਹਨ। ਪਰ ਕੁੱਝ ਚੋਣਵੇਂ ਵਿਅਕਤੀ ਹੀ ਤਾਰਿਆਂ ਨਾਲ ਜੁੜੇ ਇਸ ਕੈਰੀਅਰ ਦੇ ਅਪਣੇ ਟੀਚਿਆਂ ਨੂੰ ਪੂਰਾ ਕਰ ਸਕਣਗੇ। ਅਗਲੇ ਡੇਢ ਸਾਲ ਵਿਚ ਇਕ ਚੋਣ ਬੋਰਡ ਇਨ੍ਹਾਂ ਉਮੀਦਵਾਰਾਂ ਨੂੰ ਛਾਂਟੇਗਾ। ਟੈਕਸਾਸ ਦੇ ਹਿਊਸਟਨ ਸਥਿਤ ਜਾਨਸਨ ਸਪੇਸ ਸੈਂਟਰ ਵਿਚ ਸਭ ਤੋਂ ਵੱਧ ਪੜ੍ਹੇ-ਲਿਖੇ ਅਰਜ਼ੀਆਂ ਨੂੰ ਹੀ ਇੰਟਰਵਿਊ ਲਈ ਬੁਲਾਇਆ ਜਾਵੇਗਾ। ਅਖ਼ੀਰ ਵਿਚ, ਅੱਠ ਤੋਂ 14 ਲੋਕਾਂ ਨੂੰ ਸਿਖਲਾਈ ਲਈ ਕਿਹਾ ਜਾ ਸਕਦਾ ਹੈ।

ਨਾਸਾ ਨੂੰ ਉਮੀਦ ਹੈ ਕਿ ਉਸ ਦੀ ਨਵੀਂ ਪੁਲਾੜ ਦੀ ਸ਼ੁਰੂਆਤ ਸਾਲ 20 17 ਦੇ ਅੱਧ ਤੋਂ ਹੋ ਜਾਵੇਗੀ। ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਮਿਆਦ ਦੀ ਸ਼ੁਰੂਆਤ 14 ਦਸੰਬਰ ਤੋਂ ਹੋਈ ਅਤੇ ਇਹ ਮਿਆਦ ਖ਼ਤਮ ਹੋ ਗਈ। ਚੁਣੇ ਗਏ ਉਮੀਦਵਾਰਾਂ ਦੀ ਸਿਖਲਾਈ ਵਿਚ ਪੁਲਾੜ ਵਿਚ ਚੱਲਣ ਅਤੇ ਟੀਮ ਵਜੋਂ ਕੰਮ ਕਰਨ 'ਤੇ ਧਿਆਨ ਦਿੱਤਾ ਜਾਣਾ ਹੈ।



ਇਸ ਨੂੰ ਪੂਰਾ ਕਰਨ ਵਾਲਿਆਂ ਨੂੰ 'ਜਾਨਸਨਜ਼ ਐਸਟ੍ਰੋਨਾਟ' ਆਫ਼ਿਸ ਵਿਚ ਤਕਨੀਕੀ ਕੰਮ ਸੌਂਪੇ ਜਾਣਗੇ। ਇਸ ਤੋਂ ਬਾਅਦ ਉਨ੍ਹਾਂ ਨੂੰ ਡੂੰਘੇ ਪੁਲਾੜ ਦੀ ਸਮਝ ਬਣਾਉਣ ਲਈ ਇੰਟਰਨੈਸ਼ਨਲ ਸਪੇਸ ਸਟੇਸ਼ਨ, ਓਰੀਅਨ ਪੁਲਾੜਯਾਨ ਜਾਂ ਦੋ ਕਾਰੋਬਾਰੀ ਪੁਲਾੜਯਾਨਾਂ (ਸਪੇਸ ਐਕਸ ਦੇ ਡ੍ਰੈਗਨ ਕਰੂ ਕੈਪਸੂਲ ਅਤੇ ਬੋਇੰਗ ਦੇ ਸੀ.ਐਸ.ਟੀ.-100 ਸਟਾਰਲਾਈਨਰ) ਲਈ ਭੇਜਿਆ ਜਾਵੇਗਾ। ਅਰਜ਼ੀਆਂ ਮੰਗਵਾਉਣ ਸਮੇਂ ਨਾਸਾ ਨੇ ਪਾਇਲਟ ਇੰਜਨੀਅਰ ਅਤੇ ਹੋਰ ਵਿਗਿਆਨੀਆਂ ਨੂੰ ਅਰਜ਼ੀਆਂ ਲਈ ਉਤਸ਼ਾਹਤ ਕੀਤਾ ਸੀ। ਅਰਜ਼ੀਆਂ ਦੇਣ ਵਾਲੇ ਦਾ ਅਮਰੀਕੀ ਨਾਗਰਿਕ ਹੋਣਾ ਜ਼ਰੂਰੀ ਹੈ।

### ✪ ਹੁਣ ਕੱਚ ਦੀ ਥਾਂ ਪਾਰਦਰਸ਼ੀ ਲਕੜੀ ਨਾਲ ਰੁਸ਼ਨਾਓ ਘਰ

ਹੁਣ ਤੁਸੀਂ ਖਿੜਕੀਆਂ ਵਿਚ ਕੁਦਰਤੀ ਰੌਸ਼ਨੀ ਲਈ ਕੱਚ ਦੀ ਥਾਂ ਮਜ਼ਬੂਤ ਪਾਰਦਰਸ਼ੀ ਲਕੜੀ ਲਗਵਾ ਸਕਦੇ ਹੋ, ਕਿਉਂਕਿ ਵਿਗਿਆਨੀਆਂ ਨੇ ਇਕ ਨਵੀਂ ਮਜ਼ਬੂਤ ਵਸਤੂ ਦੀ ਖੋਜ ਕਰ ਲਈ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਦੀ ਵਰਤੋਂ ਸੂਰਜੀ ਊਰਜਾ ਦੇ ਪੈਨਲ ਵਿਚ ਵੀ ਕੀਤੀ ਜਾ ਸਕੇਗੀ।

ਇਸ ਖੋਜ ਵਿਚ ਕਿਹਾ ਗਿਆ, ਲੋਕ ਹਮੇਸ਼ਾ ਆਪਣੇ ਘਰ ਵਿਚ ਉਜਾਲਾ ਲਿਆਉਣ ਲਈ ਕਈ ਢੰਗ-ਤਰੀਕੇ ਅਪਣਾਉਂਦੇ ਹਨ, ਜਿਵੇਂ ਹਲਕੇ ਰੰਗ ਦਾ ਪੇਂਟ ਕਰਨਾ, ਸ਼ੀਸ਼ਿਆਂ ਦੀ ਵਰਤੋਂ ਕਰਨੀ ਜਾਂ ਫਿਰ ਕਾਫ਼ੀ ਸਾਰੇ ਲੈਂਪ ਜਾਂ ਬਲਬ ਆਦਿ ਲਗਾਉਣਾ। ਪਰ ਜੇਕਰ ਘਰ ਦੀਆਂ ਕੰਧਾਂ ਹੀ ਪਾਰਦਰਸ਼ੀ ਹੋ ਜਾਣ ਤਾਂ ਇਹ ਰਿਵਾਇਤੀ ਰੌਸ਼ਨੀ

ਦੀ ਲੋੜ ਨੂੰ ਘਟਾ ਦੇਵੇਗਾ। ਨਾਲ ਹੀ ਇਸ ਵਿਚ ਹੋਣ ਵਾਲੇ ਖ਼ਰਚ ਵਿਚ ਵੀ ਕਮੀ ਆਵੇਗੀ।

ਹਾਲ ਦੀਆਂ ਖੋਜਾਂ ਵਿਚ ਲਕੜੀ ਤੋਂ ਪਾਰਦਰਸ਼ੀ ਕਾਗ਼ਜ਼ ਤਿਆਰ ਕਰਨ ਵਿਚ ਸਫਲਤਾ ਮਿਲੀ ਹੈ। ਹੁਣ ਇਸ ਰਾਹੀਂ ਵੱਧ ਮਜ਼ਬੂਤ ਸਾਮਾਨ ਬਣਾਉਣ ਦਾ ਰਸਤਾ ਖੁੱਲ੍ਹ ਗਿਆ ਹੈ। ਸਵੀਡਨ ਦੇ ਸਟਾਕਹੋਮ ਸਥਿਤ ਕੇ.ਟੀ.ਐਚ. ਰਾਇਲ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਲਾਰਸ ਬਰਿਮਲੁੰਡ ਅਤੇ ਉਨ੍ਹਾਂ ਦੇ ਸਹਿਯੋਗੀ ਇਸ ਸੰਭਾਵਨਾ ਨੂੰ ਅੱਗੇ ਵਧਾਉਣ ’ਤੇ ਕੰਮ ਕਰਨਾ ਚਾਹੁੰਦੇ ਹਨ।

### ✪ ‘ਰੋਜ਼ਮੇਰੀ’ ਖਾਣ ਨਾਲ 100 ਤੋਂ ਵੀ ਵੱਧ ਉਮਰ ਤਕ ਜਿਉਂਦੇ ਹਨ ਇਸ ਪਿੰਡ ਦੇ ਲੋਕ

‘ਰੋਜ਼ਮੇਰੀ ਵਿਚ ਕਈ ਔਸ਼ਧੀ ਗੁਣ ਹੁੰਦੇ ਹਨ। ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਰੋਜ਼ਮੇਰੀ ਦਾ ਸੇਵਨ ਕਰਨ ਨਾਲ ਮਨੁੱਖ ਦੀ ਉਮਰ ਲੰਮੀ ਹੁੰਦੀ ਹੈ। ‘ਡੇਲੀ ਐਕਸਪ੍ਰੈੱਸ’ ਦੀ ਰਿਪੋਰਟ ਦਾ ਕਹਿਣਾ ਹੈ ਕਿ ਖੋਜੀਆਂ ਨੂੰ ਇਹ ਗੱਲ ਪਤਾ ਚੱਲੀ ਹੈ ਕਿ ਸਰੀਰਕ ਤੰਦਰੁਸਤੀ ਅਤੇ ਬਿਹਤਰ ਮਾਨਸਿਕ ਸਥਿਤੀ ਵਾਲੇ ਲੋਕ ਇਕ ਥਾਂ ’ਤੇ ਰਹਿ ਰਹੇ ਹਨ। ਇਨ੍ਹਾਂ ਲੋਕਾਂ ਵਿਚ ਦਿਲ ਅਤੇ ਅਲਜਾਈਮਰ ਦੀਆਂ ਬਿਮਾਰੀਆਂ ਦੀ ਫ਼ੀਸਦੀ ਹੋਰ ਥਾਵਾਂ ’ਤੇ ਰਹਿ ਰਹੇ ਲੋਕਾਂ ਦੇ ਮੁਕਾਬਲੇ ਕਾਫ਼ੀ ਘੱਟ ਹਨ। ਇਟਲੀ ਦੇ ਕੈਂਪਨੀਆ ਰਿਜ਼ਨ ਦੇ ਅਕਿਸਯਰੋਲੀ ਦੀ ਬਜ਼ੁਰਗ ਆਬਾਦੀ ਵਿਚ ਦਿਲ ਅਤੇ ਯਾਦਾਸ਼ਤ ਸਬੰਧੀ ਬਿਮਾਰੀਆਂ ਨਾ ਦੇ ਬਰਾਬਰ ਹੁੰਦੀਆਂ ਹਨ। ਮਾਹਰਾਂ ਦੀ ਰਾਇ ਹੈ ਕਿ ਭੂਮੱਧ ਆਹਾਰ, ਰੋਜ਼ ਦੀ ਐਕਸਰਸਾਈਜ਼ ਅਤੇ ਰੋਜ਼ਮੇਰੀ ਹਰਬ ਦੀ ਵੱਡੀ ਪੱਧਰ ’ਤੇ ਵਰਤੋਂ ਕਾਰਨ ਇਥੋਂ ਦੇ ਲੋਕਾਂ ਦੀ ਉਮਰ ਪਿਛਲੇ ਦੋ ਦਹਾਕਿਆਂ ਤੋਂ ਇਟਲੀ ਦੀ ਕੌਮੀ ਔਸਤ ਤੋਂ ਕਾਫ਼ੀ ਜ਼ਿਆਦਾ ਹੈ।



ਪ੍ਰੋਫ਼ੈਸਰ ਐਲਨ ਮੈਸੇਲ ਦਾ ਕਹਿਣਾ ਹੈ ਕਿ ਅਕਿਸਯਰੋਲੀ ਵਿਚ ਰਹਿਣ ਵਾਲੇ 300 ਲੋਕਾਂ ਦੇ ਗਰੁੱਪ ਦੀ ਉਮਰ ਏਨੀ ਜ਼ਿਆਦਾ ਕਿਵੇਂ ਹੈ? ਇਸ ਦੇ ਲਈ ਖੋਜ ਕੀਤੀ ਜਾਵੇਗੀ। ਇਥੋਂ ਦੇ ਪਿੰਡ ਵਿਚ ਰਹਿਣ ਵਾਲੇ 300 ਵਸਨੀਕ 100 ਸਾਲ ਦੀ ਉਮਰ ਤੋਂ ਵੀ ਵੱਧ ਤਕ ਜਿਉਂਦੇ ਹਨ। ਉਹ ਵੀ ਬਿਨਾਂ ਕਿਸੇ ਬਿਮਾਰੀ ਤੋਂ ਗ੍ਰਸਤ ਹੋ ਕੇ। ਐਲਨ ਦਾ ਕਹਿਣਾ ਹੈ ਕਿ ਇਹ ਪਤਾ ਲਗਾਉਣ ਲਈ ਇਨ੍ਹਾਂ ਲੋਕਾਂ ਦਾ ਪੂਰਾ ਅਨੁਵੰਸ਼ਿਕ ਵਿਸ਼ਲੇਸ਼ਣ ਕਰਨ ਦੀ ਲੋੜ ਪਵੇਗੀ। ਖੋਜ ਰਾਹੀਂ ਇਸ ਗੱਲ ਦਾ ਪਤਾ ਲਗਾਇਆ ਜਾਵੇਗਾ ਕਿ ਦੱਖਣੀ ਇਟਲੀ ਦੇ ਵੈਸਟਰਨ ਕੋਸਟ ਕੋਲ ਪਹਾੜੀਆਂ ਅਤੇ ਨਦੀ ਕਿਨਾਰੇ ਰਹਿਣ ਵਾਲੇ ਇਨ੍ਹਾਂ ਲੋਕਾਂ ਦੀ ਉਮਰ ਇੰਨ੍ਹੀ ਲੰਮੀ ਕਿਵੇਂ ਹੈ?

### ✪ ਔਰਤਾਂ ਦੇ ਮੁਕਾਬਲੇ ਆਖ਼ੀਰ ਪੁਰਸ਼ ਕਿਉਂ ਜਿਉਂਦੇ ਹਨ ਘੱਟ ਜ਼ਿੰਦਗੀ?

ਅਮਰੀਕਾ ਵਿਚ ਪੁਰਸ਼ਾਂ ’ਤੇ ਹੋਈ ਖੋਜ ਵਿਚ ਦਿਲਚਸਪ ਜਾਣਕਾਰੀਆਂ ਮਿਲੀਆਂ ਹਨ। ਰਿਪੋਰਟ ਮੁਤਾਬਕ, ਜ਼ਿਆਦਾਤਰ ਪੁਰਸ਼ਾਂ ਦੀ ਮੌਤ ਔਰਤਾਂ ਤੋਂ ਔਸਤਨ ਪੰਜ ਸਾਲ ਪਹਿਲਾਂ ਹੋ ਜਾਂਦੀ ਹੈ। ਕਰੀਬ 250 ਲੋਕਾਂ ’ਤੇ ਹੋਏ ਅਧਿਐਨ ਤੋਂ ਬਾਅਦ ਖੋਜੀਆਂ ਨੇ ਇਸ ਪਿੱਛੇ ਕਾਰਨ ਦਸਦਿਆਂ ਕਿਹਾ ਕਿ ਜ਼ਿਆਦਾਤਰ ਪੁਰਸ਼ ਅਪਣੀਆਂ ਸਮੱਸਿਆਵਾਂ ਦੇ ਹੱਲ ਲਈ ਔਰਤਾਂ ਦੇ ਮੁਕਾਬਲੇ ਡਾਕਟਰਾਂ ਕੋਲ ਘੱਟ ਜਾਂਦੇ ਹਨ। ਨਾਲ ਹੀ ਉਹ ਮਹਿਲਾ ਡਾਕਟਰਾਂ ਦੇ ਮੁਕਾਬਲੇ ਪੁਰਸ਼ ਡਾਕਟਰਾਂ ਕੋਲ ਜਾਣਾ ਵੱਧ ਬਿਹਤਰ ਸਮਝਦੇ ਹਨ।

ਅਧਿਐਨ ਵਿਚ ਇਹ ਵੀ ਪਤਾ ਚੱਲਿਆ ਹੈ ਕਿ ਪੁਰਸ਼ ਅਪਣੀ ਸਮੱਸਿਆ ਨੂੰ ਪੂਰੀ ਇਮਾਨਦਾਰੀ ਨਾਲ ਡਾਕਟਰ ਨਾਲ ਸਾਂਝਾ ਨਹੀਂ ਕਰਦੇ। ਪੁਰਾਣੀ ਸੋਚ ਰੱਖਣ ਵਾਲੇ ਪੁਰਸ਼ਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਅਪਣੀਆਂ ਭਾਵਨਾਵਾਂ ਨੂੰ ਜ਼ਾਹਰ ਕਰਨ ਵੇਲੇ ਸਖ਼ਤ, ਨਿਡਰ ਅਤੇ ਆਤਮਨਿਰਭਰ ਰਹਿਣਾ ਚਾਹੀਦਾ ਹੈ। ਅਜਿਹੇ ਵਿਅਕਤੀ ਆਪਣੀ ਸਿਹਤ ਸਬੰਧੀ ਪ੍ਰੇਸ਼ਾਨੀਆਂ ਨੂੰ ਨਜ਼ਰਅੰਦਾਜ਼ ਕਰਨਾ ਹੀ ਠੀਕ ਸਮਝਦੇ ਹਨ। ਖੋਜਾਰਥੀਆਂ ਦੀ ਟੀਮ ਵਿਚ ਸ਼ਾਮਲ ਇਕ ਮੈਂਬਰ ਨੇ ਕਿਹਾ, “ਅਸੀਂ ਜਿਸ ਪ੍ਰਸ਼ਨ ਦਾ ਉਤਰ ਦੇ ਰਹੇ ਹਾਂ, ਉਹ ਇਹ ਹੈ ਕਿ ਔਰਤਾਂ ਦੇ ਮੁਕਾਬਲੇ ਪੁਰਸ਼ਾਂ ਦੀ ਮੌਤ ਪਹਿਲਾਂ ਕਿਉਂ ਹੁੰਦੀ ਹੈ? ਵੇਖਿਆ ਜਾਵੇ ਤਾਂ ਪੁਰਸ਼ਾਂ ਦੀ ਮੌਤ ਔਰਤਾਂ ਤੋਂ ਔਸਤਨ ਪੰਜ ਸਾਲ ਪਹਿਲਾਂ ਹੋ ਜਾਂਦੀ ਹੈ।

ਰਿਪੋਰਟ ਮੁਤਾਬਕ, ਜ਼ਿਆਦਾਤਰ ਪੁਰਸ਼ਾਂ ਨੇ ਮਹਿਲਾਂ ਡਾਕਟਰਾਂ ਦੀ ਥਾਂ ਪੁਰਸ਼ ਡਾਕਟਰਾਂ ਕੋਲ ਜਾਣਾ ਬਿਹਤਰ ਸਮਝਿਆ ਕਿਉਂਕਿ ਉਨ੍ਹਾਂ ਅਨੁਸਾਰ, ਔਰਤਾਂ ਦੇ ਮੁਕਾਬਲੇ ਪੁਰਸ਼ ਡਾਕਟਰ ਵੱਧ ਸਮਰੱਥ ਹੁੰਦੇ ਹਨ। ਨਾਲ ਹੀ ਖੋਜੀਆਂ ਨੇ ਇਹ ਵੀ ਕਿਹਾ ਕਿ ਪੁਰਸ਼ਾਂ ਦੀ ਇਸ ਪ੍ਰਤੀਕਿਰਿਆ ਤੋਂ ਸਾਫ਼ ਹੈ ਕਿ ਉਹ ਅਪਣੀ ਕਮੀ ਜਾਂ ਨਿਰਭਰਤਾ ਨੂੰ ਕਿਸੇ ਹੋਰ ਪੁਰਸ਼ਾਂ ਸਾਹਮਣੇ ਜ਼ਾਹਰ ਨਹੀਂ ਕਰਨਾ ਚਾਹੁੰਦੇ, ਜਿਸ ਵਿਚ ਪੁਰਸ਼ ਡਾਕਟਰ ਵੀ ਸ਼ਾਮਲ ਹਨ। ਖੋਜੀਆਂ ਨੇ ਇਸੇ ਕ੍ਰਮ ਵਿਚ ਇਕੋ ਤਰ੍ਹਾਂ ਦੇ ਸਵਾਲ ’ਤੇ 250 ਔਰਤਾਂ ਨਾਲ ਵੀ ਗੱਲ ਕੀਤੀ। ਇਸ ਤੋਂ ਇਹ ਸਿੱਟਾ ਕੱਢਿਆ ਕਿ ਪੁਰਸ਼ਾਂ ਨੂੰ ਔਰਤ ਡਾਕਟਰਾਂ ਨਾਲ ਅਪਣੀਆਂ ਪ੍ਰੇਸ਼ਾਨੀਆਂ ਨੂੰ ਬਿਨਾਂ ਕਿਸੇ ਹਿਚਕਿਚਾਹਟ ਅਤੇ ਸ਼ਰਮ ਨਾਲ ਸਾਂਝਾ ਕਰਨਾ ਚਾਹੀਦਾ ਹੈ ਅਤੇ ਇਸ ਨਾਲ ਉਸ ਦੀ ਹਾਲਤ ਅਤੇ ਪੱਧਰ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ।

### ✪ ਵੀਅਤਨਾਮ ਵਿਚ ਜੁੜਵਾਂ ਬੱਚਿਆਂ ਦੇ ਪਿਤਾ ਨਿਕਲੇ ਅਲੱਗ-ਅਲੱਗ

ਵੀਅਤਨਾਮ ਵਿਚ ਅਜਿਹੇ ਬੇਹੱਦ ਦੁਰਲੱਭ ਜੁੜਵਾਂ ਬੱਚਿਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦੇ ਪਿਤਾ ਵੱਖ-ਵੱਖ ਹਨ। ਜੈਨੇਟਿਕ ਐਸੋਸੀਏਸ਼ਨ ਆਫ਼ ਵੀਅਤਨਾਮ ਦੇ ਪ੍ਰਧਾਨ ਪ੍ਰੋਫ਼ੈਸਰ ਲੀ ਦਿਨ੍ਹ ਲੁਆਂਗ ਨੇ ਕਿਹਾ ਕਿ ਉਨ੍ਹਾਂ ਦੀ ਹਨੋਈ ਪ੍ਰਯੋਗਸ਼ਾਲਾ ਵਿਚ ਡੀ.ਐਨ.ਏ. ਪ੍ਰੀਖਣ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਜੁੜਵਾਂ ਬੱਚਿਆਂ ਦੇ ਪਿਤਾ ਅਲੱਗ-ਅਲੱਗ ਹਨ। ਵੀਅਤਨਾਮ ਵਿਚ ਇਹ ਅਜਿਹਾ ਪਹਿਲਾ ਮਾਮਲਾ ਹੈ ਅਤੇ ਵਿਸ਼ਵ ਭਰ ਵਿਚ 2011 ਵਿਚ ਸਿਰਫ਼ ਸੱਤ ਅਜਿਹੇ ਮਾਮਲੇ ਵੇਖਣ ਨੂੰ ਮਿਲੇ ਸਨ।

ਲੁਆਂਗ ਨੇ ਆਪਣੇ ਗਾਹਕ ਦੀ ਗੁਪਤਤਾ ਬਰਕਰਾਰ ਰੱਖਦਿਆਂ ਇਸ ਮਾਮਲੇ ਦੀ ਜ਼ਿਆਦਾ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿਤਾ। ਆਨਲਾਈਨ ਅਖ਼ਬਾਰ ‘ਦਾਨ ਤ੍ਰੀ’ ਨੇ ਦਸਿਆ ਕਿ ਉਤਰੀ ਹੋਆ ਬਿਨ੍ਹ ਸੂਬੇ ਦੇ 34 ਸਾਲਾ ਇਕ ਵਿਅਕਤੀ ਨੇ ਜੁੜਵਾਂ ਬੱਚਿਆਂ ਦੀ ਸ਼ਕਲ ਨਾ ਮਿਲਣ ਕਾਰਨ ਆਪਣੇ ਪਰਿਵਾਰ ਦੇ ਦਬਾਅ ਵਿਚ ਡੀ.ਐਨ.ਏ. ਪ੍ਰੀਖਣ ਕਰਵਾਇਆ ਸੀ। ਇਕ ਬੱਚੇ ਦੇ ਵਾਲ ਸੰਘਣੇ ਅਤੇ ਘੁੰਗਰਾਲੇ ਹਨ, ਜਦਕਿ ਦੂਜੇ ਬੱਚੇ ਦੇ ਵਾਲ ਪਤਲੇ ਅਤੇ ਸਿੱਧੇ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਸਪਤਾਲ ਵਿਚ ਇਸ ਸਬੰਧ ਵਿਚ ਕਿਸੇ ਗੜਬੜੀ ਦੀ ਸੰਭਾਵਨਾ ਨਹੀਂ ਹੈ, ਕਿਉਂਕਿ ਮਾਂ ਦੇ ਡੀ.ਐਨ.ਏ. ਪ੍ਰੀਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਦੋਵਾਂ ਬੱਚਿਆਂ ਦੀ ਮਾਂ ਹੈ। ਉਸ ਨੇ ਕਿਹਾ ਕਿ ਜੁੜਵਾਂ ਬੱਚਿਆਂ ਦੀ



ਉਮਰ ਦੋ ਸਾਲ ਹੈ ਅਤੇ ਉਹ ਇਕ ਹੀ ਦਿਨ ਜਨਮੇ ਸਨ। ਲੁਆਂਗ ਨੇ ਦੱਸਿਆ ਕਿ ਦੋ ਅਲੱਗ-ਅਲੱਗ ਪਿਤਾ ਦੇ ਜੁੜਵਾਂ ਬੱਚਿਆਂ ਦਾ ਜਨਮ ਉਦੋਂ ਹੁੰਦਾ ਹੈ, ਜਦੋਂ ਇਕ ਹੀ ਮਾਂ ਦੇ ਦੋ ਅੰਡੇ ਮਾਂਹਵਾਰੀ ਵਿਚ ਇਕ ਤੋਂ ਸੱਤ ਦਿਨ ਦੇ ਅੰਦਰ ਦੋ ਵੱਖ-ਵੱਖ ਪੁਰਸ਼ਾਂ ਦੇ ਸ਼ੁਕਰਾਣੂ ਨਾਲ ਨਿਸ਼ੇਚਤ ਕੀਤੇ ਜਾਂਦੇ ਹਨ।

### ✪ ਹਾਥੀ ਪੰਜ ਮੀਲ ਦੂਰ ਤੋਂ ਵੀ ਸੁਣਨ ਦੇ ਸਮਰੱਥ

ਹਾਥੀ ਇਕ-ਦੂਜੇ ਨਾਲ ਬਹੁਤ ਹੀ ਘੱਟ ਫ਼ਰੀਕੁਐਂਸੀ ਵਾਲੀ ਆਵਾਜ਼ ਵਿਚ ਗੱਲ ਕਰਦੇ ਹਨ, ਜਿਸ ਨੂੰ ਇਨਸਾਨਾਂ ਵਲੋਂ ਸੁਣ ਪਾਉਣਾ ਅਸੰਭਵ ਹੈ। ਘੱਟ ਫ਼ਰੀਕੁਐਂਸੀ ਵਾਲੀਆਂ ਆਵਾਜ਼ਾਂ ਨੂੰ 'ਇਨਫ਼ਰਾਸਾਉਂਡ' ਕਿਹਾ ਜਾਂਦਾ ਹੈ, ਜੋ ਕਈ ਕਿਲੋਮੀਟਰ ਦੂਰ ਤਕ ਜਾ ਸਕਦੀ ਹੈ। ਹਾਥੀਆਂ ਵਲੋਂ ਇਹ ਆਵਾਜ਼ ਵੋਕਲ ਕਾਰਡ, ਜੋ ਕਿ 7 ਸੈਂਟੀਮੀਟਰ ਲੰਮੀ ਹੁੰਦੀ ਹੈ, ਉਸ ਵਿਚ ਹਵਾ ਲੰਘਣ ਦੌਰਾਨ ਕੱਢੀ ਜਾਂਦੀ ਹੈ। ਜਦੋਂ ਹਵਾ ਵੋਕਲ ਕਾਰਡ ਤੋਂ ਲੰਘਦੀ ਹੈ ਤਾਂ ਹਾਥੀ ਵਲੋਂ ਕੱਢੀ ਗਈ ਆਵਾਜ਼ ਦੇ ਆਧਾਰ ਵਿਚ ਕੰਪਨ ਹੁੰਦੀ ਹੈ, ਜੋ ਕਿ ਬਹੁਤ ਘੱਟ ਫ਼ਰੀਕੁਐਂਸੀ ਦੀ ਹੁੰਦੀ ਹੈ। ਇਹ ਉਨ੍ਹਾਂ ਨੂੰ ਗੱਲਬਾਤ ਕਰਨ ਦਾ ਇਕ ਸੁਰੱਖਿਅਤ ਤਰੀਕਾ ਦਿੰਦੀ ਹੈ। ਇਸ ਨਾਲ ਹਾਥੀ ਇਕ-ਦੂਜੇ ਤੋਂ ਪੰਜ ਤੋਂ ਅੱਠ ਕਿਲੋਮੀਟਰ ਦੂਰ ਹੋਣ ਦੇ ਬਾਵਜੂਦ ਵੀ ਗੱਲ ਕਰ ਪਾਉਂਦੇ ਹਨ। ਇਨਫ਼ਰਾਸਾਉਂਡ ਦੀ ਫ਼ਰੀਕੁਐਂਸੀ 1 ਤੋਂ 20 ਹਰਟਜ਼ ਦੇ ਵਿਚਾਲੇ ਹੁੰਦੀ ਹੈ। ਹਾਥੀਆਂ ਵਾਂਗ ਵੇਲ ਵੀ ਗੱਲਬਾਤ ਵਿਚ ਇਨਫ਼ਰਾਸਾਉਂਡ ਦੀ ਵਰਤੋਂ ਕਰਦੀ ਹੈ।

### ✪ ਕਈ ਹਜ਼ਾਰ ਸਾਲਾਂ ਤਕ ਜੀਵਤ ਰਹਿ ਸਕਦੀ ਹੈ ਇਮੋਰਟਲ ਜੈਲੀਫ਼ਿਸ਼ ਪ੍ਰਜਾਤੀ

ਟਰਿਟੋਪਸਿਸ ਡੋਹਰਨੀ, ਜਿਸ ਨੂੰ ਇਮੋਰਟਲ ਜੈਲੀਫ਼ਿਸ਼ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਕਈ ਹਜ਼ਾਰ ਸਾਲਾਂ ਤਕ ਜੀਵਤ ਰਹਿ ਸਕਦੀ ਹੈ। ਜੈਲੀਫ਼ਿਸ਼ ਦੀ ਇਹ ਪ੍ਰਜਾਤੀ ਭੂਮੱਧ-ਸਾਗਰ ਵਿਚ ਪਾਈ ਜਾਂਦੀ ਹੈ। ਇਸ ਦਾ ਆਕਾਰ ਬੇਲ ਵਰਗਾ ਹੁੰਦਾ ਹੈ, ਵਿਆਸ ਵੱਧ ਤੋਂ ਵੱਧ 4.5 ਮਿਲੀਮੀਟਰ ਦਾ ਹੁੰਦਾ ਹੈ ਅਤੇ ਲੰਬਾਈ ਵੀ ਲਗਭਗ ਇੰਨ੍ਹੀ ਹੀ ਹੁੰਦੀ ਹੈ। ਇਸ ਦੇ ਲੰਬੇ ਜੀਵਨਕਾਲ ਦਾ ਰੱਹਸ ਇਹ ਹੈ ਕਿ ਪੂਰਨ ਤੌਰ ’ਤੇ ਵਿਕਸਿਤ ਹੋ ਜਾਣ ਦੇ ਇਕ ਨਿਸ਼ਚਿਤ ਸਮੇਂ ਬਾਅਦ ਮੁੜ ਅਪਣੇ ਸ਼ੁਰੂਆਤੀ ਰੂਪ ਵਿਚ ਬਦਲ ਜਾਂਦੀ ਹੈ। ਇਹ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ। ਇਹ ਇਕ ਵਿਲੱਖਣ ਪ੍ਰਤਿਭਾ ਹੈ, ਜੋ ਇਸ ਨੂੰ ਮੌਤ ਤੋਂ ਬਚੇ ਰਹਿਣ ਵਿਚ ਮਦਦ ਕਰਦੀ ਹੈ। ਇਹ ਪੂਰੇ ਪ੍ਰਾਣੀ ਜਗਤ ਵਿਚ ਇਕੋ-ਇਕ ਜੀਵ ਹੈ, ਜੋ ਅਜਿਹਾ ਕਰਨ ਦੇ ਸਮਰੱਥ ਹੈ।

### .. ..ਜਦੋਂ ਹਜ਼ਾਰਾਂ ਮਾਵਾਂ ਆ ਗਈਆਂ ਭੁੱਖੇ ਬੱਚੇ ਨੂੰ ਦੁੱਧ ਪਿਲਾਉਣ

ਤੁਸੀਂ ਇਹ ਤਾਂ ਵੇਖਿਆ ਹੀ ਹੋਵੇਗਾ ਕਿ ਕਿਸੇ ਮਾਂ ਦੇ ਦੁੱਧ ਨਹੀਂ ਉਤਰਨ ’ਤੇ ਉਸ ਦੇ ਬੱਚੇ ਨੂੰ ਜਾਂ ਤਾਂ ਚੁੰਗਣੀ ਨਾਲ ਦੁੱਧ ਪਿਆਇਆ ਜਾਂਦਾ ਹੈ ਜਾਂ ਮਾਸੀ, ਚਾਚੀ ਆਦਿ ਰਿਸ਼ਤੇਦਾਰ ਦੀ ਮਦਦ ਲਈ ਜਾਂਦੀ ਹੈ। ਤੁਸੀਂ ਕਦੀ ਇਹ ਵੇਖਿਆ ਜਾਂ ਸੁਣਿਆ ਹੈ ਕਿ ਬੱਚਾ ਭੁੱਖਾ ਹੋਵੇ ਤਾਂ ਹੋਰ ਕਿਸੇ ਬੱਚੇ ਦੀ ਮਾਂ ਉਸ ਨੂੰ ਦੁੱਧ ਪਿਆਉਣ ਆ ਗਈ ਹੋਵੇ। ਯਕੀਨ ਨਹੀਂ ਆਉਂਦਾ ਨਾ! ਪਰ ਯਕੀਨ ਮੰਨੋ, ਬਰਤਾਨੀਆ ਵਿਚ ਅਜਿਹਾ ਹੋਇਆ ਹੈ, ਜਿਥੇ ਇਕ ਭੁੱਖੇ ਬੱਚੇ ਨੂੰ ਇਕ ਨਹੀਂ ਕਈ ਮਾਵਾਂ ਦੁੱਧ ਪਿਆਉਣ ਲਈ ਆ ਗਈਆਂ। ਬਰਤਾਨੀਆ ਦੀ 26 ਸਾਲਾ ਰੋਜ਼ਾ ਵੀਡੇਨਬੇਕ ਕਾਰਨਵੈਲ ਦੇ ਹਸਪਤਾਲ ਵਿਚ ਆਪਣੀ ਸਿਸਟਰ ਦਾ ਇਲਾਜ ਕਰਵਾ ਰਹੀ ਸੀ। ਤੇਜ਼ ਦਵਾਈਆਂ ਖਾਣ ਕਾਰਨ ਉਸ ਨੂੰ ਆਪਣੇ ਦਸ ਮਹੀਨਿਆਂ ਦੇ ਬੱਚੇ 'ਰੀਓ' ਨੂੰ ਦੁੱਧ ਪਿਲਾਉਣ ਦੀ ਇਜਾਜ਼ਤ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦਾ ਬੱਚਾ ਚੁੰਗਣੀ ਜਾਂ ਫ਼ਾਰਮੂਲਾ ਮਿਲਕ ਨਾਲ ਦੁੱਧ ਪੀ ਸਕਦਾ ਸੀ। ਉਸ ਨੇ ਇਸ ਦਾ ਹੱਲ ਲੱਭ ਲਿਆ। ਰੋਜ਼ਾ ਨੇ ਸੋਸ਼ਲ ਸਾਈਟ ਫ਼ੇਸਬੁਕ ’ਤੇ ਇਕ ਪੋਸਟ ਰਾਹੀਂ ਆਪਣੀ ਇਹ ਸਮੱਸਿਆ ਸ਼ੇਅਰ ਕੀਤੀ। ਜਿਥੇ ਇਕ ਨਹੀਂ, ਹਜ਼ਾਰਾਂ ਮਾਵਾਂ ਨੇ ਆਪਣੇ ਵਲੋਂ ਬੱਚੇ ਨੂੰ ਦੁੱਧ ਪਿਲਾਉਣ ਦੀ ਪੇਸ਼ਕਸ਼ ਕੀਤੀ। ਸਗੋਂ, ਕਈ ਮਾਵਾਂ ਤਾਂ ਬੱਚੇ ਨੂੰ ਦੁੱਧ ਪਿਲਾਉਣ ਲਈ ਹਸਪਤਾਲ ਵੀ ਪਹੁੰਚ ਗਈਆਂ। ਦੇਸ਼ ਭਰ ਵਿਚੋਂ ਆਈ ਇਸ ਮਦਦ ਤੋਂ ਰੋਜ਼ਾ ਕਾਫ਼ੀ ਹੈਰਾਨ ਹੈ। ਉਸ ਨੇ ਕਦੇ ਸੋਚਿਆ ਨਹੀਂ ਸੀ ਕਿ ਉਸ ਦੇ ਬੇਟੇ ਨੂੰ ਕੋਈ ਇਸ ਤਰ੍ਹਾਂ ਦੁੱਧ ਪਿਲਾਏਗਾ।



ਪੇਂਜੇਂਸ ਦੀ ਰਹਿਣ ਵਾਲੀ ਰੋਜ਼ਾ ਮਾਡਲਿੰਗ ਕਰਦੀ ਹੈ ਅਤੇ ਸਿੰਗਲ ਮਦਰ ਹੈ। ਉਸ ਦੀ ਛੇ ਸਾਲ ਦੀ ਬੇਟੀ ਲਿਲੀ ਵੀ ਹੈ। ਬੱਚੇ ਨੂੰ ਦੁੱਧ ਪਿਲਾਉਣ ਲਈ ਪਹਿਲੇ ਦਿਨ ਮਿਸ਼ੇਲ ਨੀਦਰਟਨ ਪਹੁੰਚੀ, ਜੋ ਤਿੰਨ ਬੱਚਿਆਂ ਦੀ ਮਾਂ ਹੈ। ਮਿਸ਼ੇਲ ਦਾ ਕਹਿਣਾ ਹੈ, "ਜਦੋਂ ਮੈਂ ਪੋਸਟ ਪੜ੍ਹੀ ਤਾਂ ਰਿਹਾ ਨਹੀਂ ਗਿਆ। ਮੈਂ ਕਿਸੇ ਬੱਚੇ ਨੂੰ ਭੁੱਖਾ ਨਹੀਂ ਵੇਖ ਸਕਦੀ। ਵੈਸੇ ਵੀ ਮੈਂ ਕਈ ਵਾਰ ਦੁੱਧ ਵੱਧ ਹੋਣ ਕਾਰਨ ਕੱਢ ਦਿੰਦੀ ਹਾਂ। ਇਸ ਤੋਂ ਚੰਗੀ ਗੱਲ ਕੀ ਹੋ ਸਕਦੀ ਹੈ ਕਿ ਉਹ ਬੱਚੇ ਦੇ ਕੰਮ ਆ ਗਿਆ।"

ਇਨ੍ਹਾਂ ਵਿਚੋਂ ਦੋ ਮਾਵਾਂ ਤਾਂ ਰੀਓ ਨੂੰ ਆਪਣੇ ਨਾਲ ਘਰ ਵੀ ਲੈ ਗਈਆਂ।

ਰੋਜ਼ਾ ਨੂੰ ਹਸਪਤਾਲ ਤੋਂ ਛੁੱਟੀ ਤਾਂ ਮਿਲ ਗਈ, ਪਰ ਉਸ ਨੂੰ ਬੱਚੇ ਨੂੰ ਦੁੱਧ ਪਿਲਾਉਣ ਦੀ ਇਜਾਜ਼ਤ ਨਹੀਂ ਮਿਲੀ, ਜਿਸ ਕਰਕੇ ਅਜੇ 'ਆਰਜ਼ੀ ਮਾਵਾਂ' ਹੀ ਰੀਓ ਨੂੰ ਦੁੱਧ ਪਿਲਾਉਣਗੀਆਂ। ਰੋਜ਼ਾ ਦੇ ਦੋਸਤ ਇਨ੍ਹਾਂ ਔਰਤਾਂ ਦੇ ਆਉਣ-ਜਾਣ ਦਾ ਖ਼ਰਚਾ ਚੁੱਕ ਰਹੇ ਹਨ।

# ਸੋਚ ਵਿਗਿਆਨਕ ਕਿਵੇਂ ਬਣਾਈ ਜਾਵੇ?



ਮੇਘ ਰਾਜ ਮਿੱਤਰ

ਸ਼ੂਗਰ ਦਾ ਮਰੀਜ਼ ਕਰਮ ਜ਼ਿੰਦਗੀ ਦੀ ਸਿਖਰ ਦੁਪਹਿਰ ਸਮੇਂ ਹੀ ਅਲਵਿਦਾ ਆਖ ਗਿਆ ਕਿਉਂਕਿ ਉਸ ਨੇ ਕਦੇ ਵੀ ਮਿੱਠੇ ਆਦਿ ਤੋਂ ਪਰਹੇਜ਼ ਨਹੀਂ ਸੀ ਕੀਤਾ। ਹਮੇਸ਼ਾ ਕਿਹਾ ਕਰਦਾ ਸੀ, "ਜ਼ਿੰਦਗੀ ਤਾਂ ਪ੍ਰਮਾਤਮਾ ਦੇ ਹੱਥ ਹੈ, ਉਸ ਨੇ ਜਿੰਨ੍ਹੇ ਸਾਹ ਬਖ਼ਸ਼ੇ ਨੇ ਓਨੇ ਹੀ ਲੈਣੇ ਨੇ, ਫਿਰ ਕਿਉਂ ਐਵੇਂ ਹੀ ਖਾਣ-ਪੀਣ 'ਤੇ ਬੰਦਸ਼ਾਂ ਲਾਈਆਂ ਜਾਣ।"

ਰਾਜਵੰਤ ਵੀ ਆਪਣੀ ਨੌਜਵਾਨ ਪਤਨੀ ਅਤੇ ਪੁੱਤਰਾਂ ਨੂੰ ਵਿਲਕਦੇ ਛੱਡ ਧਰਤੀ ਵਿਚ ਸਮਾ ਗਿਆ। ਉਸ ਦੀ ਸੋਚ ਭਾਵੇਂ ਪਦਾਰਥਵਾਦੀ ਸੀ, ਪਰ ਉਸ ਨੇ ਆਪਣੀ ਸਿਹਤ ਪ੍ਰਤੀ ਲੋੜੀਂਦੀ ਚੌਕਸੀ ਨਹੀਂ ਵਰਤੀ। ਨਿੱਕੀ ਜਿਹੀ ਬਿਮਾਰੀ ਨੂੰ ਅਣਗੌਲਿਆ ਕਰ ਦਿੱਤਾ, ਜੋ ਉਸ ਲਈ ਜਾਨਲੇਵਾ ਸਿੱਧ ਹੋਈ। ਮੇਰੇ ਇਸ ਲੇਖ ਦਾ ਉਦੇਸ਼ ਲੰਮੀ ਤੇ ਸਿਹਤਮੰਦ ਜ਼ਿੰਦਗੀ ਬਤੀਤ ਕਰਨਾ ਹੈ।

ਜ਼ਿੰਦਗੀ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਮਨੁੱਖੀ ਸਰੀਰ ਬਾਰੇ ਇਕ ਸਮਝ ਬਣਾ ਲੈਣੀ ਚਾਹੀਦੀ ਹੈ। ਅਸੀਂ ਵੇਖਦੇ ਹਾਂ ਕਿ ਠੰਢੀ ਕਲੀ ਨੂੰ ਠੰਢੇ ਪਾਣੀ ਵਿਚ ਪਾਉਣ ਨਾਲ ਇਸ ਵਿਚ ਹਰਕਤ, ਆਵਾਜ਼ ਅਤੇ ਗਰਮਾਇਸ਼ ਆਦਿ ਪੈਦਾ ਹੋ ਜਾਂਦੇ ਹਨ। ਸਵਾਲ ਇਹ ਹੈ ਕਿ ਊਰਜਾ ਦੇ ਇਹ ਵੱਖ-ਵੱਖ ਰੂਪ ਕਿਵੇਂ ਪੈਦਾ ਹੋ ਗਏ? ਜੇ ਅਸੀਂ ਇਸ ਗੱਲ ਨੂੰ ਆਪਣੀ ਸਕੂਲੀ ਪੜ੍ਹਾਈ ਨਾਲ ਜੋੜ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਵੱਖ-ਵੱਖ ਪਦਾਰਥਾਂ ਨੂੰ ਮਿਲਾਉਣ ਨਾਲ ਕਈ ਅਜਿਹੀਆਂ ਰਸਾਇਣਕ ਕਿਰਿਆਵਾਂ ਵਾਪਰਦੀਆਂ ਹਨ, ਜਿਨ੍ਹਾਂ ਵਿਚ ਊਰਜਾ ਦੀਆਂ ਵੱਖ-ਵੱਖ ਕਿਸਮਾਂ ਪੈਦਾ ਹੁੰਦੀਆਂ ਹਨ। ਸਰੀਰ ਦਾ ਅਮੀਬੇ ਤੋਂ ਲੈ ਕੇ ਮਨੁੱਖ ਤਕ ਦਾ ਸਫ਼ਰ ਇਹਨਾਂ ਰਸਾਇਣਾਂ ਨਾਲ ਸੰਘਰਸ਼ ਦੀ ਵੱਡੀ ਗਾਥਾ ਹੈ। ਮਨੁੱਖ ਨੇ ਆਪਣੇ 250 ਕਰੋੜ ਵਰ੍ਹੇ ਦੇ ਸਫ਼ਰ ਦੌਰਾਨ ਵੱਡੇ ਤਜਰਬੇ ਕੀਤੇ ਹਨ। ਇਹਨਾਂ ਨਾਲ ਸੰਘਰਸ਼ ਕਰਦਿਆਂ ਉਸ ਨੇ ਆਪਣੇ ਸਰੀਰ ਨੂੰ ਬਹੁਤ ਸਾਰੇ ਰਸਾਇਣਾਂ ਅਨੁਸਾਰ ਢਾਲਿਆ ਹੈ। ਇਹਨਾਂ ਦੇ ਬਹੁਤ ਸਾਰੇ ਹਾਂ ਪੱਖੀ ਗੁਣਾਂ ਨੂੰ ਆਪਣੇ ਅੰਦਰ ਸਮੋਇਆ ਵੀ ਹੈ। ਜੇ ਅੱਜ ਮਨੁੱਖੀ ਸਰੀਰ ਵਿਚ ਗਰਮੀ, ਹਰਕਤ, ਆਵਾਜ਼, ਬਿਜਲੀ ਆਦਿ ਹਨ। ਇਹ ਸਾਰਾ ਕੁੱਝ ਇਹਨਾਂ ਰਸਾਇਣਿਕ ਪਦਾਰਥਾਂ ਦੀ ਹੀ ਦੇਣ ਹਨ। ਕੀ ਇਸ ਸੰਘਰਸ਼ ਦੌਰਾਨ ਉਸ ਨੂੰ ਸਭ ਕੁੱਝ ਹਾਂ ਪੱਖੀ ਹੀ ਪ੍ਰਾਪਤ ਹੁੰਦਾ ਹੈ? ਨਹੀਂ, ਇਹ ਗੱਲ ਨਹੀਂ, ਬਹੁਤ ਸਾਰੇ ਅਜਿਹੇ ਪਦਾਰਥ ਵੀ ਸਰੀਰ ਵਿਚ ਦਾਖ਼ਲ ਹੋ ਜਾਂਦੇ ਹਨ, ਜਿਹੜੇ ਸਰੀਰ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਅਧਿਆਇ ਦਾ ਮੁੱਖ ਮਕਸਦ ਲੋਕਾਂ ਵਿਚ ਅਜਿਹੀ ਸੋਚ ਨੂੰ ਪੈਦਾ ਕਰਨਾ ਹੈ, ਜਿਹੜੀ ਸਰੀਰਕ ਬਿਮਾਰੀਆਂ ਨੂੰ ਕੀ, ਕਿਉਂ, ਕਿਵੇਂ ਦੀ ਵਿਗਿਆਨਕ ਕਸੌਟੀ 'ਤੇ ਪਰਖ ਕੇ ਸਰੀਰ ਲਈ ਢੁੱਕਵੀਂਆਂ ਇਲਾਜ ਪ੍ਰਣਾਲੀਆਂ ਨੂੰ ਹੀ ਤਰਜੀਹ ਦੇਵੇ। ਜ਼ਿੰਦਗੀ ਜਿਉਣ ਦੇ ਦੋ ਢੰਗਾਂ ਨਾਲ। ਇਕ ਢੰਗ ਹੈ, ਜ਼ਿੰਦਗੀ ਨੂੰ ਵਿਗਿਆਨਕ ਢੰਗ ਨਾਲ ਸਵੈ-ਵਿਸ਼ਵਾਸ ਰਾਹੀਂ ਸੰਘਰਸ਼ ਕਰਦੇ ਹੋਏ ਹੱਸਦੇ-ਹੱਸਦੇ ਜਿਉਣਾ। ਦੂਜਾ ਢੰਗ ਹੈ, ਗ਼ੈਰ-ਵਿਗਿਆਨਕ ਢੰਗ ਨਾਲ ਰੋਂਦੇ ਹੋਏ ਡਰਪੋਕਪੁਣੇ ਵਿਚ ਦਿਨ ਕੱਟੀ ਕਰਨਾ। ਤੁਸੀਂ ਕਿਸ ਢੰਗ ਨਾਲ ਜ਼ਿੰਦਗੀ ਬਤੀਤ ਕਰਦੇ ਹੋ। ਇਹ ਤੁਹਾਡੇ ਉਪਰ ਨਿਰਭਰ ਕਰਦਾ ਹੈ।

ਅਸੀਂ ਆਪਣੇ ਰੋਜ਼ਾਨਾ ਜੀਵਨ ਵਿਚ ਦੋ ਢੰਗਾਂ ਨਾਲ ਬਣੀਆਂ ਵਸਤੂਆਂ ਵੇਖਦੇ ਹਾਂ। ਮੌਜੂਦਾ ਸਮੇਂ ਦੀ ਮਾਰੂਤੀ ਕਾਰ ਨੂੰ ਹੀ ਲੈ ਲਓ। ਵਿਗਿਆਨੀਆਂ ਦੀ ਸੈਂਕੜੇ ਸਾਲਾਂ ਦੀ ਮਿਹਨਤ ਨਾਲ ਇਸ ਦਾ ਹਰ ਮਾਡਲ ਪਹਿਲਾਂ ਨਾਲੋਂ ਵਧੀਆ ਰੂਪ ਵਿਚ ਸਾਡੇ ਸਾਹਮਣੇ ਆ ਰਿਹਾ ਹੈ। ਅੱਜ ਜੇ ਇਸ ਕਾਰ ਦੇ ਨਿਰਮਾਤਾ ਇਹ ਦਾਅਵਾ ਕਰਦੇ ਹਨ ਕਿ ਉਹ ਕਾਰ ਇਕ ਲੀਟਰ ਪੈਟਰੋਲ ਵਿਚ 22 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ ਤਾਂ ਇਸ ਕੰਪਨੀ ਦੀ ਬਣੀ ਹਰ ਇਸ ਕਿਸਮ ਦੀ ਕਾਰ ਲਗਭਗ ਐਨੀ ਹੀ ਦੂਰੀ ਤੈਅ ਕਰਦੀ ਹੈ। ਜੇ ਇਸ ਦੇ ਨਿਰਮਾਤਾ ਕਹਿੰਦੇ ਹਨ ਕਿ ਇਸ ਦਾ ਇੰਜਣ ਬਗ਼ੈਰ ਖੁੱਲ੍ਹੇ ਤੋਂ ਇਕ ਲੱਖ ਕਿਲੋਮੀਟਰ ਤੱਕ ਦਾ ਸਫ਼ਰ ਤੈਅ ਕਰੇਗਾ ਤਾਂ ਇਹ ਵੀ ਲਗਭਗ ਇੰਝ ਹੀ ਹੁੰਦਾ ਹੈ ਕਿਉਂਕਿ ਇਸ ਨੂੰ ਵਿਗਿਆਨਕ ਢੰਗ ਨਾਲ ਬਣਾਇਆ ਗਿਆ ਹੈ।

ਇਸ ਤਰ੍ਹਾਂ ਛੱਤ ਉਪਰ ਲਟਕ ਰਹੇ ਬਿਜਲੀ ਦੇ ਪੱਖਿਆਂ ਨੂੰ ਹੀ ਲੈ ਲਵੋ। ਮੇਰੇ ਘਰ ਵਿਚ ਤੀਹ ਸਾਲ ਪੁਰਾਣੇ ਪੱਖੇ ਅੱਜ ਤਕ ਕੰਮ ਦੇ ਰਹੇ ਹਨ। ਇਸ ਦਾ ਕਾਰਨ ਵੀ ਏਹੀ ਹੈ ਕਿ ਇਸ ਨੂੰ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਗਿਆ ਹੈ।

ਇਸੇ ਤਰ੍ਹਾਂ ਹੀ ਅਸੀਂ ਅੱਜ-ਕੱਲ੍ਹ ਦੀ ਅੰਗਰੇਜ਼ੀ ਦਵਾਈ ਪ੍ਰਣਾਲੀ 'ਤੇ ਨਜ਼ਰ ਮਾਰ ਸਕਦੇ ਹਾਂ। ਮੈਂ ਸੈਂਕੜੇ ਅਜਿਹੇ ਵਿਅਕਤੀਆਂ ਨੂੰ ਜਾਣਦਾ ਹਾਂ, ਜਿਹੜੇ ਟੀ.ਬੀ. ਦੇ ਵਿਸ਼ਾਣੂ ਦੀ ਜਕੜ ਵਿਚ ਆ ਕੇ ਬਿਮਾਰ ਹੋ ਗਏ ਸਨ। ਪਰ ਮੌਜੂਦਾ ਐਲੋਪੈਥਿਕ ਪ੍ਰਣਾਲੀ ਨੇ ਉਹਨਾਂ ਵਿਚੋਂ ਇਸ ਬਿਮਾਰੀ ਨੂੰ ਸਦਾ ਲਈ ਅਲੋਪ ਕਰ ਦਿੱਤਾ ਹੈ। ਅੱਜ ਤੋਂ ਸੱਠ ਕੁ ਸਾਲ ਪਹਿਲਾਂ ਦੇ ਬਹੁਤ ਸਾਰੇ ਵਿਅਕਤੀ ਤੁਹਾਨੂੰ ਅਜਿਹੇ ਮਿਲ ਜਾਣਗੇ, ਜਿਨ੍ਹਾਂ ਦੇ ਚਿਹਰਿਆਂ ਉਪਰ ਮਾਤਾ (ਚੇਚਕ) ਦੇ ਦਾਗ ਹੋਣਗੇ, ਪਰ ਉਸ ਤੋਂ ਬਾਅਦ ਉਮਰ ਦਾ ਕੋਈ ਵੀ ਵਿਅਕਤੀ ਤੁਹਾਨੂੰ ਇਸ ਕਿਸਮ ਦੇ ਦਾਗ਼ਾਂ ਵਾਲਾ ਨਹੀਂ ਮਿਲੇਗਾ ਕਿਉਂਕਿ ਭਾਰਤ ਵਿਚ ਇਸ ਬਿਮਾਰੀ ਦਾ ਇਲਾਜ ਹੀ ਇਸ ਦੀ ਖੋਜ ਤੋਂ ਲਗਭਗ 150 ਸਾਲ ਬਾਅਦ ਹੀ ਆਮ ਲੋਕਾਂ ਤਕ ਪਹੁੰਚ ਸਕਿਆ ਹੈ। ਕਹਿੰਦੇ ਹਨ ਕਿ ਚੇਚਕ ਦੇ ਟੀਕੇ ਦੇ ਖੋਜੀ ਐਡਵਰਡ ਜੈਨਰ ਨੇ ਗਵਾਲਿਨਾ ਨੂੰ ਇਹ ਕਹਿੰਦੇ ਸੁਣਿਆ ਸੀ, "ਤੈਨੂੰ ਚੇਚਕ ਤੋਂ ਡਰਨ ਦੀ ਲੋੜ ਨਹੀਂ, ਕਿਉਂਕਿ ਤੈਨੂੰ ਤਾਂ ਪਹਿਲਾਂ ਹੀ ਛੋਟੀ ਮਾਤਾ ਨਿਕਲੀ ਹੋਈ ਹੈ।" ਬੱਸ, ਇਹ ਸੁਣਦੇ ਹੀ ਜੈਨਰ ਕਿਸੇ ਅਜਿਹੇ ਟੀਕੇ ਦੀ ਖੋਜ ਵਿਚ ਜੁਟ ਗਿਆ, ਜੋ ਸਭ ਨੂੰ ਪਹਿਲਾਂ ਹੀ ਛੋਟੀ ਮਾਤਾ ਨਾਲ ਬਿਮਾਰ ਕਰ ਦੇਵੇ। ਅਖ਼ੀਰ ਉਸ ਨੇ ਇਕ ਮਰੀਜ਼ ਦੇ ਦਾਣਿਆਂ ਵਿਚੋਂ ਪਾਣੀ ਲਿਆ, ਜਿਸ ਦੇ ਪਹਿਲਾਂ ਹੀ ਛੋਟੀ ਮਾਤਾ ਨਿਕਲੀ ਹੋਈ ਸੀ ਅਤੇ ਇਸ ਨੂੰ ਇੱਕ ਅੱਠ ਸਾਲਾ ਬਾਲਕ ਜੇਮਜ਼ ਫ਼ਿਲਿਪਸ ਦੇ ਸਰੀਰ 'ਤੇ ਜ਼ਖ਼ਮ ਕਰਕੇ ਛਿੜਕ ਦਿੱਤਾ। ਬੱਸ ਫਿਰ ਕੀ ਸੀ, ਉਸ ਬਾਲਕ ਦੇ ਵੀ ਛੋਟੀ ਮਾਤਾ ਨਿਕਲ ਆਈ ਤੇ ਇਹ ਵੱਡੀ ਮਾਤਾ ਦੇ ਪ੍ਰਕੋਪ ਤੋਂ ਬਚ ਗਿਆ। ਇਸ ਤਰ੍ਹਾਂ 1876 ਵਿਚ ਇਸ ਚੇਚਕ ਵਿਰੋਧੀ ਟੀਕੇ ਦੀ ਖੋਜ ਹੋ ਗਈ। ਅੱਜ ਇਸ ਟੀਕੇ ਨੇ ਧਰਤੀ ਤੋਂ ਵੱਡੀ ਮਾਤਾ ਜਾਣੀ ਚੇਚਕ ਦਾ ਨਾਮ-ਨਿਸ਼ਾਨ ਹੀ ਮਿਟਾ ਦਿੱਤਾ ਹੈ।

ਅਜਿਹੀਆਂ ਸੈਂਕੜੇ ਹੀ ਬਿਮਾਰੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਹੜੀਆਂ

ਐਲੋਪੈਥਿਕ ਪ੍ਰਣਾਲੀ ਦੇ ਪ੍ਰਯੋਗ ਨਾਲ ਧਰਤੀ ਤੋਂ ਅਲੋਪ ਹੋ ਗਈਆਂ ਹਨ। ਇਸ ਪ੍ਰਣਾਲੀ ਦੀਆਂ ਬਹੁਤ ਸਾਰੀਆਂ ਖ਼ੂਬੀਆਂ ਹਨ ਕਿਉਂਕਿ ਇਸ ਦੀ ਕੋਈ ਵੀ ਦਵਾਈ ਪ੍ਰਮਾਣਤ ਕਰਨ ਤੋਂ ਪਹਿਲਾਂ ਇਸ ਦੀ ਪਰਖ ਜਾਨਵਰਾਂ ’ਤੇ ਕੀਤੀ ਜਾਂਦੀ ਹੈ।

ਪਹਿਲਾਂ ਇਸ ਦੀ ਰਸਾਇਣਕ ਪ੍ਰਕਿਰਿਆ ਦੀ ਜਾਂਚ ਹੁੰਦੀ ਹੈ, ਮਤਲਬ ਕਿਸੇ ਵੀ ਰੋਗ ਨੂੰ ਪੈਦਾ ਕਰਨ ਲਈ ਕਿਸ ਕਿਸਮ ਦਾ ਵਾਇਰਸ ਜ਼ੁੰਮੇਵਾਰ ਹੈ, ਇਸ ਵਾਇਰਸ ਨੂੰ ਨਸ਼ਟ ਕਰਨ ਲਈ ਕਿਹੜਾ ਰਸਾਇਣਕ ਪਦਾਰਥ ਜਾਂ ਵਾਇਰਸ ਵਰਤੋਂ ਵਿਚ ਲਿਆਂਦਾ ਜਾਵੇ। ਇਸ ਸਫਲਤਾ ਤੋਂ ਬਾਅਦ ਹੀ ਦਵਾਈ ਦੀ ਪਰਖ ਪਹਿਲਾਂ ਜਾਨਵਰਾਂ ’ਤੇ, ਫਿਰ ਬਾਂਦਰਾਂ ’ਤੇ ਕੀਤੀ ਜਾਂਦੀ ਹੈ। ਸਿੱਟੇ ਤੇ ਚਿੰਨ੍ਹ ਨੋਟ ਕੀਤੇ ਜਾਂਦੇ ਹਨ। ਜੇ ਸਿੱਟੇ ਉਤਸ਼ਾਹਜਨਕ ਹੋਣ ਤਾਂ ਉਸ ਤੋਂ ਬਾਅਦ ਮਨੁੱਖ ਅਤੇ ਮਨੁੱਖ ਦੇ ਗਰੁੱਪਾਂ ’ਤੇ ਪਰਖ ਹੁੰਦੀ ਹੈ। ਇਸ ਤੋਂ ਬਾਅਦ ਹੀ ਦਵਾਈ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ।

ਕਿਸੇ ਮਰੀਜ਼ ਨੂੰ ਬਾਕਾਇਦਾ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੀ ਬਿਮਾਰੀ ਦੀ ਲੈਬਾਰਟਰੀ ਜਾਂਚ ਕੀਤੀ ਜਾਂਦੀ ਹੈ। ਇਹ ਢੰਗ ਪੂਰੀ ਤਰ੍ਹਾਂ ਵਿਗਿਆਨਕ ਹੁੰਦਾ ਹੈ। ਮੰਨ ਲਉ ਮੈਨੂੰ ਸ਼ੂਗਰ ਦੀ ਬਿਮਾਰੀ ਹੈ। ਜੇ ਮੇਰਾ ਖ਼ੂਨ ਸੱਤ ਲੈਬਾਰਟਰੀਆਂ ਨੂੰ ਟੈਸਟ ਕਰਨ ਲਈ ਭੇਜਿਆ ਜਾਵੇਗਾ ਤਾਂ ਉਹਨਾਂ ਸੱਤ ਲੈਬਾਰਟਰੀਆਂ ਦੀ ਰਿਪੋਰਟ ਲਗਭਗ ਇਕੋ ਹੀ ਹੋਵੇਗੀ। ਇਸ ਤਰ੍ਹਾਂ ਹੀ ਵੱਖ-ਵੱਖ ਬਿਮਾਰੀਆਂ ਵਿਚ ਹੁੰਦਾ ਹੈ। ਸੋ, ਬਿਮਾਰੀ ਦੀ ਹਾਲਤ ਵਿਚ ਸਭ ਤੋਂ ਵਿਗਿਆਨਕ ਢੰਗ ਇਹ ਹੀ ਹੈ ਕਿ ਬਿਮਾਰੀ ਦਾ ਪੱਕਾ ਪਤਾ ਲਾਉਣ ਲਈ ਲੋੜੀਂਦੇ ਟੈਸਟ ਜ਼ਰੂਰ ਕਰਵਾਏ ਜਾਣ। ਅੱਜ-ਕੱਲ੍ਹ ਬਹੁਤ ਸਾਰੇ ਐਲੋਪੈਥੀ ਦੇ ਡਾਕਟਰ ਮਰੀਜ਼ਾਂ ਦੀ ਟੈਸਟਾਂ ਰਾਹੀਂ ਹੀ ਲੁੱਟ-ਖਸੁੱਟ ਕਰਨ ਲੱਗ ਪਏ ਹਨ। ਜੇ ਅੱਖਾਂ ਖੋਲ੍ਹ ਕੇ ਟੈਸਟ ਕਰਵਾਏ ਜਾਣ ਤਾਂ ਇਸ ਲੁੱਟ-ਖਸੁੱਟ ਤੋਂ ਵੀ ਬਚਿਆ ਜਾ ਸਕਦਾ ਹੈ। ਅਜਿਹੇ ਡਾਕਟਰਾਂ ਕੋਲ ਕਦੇ ਨਹੀਂ ਜਾਣਾ ਚਾਹੀਦਾ, ਜਿਹੜੇ ਬਿਮਾਰੀ ਨੂੰ ਬੁੱਝਣ ਲਈ ਟੈਸਟਾਂ ਦੀ ਵਰਤੋਂ ਹੀ ਨਹੀਂ ਕਰਦੇ।

ਆਓ ਵੇਖੀਏ ਕਿ ਬਿਮਾਰੀ ਦੀ ਹਾਲਤ ਵਿਚ ਬਹੁਤ ਸਾਰੇ ਲੋਕ ਗ਼ੈਰ-ਵਿਗਿਆਨਕ ਢੰਗ ਅਪਨਾ ਕੇ ਕਿਵੇਂ ਆਪਣੀ ਬਿਮਾਰੀ ਨੂੰ ਲਾਇਲਾਜ ਬਣਾ ਲੈਂਦੇ ਹਨ।

ਬਹੁਤ ਸਾਰੇ ਵਿਅਕਤੀ ਇਹ ਜਾਣਦੇ ਹਨ ਕਿ ਸ਼ੂਗਰ ਦੀ ਬਿਮਾਰੀ ਇਸ ਲਈ ਪੈਦਾ ਹੋ ਜਾਂਦੀ ਹੈ ਕਿ ਸਾਡੇ ਸਰੀਰ ਦਾ ਇਕ ਅੰਗ ਪੈਂਕਰੀਆ ਇੰਸੂਲੀਨ ਪੈਦਾ ਕਰਨੀ ਘਟਾ ਦਿੰਦਾ ਹੈ ਜਾਂ ਬੰਦ ਕਰ ਦਿੰਦਾ ਹੈ। ਜੇ ਲੋਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੋਵੇ ਕਿ ਸੰਸਾਰ ਵਿਚ ਅਜਿਹੀ ਕੋਈ ਖੋਜ ਨਹੀਂ ਹੋਈ, ਜੋ ਪੈਂਕਰੀਆ ਦੇ ਕੰਮ ਢੰਗ ਨੂੰ ਸੁਧਾਰ ਸਕੇ ਤਾਂ ਅਜਿਹੇ ਲੋਕ ਬਾਹਰੋਂ ਇੰਸੂਲੀਨ ਲੈਣ ਦੀ ਆਦਤ ਸਹਿਜੇ ਹੀ ਅਪਨਾ ਲੈਣਗੇ, ਪਰ ਇਸ ਜਾਣਕਾਰੀ ਦੇ ਹੀਣੇ ਲੋਕੀਂ ਸ਼ੂਗਰ ਦੇ ਇਲਾਜ ਲਈ ਸਾਧਾਂ-ਸੰਤਾਂ ਤੇ ਨੀਮਾਂ-ਹਕੀਮਾਂ ਦੇ ਦੁਆਲੇ ਚੱਕਰ ਕੱਟਣੇ ਸ਼ੁਰੂ ਕਰ ਦੇਣਗੇ। ਸਿੱਟੇ ਵਜੋਂ ਇੰਸੂਲੀਨ ਦੀ ਘਾਟ ਸਰੀਰ ਵਿਚ ਬਿਮਾਰੀ ਦੀ ਦਸ਼ਾ ਹੋਰ ਵਿਗਾੜ ਦੇਵੇਗੀ।

ਬੁੱਧੀਮਾਨ ਵਿਅਕਤੀ ਜਾਣਦੇ ਹਨ ਕਿ ਮਾਂ ਦੇ ਪੇਟ ਵਿਚਲੇ ਬੱਚੇ ਦੇ ਸੈਕਸ ਦਾ ਫ਼ੈਸਲਾ ਗਰਭਧਾਰਨ ਕਰਨ ਦੇ ਪਹਿਲੇ ਦਿਨ ਹੀ ਹੋ ਜਾਂਦਾ ਹੈ। ਇਸਤਰੀ ਵਿਚ ਤਾਂ ਕਰੋਮੋਸੋਮ 23 ਜੋੜੇ ਸਾਰੇ ਹੀ XX ਕਰੋਮੋਸੋਮ ਹੁੰਦੇ ਹਨ, ਪਰ ਮਰਦਾਂ ਵਿਚ 23ਵਾਂ ਜੋੜਾ XY ਕਰੋਮੋਸੋਮ ਹੁੰਦਾ ਹੈ। ਜੇਕਰ ਮਰਦ ਦੇ 23ਵੇਂ ਜੋੜੇ ਦਾ X ਭਾਗ ਇਸਤਰੀ ਦੇ ਕਰੋਮੋਸੋਮ ਨਾਲ ਜੁੜਦਾ ਹੈ ਤਾਂ ਲੜਕੀ ਪੈਦਾ ਹੁੰਦੀ ਹੈ, ਪਰ ਜੇ ਮਰਦ ਦੇ ਤੇਈਵੇਂ ਜੋੜੇ ਦਾ Y ਭਾਗ ਇਸਤਰੀ ਦੇ ਤੇਈਵੇਂ ਜੋੜੇ X ਨਾਲ ਜੁੜਦਾ ਹੈ ਤਾਂ ਪੈਦਾ ਹੋਣ ਵਾਲਾ ਬੱਚਾ ਲੜਕਾ ਹੋਵੇਗਾ। ਮਰਦ-ਇਸਤਰੀ ਕਰੋਮੋਸੋਮ ਦਾ ਮੇਲ ਤਾਂ ਸੰਭੋਗ ਦੇ 48 ਘੰਟੇ ਦੇ ਅੰਦਰ-ਅੰਦਰ ਹੋ ਜਾਂਦਾ ਹੈ। ਹੁਣ ਇਸ ਤੋਂ ਬਾਅਦ ਸਾਧਾਂ-ਸੰਤਾਂ ਦੀ ਰਾਖ ਜਾਂ ਪਾਣੀ ਅਤੇ ਵੈਦ-ਹਕੀਮਾਂ ਦੀਆਂ ਲਈਆਂ ਪੁੜੀਆਂ ਕੀ ਕੋਈ ਅਸਰ ਕਰ ਸਕਣਗੀਆਂ?

ਮੈਂ ਬਹੁਤ ਸਾਰੇ ਵਿਅਕਤੀਆਂ ਨੂੰ, ਜਿਨ੍ਹਾਂ ਵਿਚ ਬਰਨਾਲਾ ਦਾ ਇਕ ਅਖੌਤੀ ਤਰਕਸ਼ੀਲ ਇਹ ਕਹਿੰਦੇ ਸੁਣਿਆ ਹੈ ਕਿ ਉਹਨਾਂ ਦੇ ਘਰ ਜੋ ਇਕੋ-ਇਕ ਬੇਟੀ ਪੈਦਾ ਹੋਈ ਹੈ, ਉਹ ਕਾਲੇਕੇ ਵਾਲੇ ਸਾਧ ਦੀ ਕਿਰਪਾ ਨਾਲ ਹੋਈ ਹੈ। ਹੁਣ ਇਸ ਭਡੂਏ ਨੂੰ ਕੋਈ ਪੁੱਛੇ ਕਿ ਸਾਧ ਨੇ ਉਸ ਦੇ ਕਰੋਮੋਸੋਮ ਨੂੰ ਉਸ ਦੀ ਪਤਨੀ ਦੇ ਬੱਚੇਦਾਨੀ ਅੰਦਰ ਅੰਡੇ ਤਕ ਪੁੱਜਦਾ ਕਰਨ ਲਈ ਰਾਹ ਕਿਵੇਂ ਪੱਧਰਾ ਕੀਤਾ? ਮੈਂ ਹਜ਼ਾਰਾਂ ਅਜਿਹੇ ਵਿਅਕਤੀ ਵੇਖੇ ਹਨ, ਜਿਹੜੇ ਬਿਮਾਰੀਆਂ ਤੋਂ ਬਚਣ ਲਈ ਧਾਗੇ, ਤਵੀਤ ਕਰਵਾਉਂਦੇ ਰਹਿੰਦੇ ਹਨ, ਪਰ ਉਹਨਾਂ ਨੂੰ ਹੋਣ ਵਾਲੀ ਬਿਮਾਰੀ ਨੂੰ ਇਹ ਧਾਗੇ-ਤਵੀਤ ਕਿਵੇਂ ਰੋਕਦੇ ਹਨ। ਇਸ ਦਾ ਕਦੇ ਵੀ ਉਹ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕੇ।

ਲੋਕਾਂ ਦੀ ਇਸ ਪਿੱਛਲੱਗੂ ਸੋਚ ਦਾ ਫ਼ਾਇਦਾ ਹੀ ਸਾਧ-ਸੰਤ ਤੇ ਨੀਮ-ਹਕੀਮ ਉਠਾਉਂਦੇ ਹਨ। ਜਦੋਂ ਕੋਈ ਵਿਅਕਤੀ ਇਹਨਾਂ ਦੇ ਚੁੰਗਲ ਵਿਚ ਫਸ ਜਾਂਦਾ ਹੈ ਤਾਂ ਇਹ ਉਸ ਨੂੰ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਬੁਰੀ ਤਰ੍ਹਾਂ ਡਰਾ ਦਿੰਦੇ ਹਨ। ਡਰੇ ਹੋਏ ਵਿਅਕਤੀ ਨੂੰ ਦੋਵੇਂ ਹੱਥੀਂ ਲੁੱਟਣਾ ਸੁਖਾਲਾ ਹੁੰਦਾ ਹੈ।

ਕੁੱਝ ਦਿਨ ਪਹਿਲਾਂ ਪੰਜਾਬੀ ਅਖ਼ਬਾਰਾਂ ਵਿਚ ਇਹ ਖ਼ਬਰ ਵੀ ਪ੍ਰਕਾਸ਼ਤ ਹੋਈ ਕਿ ਗੁਜਰਾਤੀ ਵਿਗਿਆਨੀ ਹੱਡੀਆਂ ਦੇ ਕੈਂਸਰ ਦਾ ਮਰੀਜ਼ ਸੀ। ਉਸ ਨੇ ਸਿੱਖਾਂ ਦੇ ਸਭ ਤੋਂ ਵੱਡੇ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਸੁਣੀ ਤਾਂ ਉਸ ਦਾ ਹੱਡੀਆਂ ਦਾ ਕੈਂਸਰ ਸਦਾ ਲਈ ਠੀਕ ਹੋ ਗਿਆ। ਭਾਵੇਂ ਸਾਰੀ ਪੜਤਾਲ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਇਸ ਪੱਤਰਕਾਰ ਇਸੇ ਕੈਂਸਰ ਨਾਲ ਮੌਤ 2006 ਵਿੱਚ ਹੋ ਗਈ ਸੀ। ਜੇ ਇਸ ਕਿਸਮ ਦੇ ਗੰਭੀਰ ਰੋਗ ਇਸ ਤਰ੍ਹਾਂ ਹੀ ਠੀਕ ਹੋ ਜਾਂਦੇ ਹਨ ਤਾਂ ਸਿੱਖਾਂ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਰਨਤਾਰਨ ਵਿਖੇ ਕੋਹੜ ਦੇ ਇਲਾਜ ਦਾ ਦਵਾਖਾਨਾ ਖੋਲ੍ਹਣ ਦੀ ਕੀ ਲੋੜ ਸੀ? ਬਿਮਾਰੀਆਂ ਤਾਂ ਪਸ਼ੂਆਂ ਅਤੇ ਫ਼ਸਲਾਂ ਨੂੰ ਵੀ ਲੱਗ ਜਾਂਦੀਆਂ ਹਨ, ਫਿਰ ਤਾਂ ਇਹ ਵੀ ਇਸ ਢੰਗ ਨਾਲ ਠੀਕ ਕੀਤੀਆਂ ਜਾ ਸਕਦੀਆਂ ਹੋਣਗੀਆਂ? ਅਸਲ ਵਿਚ ਇਹ ਵਿਅਕਤੀ ਇਸ ਢੰਗ ਨਾਲ ਠੀਕ ਨਹੀਂ ਹੋਇਆ ਹੋਣਾ, ਭਰਪੂਰ ਅੰਗਰੇਜ਼ੀ ਦਵਾਈਆਂ ਦਾ ਪੂਰਾ ਇਲਾਜ ਕਰਵਾ ਕੇ ਠੀਕ ਹੋਇਆ ਹੋਵੇਗਾ। ਪਰ ਕੁੱਝ ਹੋਰ ਲੋਕਾਂ ਦੀਆਂ ਇਲਾਜ ਵਿਧੀਆਂ ਵਿਚਕਾਰੋਂ ਛੁਡਵਾ ਕੇ ਉਹਨਾਂ ਨੂੰ ਇਸ ਦੀ ਮੌਤ ਦੇ ਨੇੜੇ ਜ਼ਰੂਰ ਕਰ ਦਿੱਤਾ ਹੋਵੇਗਾ। ਭਾਵੇਂ ਅਜਿਹੇ ਵਿਅਕਤੀ ਨੈਤਿਕ ਪੱਖੋਂ ਸਜ਼ਾ ਦੇ ਹੱਕਦਾਰ ਹੁੰਦੇ ਹਨ, ਪਰ ਇਥੋਂ ਦੀਆਂ ਸਰਕਾਰਾਂ ਤਾਂ ਅੰਧਵਿਸ਼ਵਾਸਾਂ ਨੂੰ ਵਧਾਉਣ ਲਈ ਅਜਿਹੇ ਮੌਕਿਆਂ ਦੀ ਭਾਲ ਵਿਚ ਹੀ ਰਹਿੰਦੀਆਂ ਹਨ।

ਭਾਰਤੀ ਜਨਤਾ ਪਾਰਟੀ ਦੇ ਸਾਬਕਾ ਕੌਮੀ ਜਨਰਲ ਸਕੱਤਰ ਸ੍ਰੀ ਪ੍ਰਮੋਦ ਮਹਾਜਨ ਨੂੰ ਉਸ ਦੇ ਛੋਟੇ ਭਰਾ ਪ੍ਰਦੀਪ ਮਹਾਜਨ ਨੇ ਜਾਇਦਾਦ ਦੇ ਝਗੜੇ ਕਾਰਨ ਗੋਲੀਆਂ ਮਾਰ ਦਿੱਤੀਆਂ ਸਨ। ਇਕ ਪਾਸੇ ਤਾਂ ਸਭ ਤੋਂ ਵਧੀਆ ਡਾਕਟਰ ਜ਼ੋਰ ਲਾ ਰਹੇ ਸਨ, ਦੂਜੇ ਪਾਸੇ ਸਭ ਤੋਂ ਯੋਗ ਮੰਨੇ ਜਾਂਦੇ ਪੁਜਾਰੀ ਉਹਨਾਂ ਦੀ ਜਾਨ ਨੂੰ ਬਚਾਉਣ ਲਈ ਯੱਗਾਂ, ਹਵਨਾਂ ਰਾਹੀਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਸਨ। ਡਾਕਟਰਾਂ ਦੀ ਮਿਹਰਬਾਨੀ ਸਦਕਾ ਜੇ ਮਹਾਜਨ ਬਚ ਜਾਂਦਾ ਤਾਂ ਇਸ ਦਾ ਸਾਰਾ ਸਿਹਰਾ ਇਥੋਂ ਦੇ ਅਧਿਆਤਮਵਾਦੀਆਂ ਨੂੰ ਦੇ ਦਿੱਤਾ ਜਾਣਾ ਸੀ। ਸੁਆਦ ਤਾਂ ਫਿਰ ਆਉਂਦਾ ਜੇ ਅਜਿਹੇ ਮੌਕੇ ਯੱਗਾਂ-ਹਵਨਾਂ ਦੀ ਸੱਚੀ ਸ਼ਕਤੀ ਦੀ ਪਰਖ ਹੀ ਕਰ ਲਈ ਜਾਂਦੀ।

ਬਹੁਤ ਸਾਰੇ ਵਿਗਿਆਨੀ ਅਜਿਹੇ ਵੀ ਹੁੰਦੇ ਹਨ, ਜਿਹੜੇ ਦਾਅਵਾ ਤਾਂ ਵਿਗਿਆਨਕ, ਤਰਕਸ਼ੀਲ ਜਾਂ ਨਾਸਤਿਕ ਹੋਣ ਦਾ ਕਰਦੇ ਹਨ, ਪਰ ਅਸਲ ਵਿਚ ਸਮੱਸਿਆ ਆਉਣ ’ਤੇ ਆਪਣੇ ਰਸਤੇ ਤੋਂ ਥਿੜ੍ਹਕ ਜਾਂਦੇ ਹਨ। ਮੈਂ ਕਈ ਅਜਿਹੇ ਵਿਗਿਆਨੀਆਂ ਬਾਰੇ ਵੀ ਜਾਣਕਾਰੀ ਰੱਖਦਾ ਹਾਂ, ਜਿਨ੍ਹਾਂ ਨੇ ਵਿਗਿਆਨ ਦੇ ਖੇਤਰ ਵਿਚ ਵੱਡੀਆਂ ਉਪਲੱਬਧੀਆਂ ਹਾਸਲ

ਕੀਤੀਆਂ ਹਨ, ਪਰ ਉਹ ਹੁਡਨੀ ਦੀਆਂ ਜਾਦੂ ਦੀਆਂ ਸ਼ਕਤੀਆਂ ਤੋਂ ਪ੍ਰਭਾਵਤ ਹੋ ਕੇ ਉਸ ਦੇ ਜਾਦੂ ਨੂੰ ਹਕੀਕੀ ਸਮਝਦੇ ਰਹੇ ਹਨ ਅਤੇ ਉਨ੍ਹਾਂ ਵਿਚ ਕਰਾਮਾਤੀ ਸ਼ਕਤੀਆਂ ਹੋਣ ਦੇ ਦਾਅਵੇ ਵੀ ਕੀਤੇ ਹਨ। ਇਸ ਦਾ ਕਾਰਨ ਹੁੰਦਾ ਹੈ ਕਿ ਇੱਕ ਵਿਅਕਤੀ ਹਰ ਕਿਸਮ ਦੀ ਜਾਣਕਾਰੀ ਦਾ ਮਾਹਰ ਨਹੀਂ ਬਣ ਸਕਦਾ। ਕਿਸੇ ਨਾ ਕਿਸੇ ਖੇਤਰ ਵਿਚ ਉਹ ਊਣਾ ਹੋ ਜਾਂਦਾ ਹੈ। ਜੇ ਉਸ ਦੀ ਸੋਚ ਵਿਗਿਆਨਕ ਨਹੀਂ ਤਾਂ ਉਸ ਖੇਤਰ ਵਿਚ ਉਸ ਦਾ ਵਤੀਰਾ ਪਿੱਛਲੱਗੂਆਂ ਵਾਲਾ ਹੋ ਨਿਬੜਦਾ ਹੈ। ਉਂਝ ਤਾਂ ਜ਼ਿੰਦਗੀ ਦੇ ਹਰ ਪਹਿਲੂ ਵਿਚ ਹੀ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ, ਪਰ ਬਿਮਾਰੀ ਦੀ ਹਾਲਤ ਵਿਚ ਤਾਂ ਇਹ ਹੋਰ ਵੀ ਵੱਧ ਜ਼ਰੂਰੀ ਬਣ ਜਾਂਦੀ ਹੈ, ਕਿਉਂਕਿ ਇਥੇ ਤਾਂ ਸਵਾਲ ਹੀ ਹੋਂਦ ਦਾ ਹੁੰਦਾ ਹੈ। ਸੋ ਜ਼ਿੰਦਗੀ ਦੀ ਹਰ ਘਟਨਾ ਨੂੰ ਕੀ, ਕਿਉਂ ਤੇ ਕਿਵੇਂ ਦੀ ਕਸੌਟੀ ’ਤੇ ਪਰਖਣ ਦੀ ਆਦਤ ਜ਼ਰੂਰ ਪਾ ਹੀ ਲੈਣੀ ਚਾਹੀਦੀ ਹੈ। ਸੋ, ਕਿਵੇਂ ਅਸੀਂ ਲੀਰਾਂ ਦੀ ਖਿੱਦੋ ਨੂੰ ਉਧੇੜਨਾ ਸ਼ੁਰੂ ਕਰ ਦਿੰਦੇ ਹਾਂ ਤਾਂ ਉਸ ਵਿਚੋਂ ਪਰਤ ਦਰ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ ਤਾਂ ਇਸ ਤਰ੍ਹਾਂ ਜ਼ਿੰਦਗੀ ਵਿਚ ਵਾਪਰਣ ਵਾਲੀ ਹਰ ਘਟਨਾ ਦੀ ਜਾਂਚ-ਪੜਤਾਲ ਕਰਨ ਦੀ ਆਦਤ ਪਾ ਹੀ ਲੈਣੀ ਚਾਹੀਦੀ ਹੈ। ਸਾਡੇ ਆਲੇ-ਦੁਆਲੇ ਦਾ ਸੰਚਾਰ ਪੂਰੀ ਤਰ੍ਹਾਂ ਜਾਨਣਯੋਗ ਹੈ। ਕਰੋੜਾਂ ਵਿਅਕਤੀਆਂ ਦੀ ਦਿਨ-ਰਾਤ ਦੀ ਮਿਹਨਤ ਸਦਕਾ ਇਹ ਜਾਨਣਯੋਗ ਹੋਇਆ ਹੈ।

ਅਜਿਹੇ ਮੌਕੇ ਪਿਛੇ ਲੱਗ ਕੇ ਜ਼ਿੰਦਗੀ ਨੂੰ ਨਰਕ ਬਣਾ ਲੈਣਾ ਸਿਆਣਪ ਨਹੀਂ। ਆਓ। ਵਿਗਿਆਨਕ ਸੋਚ ਦੀ ਇਕ ਚਿਣਗ ਨਾਲ ਦੁਨਿਆਵੀ ਸਮੁੰਦਰ ਵਿਚ ਚਾਨਣ ਦੀਆਂ ਕੁੱਝ ਬੂੰਦਾਂ ਲੱਭੀਏ ਤੇ ਧਰਤ ਦੇ ਵਿਸ਼ਾਲ ਜਨਸਮੂਹਾਂ ਵਿਚ ਇਹਨਾਂ ਦੀਆਂ ਰਿਸ਼ਮਾਂ ਵਿਖੇਰੀਏ ਅਤੇ ਆਪਣੇ ਉਪਰ ਪਿਛਲੀਆਂ ਪੀੜ੍ਹੀਆਂ ਦੇ ਚੜ੍ਹੇ ਕਰਜ਼ ਨੂੰ ਉਤਾਰੀਏ।

## ਆਸਤਿਕਾਂ ਲਈ

ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ‘ਰੱਬ’ ’ਤੇ ਭੋਰਾ ਵੀ ਵਿਸ਼ਵਾਸ ਨਹੀਂ ਕਰਦੇ? ਤੇ ਰੱਬ ਦੇ ਮੰਨਣ ਦਾ ਪਾਖੰਡ ਕਰਦੇ ਹੋ? ਤੁਹਾਡੇ ਨਾਲੋਂ ਨਾਸਤਿਕ ਸੱਚੇ ਹਨ, ਜੋ ਇਕ ਪਾਸੇ ਤਾਂ ਖੜ੍ਹੇ ਹਨ.. .

ਮੈਂ ਅਕਸਰ ਸੁਣਿਆ ਹੈ ਕਿ ਜਦ ਕੋਈ ਆਦਮੀ-ਔਰਤ ਹਾਦਸੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਬਿਮਾਰ ਹੋ ਜਾਂਦਾ ਹੈ ਤਾਂ ਉਸ ਦਾ ਇਲਾਜ ਡਾਕਟਰਾਂ ਤੋਂ ਕਰਵਾਉਣ ਤੋਂ ਬਾਅਦ.. .ਹਰ ਆਸਤਿਕ ਬੱਚੇ-ਬੁੱਢੇ-ਨੌਜਵਾਨ ਅਤੇ ਔਰਤ ਦੀ ਜ਼ੁਬਾਨ ’ਤੇ ਇਹੀ ਸ਼ਬਦ ਹੁੰਦੇ ਹਨ, .. .‘ਜੇ ਬਚ ਗਿਆ ਤਾਂ ..ਵਧੀ ਸੀ ਤਾਂ ਬਚ ਗਿਆ.. .ਭਾਵ ਰੱਬ ਨੇ ਇਸਦੀ ਮੌਤ ਅਜੇ ਨਹੀਂ ਲਿਖੀ ਸੀ ਤਾਂ ਬਚ ਗਿਆ.. .’ ਯਾਨੀ ਕਿ ਨਾ ਡਾਟਕਰਾਂ ਦਾ ਬਚਾਉਣ ’ਚ ਕੋਈ ਰੋਲ ਨਾ ਮਾਰਨ ’ਚ ਕੋਈ ਰੋਲ.. .ਮੈਨੂੰ ਸਮਝ ਨਹੀਂ ਆਉਂਦੀ ਕਿ ਆਸਤਿਕ ਲੋਕ ਆਪਣੇ ਤੜਫ਼ ਰਹੇ ਮਰੀਜ਼ ਨੂੰ ਡਾਕਟਰਾਂ ਕੋਲ ਕਿਉਂ ਲੈ ਕੇ ਜਾਂਦੇ ਹਨ?.. .ਕਿਉਂਕਿ ਉਨ੍ਹਾਂ ਨੂੰ ਆਪਣੇ ਰੱਬ ਦੀ ਲਿਖਤ-ਕਰਨੀ ’ਤੇ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਹੈ.. ਕਿ ਜੇ ਤੁਹਾਡੇ ਮਰੀਜ਼ ਦੀ ਘਟੀ ਹੋਈ. .. ਤਾਂ ਦੁਨੀਆਂ-ਵਿਗਿਆਨ ਦੀ ਕੋਈ ਤਾਕਤ ਇਸ ਨੂੰ ਬਚਾ ਨਹੀਂ ਸ਼ਕਦੀ.. .ਤੇ ਜੇ ਮਰੀਜ਼ ਦੀ ਵਧੀ ਹੋਈ ਤਾਂ ਦੁਨੀਆਂ ਦੀ ਕੋਈ ਬਿਮਾਰੀ ਜਾਂ ਜ਼ਖ਼ਮ ਇਸ ਨੂੰ ਮਾਰ ਨਹੀਂ ਸਕਦਾ.. .ਪਰ ਚਲਾਕ ਆਸਤਿਕ ਲੋਕ ਰੱਬ ਦੀ ਲਿਖਤ ’ਤੇ ਵਿਸ਼ਵਾਸ ਨਾ ਕਰਕੇ.. .ਡਾਕਟਰਾਂ ਕੋਲ ਭੱਜ ਜਾਂਦੇ ਹਨ.. .ਫੇਰ ਵਾਪਸੀ ਸਮੇਂ ਨਤੀਜਾ ਕੋਈ ਵੀ ਹੋਵੇ.. .‘ਰੱਬ’ ਨੂੰ ਬੇਵਕੂਫ਼ ਸਮਝ ਕੇ ਚਲਾਕੀ ਖੇਡਣ ਲੱਗ ਪੈਂਦੇ ਹਨ.. .. ਜੇ ਮਰੀਜ਼ ਬਚ ਗਿਆ ਤਾਂ ਰੱਬ ਦੀ ਮਿਹਰ ਹੋਗੀ.. ਵਧੀ ਸੀ ਤਾਂ ਰੱਬ ਨੇ ਬਚਾ ਲਿਆ.. ..ਜੇ ਮਰ ਗਿਆ ਤਾਂ.. ਘਟੀ ਨੂੰ ਢੋ ਕਿੱਥੇ ਲਗਦੀ ਹੈ.. .ਇਸ ਦੀ ਲਿਖੀ ਹੀ ਇਵੇਂ ਸੀ.. .ਬੰਦਾ ਕੀ ਕਰ ਸਕਦਾ.. .? ਲੀਡਰ ਵੀ ਇਸੇ ਕਰ ਕੇ.. .ਵਧੀਆ ਟ੍ਰੈਫ਼ਿਕ ਅਤੇ ਹਸਪਤਾਲਾਂ ਦੀ ਥਾਂ-ਥਾਂ ਪ੍ਰਬੰਧ ਨਹੀਂ ਕਰਦੇ..ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਲੋਕ ਸਾਡੇ ਪ੍ਰਬੰਧਕਾਂ ਦਾ ਤਾਂ ਕੋਈ ਨੁਕਸ ਕੱਢਦੇ ਹੀ ਨਹੀਂ.. .ਨਾ ਹੀ ਕੋਈ ਅਜਿਹੀ ਮੰਗ ਕਰਦੇ ਹਨ.. .ਚੰਗਾ-ਮਾੜਾ ਸਭ ਰੱਬ ’ਤੇ ਹੀ ਸੁੱਟਦੇ ਨੇ (ਜੋ ਹੈ ਹੀ ਨਹੀਂ).. .ਆਸਤਿਕ-ਧਰਮੀ ਲੋਕਾਂ ਨੂੰ ਆਵਦੇ-ਆਵਦੇ ਰੱਬਾਂ ਦੀ ‘ਘਟੀ-ਵਧੀ ਲਿਖਤ’ ’ਤੇ ਹੀ ਪੂਰਨ ਵਿਸ਼ਵਾਸ ਕਰਨਾ ਚਾਹੀਦਾ ਹੈ.. .ਵਿਸ਼ਵਾਸ ਹੀ ਆਸਤਿਕ-ਧਰਮੀ ਲੋਕਾਂ ਦਾ ਇਕੋ-ਇਕ ਹਥਿਆਰ-ਆਸਰਾ ਹੋਣਾ ਚਾਹੀਦਾ ਹੈ.. ।

## ਸੁੱਚੇ ਮੋਤੀ

ਇਕ ਨੇ ਹਜ਼ਾਰਾਂ ਹਿੰਦੂ ਗੱਡੀ ਚਾੜ੍ਹੇ,
ਦੂਜੇ ਨੇ ਹਜ਼ਾਰਾਂ ਸਿੱਖ ਟਾਇਰ ਪਾ ਕੇ ਸਾੜੇ,
ਤੀਜੇ ਨੇ ਹਜ਼ਾਰਾਂ ਮੁਸਲਮ ਗੋਧਰਾ ਵਿਚ ਮਾਰੇ,
ਦੇਸ਼ਧ੍ਰੋਹੀ ਕਨ੍ਹਈਆ, ਦੇਸ਼ ਭਗਤ ਨੇ ਬਾਕੀ ਸਾਰੇ।

ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਟੂਣੇ-ਟਾਮਣਾਂ
ਦੇ ਯੁੱਗ ਦਾ ਵਸਨੀਕ ਹੋਵੇ,
ਉਸ ਦੇਸ਼ ਦੇ ਨਾਗਰਿਕਾਂ ਦਾ
ਇੱਕੀਵੀਂ ਸਦੀ ਵਿਚ ਪੁੱਜਣਾ ਅਸੰਭਵ ਹੈ।

ਪੁਲੀਸ, ਫ਼ੌਜ, ਕਾਨੂੰਨ ਤੇ ਜੇਲ੍ਹਾਂ ਨਾਲ ਲੈਸ ਅੰਧਵਿਸ਼ਵਾਸੀ ਲਾਣਾ
ਤਰਕਸ਼ੀਲ, ਵਿਗਿਆਨੀਆਂ ਉੱਤੇ ਹਮਲੇ ਤਾਂ ਕਰੇਗਾ,
ਪਰ ਮੂੰਹ ਦੀ ਖਾਏਗਾ।

ਵਿਗਿਆਨਕ ਯੁੱਗ ਵਿਚ,
ਦੀਵਾਲੀਆ ਸੋਚ ਵਾਲਿਆਂ ਦੇ ਕਾਰੋਬਾਰ ਨੂੰ
ਮਹੂਰਤ ਜਾਂ ਹਵਨ ਡੁਬਣੋਂ ਨਹੀਂ ਬਚਾ ਸਕਣਗੇ।

-ਮੇਘ ਰਾਜ ਮਿੱਤਰ

## ਵੱਖ-ਵੱਖ ਧਰਮਾਂ ਵਿਚ ਔਰਤ ਦਾ ਦਰਜਾ

ਹਿੰਦੂ ਧਰਮ: ਢੋਰ, ਪਸ਼ੂ, ਸ਼ੂਦਰ ਅਰ ਨਾਰੀ। ਇਹ ਸਭ ਤਾੜਨ ਕੇ ਅਧਿਕਾਰੀ--ਤੁਲਸੀ ਰਮਾਇਣ

ਈਸਾਈ: ਗੁਨਾਹਾਂ ਦੀ ਜੜ੍ਹ ਇਸਤਰੀ ਹੈ। ਔਰਤ ਰੱਬ ਦੀ ਹਸੀਨ ਗ਼ਲਤੀ ਹੈ--ਸੇਂਟ ਪਾਲ ਬਾਈਬਲ

ਇਸਲਾਮ: ਇਸਤਰੀ ਕਦੇ ਵੀ ਘਰ ਦੀ ਮੁਖੀ ਨਹੀਂ ਬਣ ਸਕਦੀ। ਮਸਜਿਦ ਵਿਚ ਉਪਦੇਸ਼ ਨਹੀਂ ਦੇ ਸਕਦੀ।


## ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ ‘ਵਿਗਿਆਨ ਜੋਤ’ ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 ’ਤੇ ਸੰਪਰਕ ਕਰੋ।



# ਨਾਮ ਦਾ ਵਿਉਪਾਰ

## (ਲੈ ਜਾਣਗੇ ਨਸੀਬਾਂ ਵਾਲੇ ਲੁੱਟ ਪੈ ਗਈ ਰਾਮ ਨਾਮ ਦੀ)

ਜੇ ਥਾਮਸ ਅਲਵਾ ਐਡੀਸ਼ਨ ਵੀ ਨਾਮ ਜਪਣ ਬੈਠ ਜਾਂਦਾ ਤਾਂ ਬੱਲਬ ਦੀ ਖੋਜ ਵੀ ਨਾ ਹੁੰਦੀ ਅਤੇ ਅਸੀਂ ਲਾਲਟੈਣ ਜਾਂ ਮਿੱਟੀ ਦੇ ਦੀਵਿਆਂ ਨਾਲ ਮੱਥਾ ਮਾਰ ਰਹੇ ਹੁੰਦੇ। ਜੇ ਜਾਰਜ ਸਟੀਫਨਸਨ ਭਾਫ਼ ਦੇ ਜੋਰ ਬੁੜਕ ਕੇ ਡਿੱਗੀ ਕੇਤਲੀ ਨੂੰ ਰੱਬ ਦਾ ਭਾਣਾ ਮੰਨ ਕੇ ਭਾਫ਼ ਦੀ ਤਾਕਤ ਦੀ ਖੋਜ ਨਾ ਕਰਦਾ ਤਾਂ ਭਾਫ਼ ਇੰਜਣ ਨਾ ਬਣਦਾ ਅਤੇ ਅਸੀਂ ਰੇਲ ਗੱਡੀਆਂ ਦੀ ਥਾਂ ਅੱਜ ਵੀ ਬਲਦ ਗੱਡੀਆਂ ਦੇ ਹੀ ਸਵਾਰ ਹੁੰਦੇ। ਜੇ ‘ ਨਕੋਲਾ ਟੇਸਲਾ’ ਸਮਾਧੀ ਲਾ ਕੇ ਰੱਬ ਪ੍ਰਗਟ ਕਰਨ ਦੀ ਝੂਠੀ ਭਰਾਂਤੀ ’ਚ ਪਿਆ ਰਹਿੰਦਾ ਤਾਂ ਮੋਟਰ ਦੀ ਖੋਜ ਨਾ ਹੁੰਦੀ ਅਤੇ ਮਨੁੱਖਤਾ ਨੇ ਪੈਦਲ ਜਾਂ ਉੱਠ ਘੋੜਿਆਂ ਤੋਂ ਅਗਾਂਹ ਨਹੀਂ ਸੀ ਵੱਧ ਸਕਣਾ। ਜੇ ਨਕੋਲਅਸ ਅੱਗ ਆਟੋ ਅਖੌਤੀ ਮਨ ਦੀ ਸ਼ਾਂਤੀ ਲਈ ਢੋਲਕੀਆਂ ਵਾਜੇ ਕੁਟਦਾ ਰਹਿੰਦਾ ਅਤੇ ਬਾਬਿਆਂ ਦੇ ਡੇਰਿਆਂ ’ਚ ਭੰਗ ਪੀ ਕੇ ਜ਼ਿੰਦਗੀ ਲੰਘਾ ਦਿੰਦਾ ਤਾਂ ਫਯੂਲ ਇੰਜਣ ਦੀ ਖੋਜ ਨਹੀਂ ਸੀ ਹੋਣੀ। ਸੋਚੋ ਅੱਜ ਪੱਖੇ ਮਧਾਣੀਆਂ, ਫਰਿਜ਼ ਕੂਲਰ, ਸਬ ਮਰਸੀਬਲ ਪੰਪ, ਟੋਕੇ ਵਾਲੀਆਂ ਮਸ਼ੀਨਾਂ, ਮੋਟਰ ਸਾਇਕਲਾਂ, ਕਾਰਾਂ ਅਤੇ ਟਰੱਕ ਟਰੈਕਟਰਾਂ ਆਦਿ ਬਿਨਾਂ ਤੁਹਾਡੀ ਜ਼ਿੰਦਗੀ ਕਿਹੋ ਜਿਹੀ ਹੁੰਦੀ। ਜੇ ਰਾਈਟ ਬਰੱਦਰਜ਼ ਨੇ 1905 ’ਚ ਹਵਾਈ ਜਹਾਜ ਦੀ ਖੋਜ ਨਾ ਕੀਤੀ ਹੁੰਦੀ ਤਾਂ ਤੁਸੀਂ ਸਿਰਫ ਪੰਛੀਆਂ ਨੂੰ ਉੱਡਦੇ ਦੇਖ ਕੇ ਉੱਡਣ ਦਾ ਸੁਪਨਾ ਹੀ ਲੈ ਸਕਦੇ ਸੀ। ਮਨੁੱਖਤਾ ਦੇ ਅਸਲੀ ਸਾਧੂ ਸੰਤ ਅਤੇ ਮਹਾਂਪੁਰਖ ਇਹ ਮਹਾਨ ਵਿਗਿਆਨੀ ਹੀ ਹਨ ਜੇ ਸ਼ੱਕ ਹੈ ਤਾਂ ਕੁਝ ਮਿੰਟ ਲਈ ਆਪਣੇ ਕਮਰੇ ਦੀ ਲਾਈਟ ਪੱਖੇ ਅਤੇ ਕੂਲਰ ਬੰਦ ਕਰ ਕੇ ਦੇਖ ਲਓ ਅਤੇ ਨਾਮ ਜਪ ਕੇ ਦੇਖੋ ਤੁਹਾਨੂੰ ਕਿੰਨਾ ਕੁ ਸਕੂੰਨ ਮਿਲ ਸਕਦਾ ਹੈ।



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਸੰਤ ਬਾਬੇ ਆਪਣੇ ਧਾਰਮਿਕ ਦੀਵਾਨਾਂ ’ਚ ਧਾਰਨਾ ਗਾਉਂਦੇ ਹੁੰਦੇ ਐ ਕਿ ‘ ਨਾਮ ਜੱਪ ਕੇ ਲੱਖਾਂ ਦਾ ਹੋਇਆ ਨਾਮਾ ਛੀਂਬਾ ਕਾਣੀ ਕੌਡੀ ਦਾ।’ ਕੱਪੜੇ ਸਿਉਣ ਵਾਲੇ ਦਰਜੀ ਨੂੰ ਛੀਂਬਾ ਕਹਿੰਦੇ ਹਨ। ਨਾਮਾ (ਨਾਮਦੇਵ ਭਗਤ) ਜੋ ਕਿ ਦਰਜੀ ਸੀ ਨਾਮ ਜਪਣ (ਭਾਵ ਸਾਧ ਬਨਣ) ਤੋਂ ਪਹਿਲਾਂ ਬਹੁਤ ਗਰੀਬੀ ਦੀ ਹਾਲਤ ’ਚ ਰਹਿ ਰਿਹਾ ਸੀ। ਜਦ ਨਾਮ ਜਪਣ ਲੱਗ ਪਿਆ (ਭਾਵ ਸਾਧ ਬਣ ਗਿਆ) ਤਾਂ ਲੱਖਾਂਪਤੀ ਹੋ ਗਿਆ। ਅੱਜ ਵੀ ਹਾਲਾਤ ਜਿਉਂ ਦੇ ਤਿਉਂ ਹਨ। ਹਰ ਬਿਜ਼ਨਿਸ ਸ਼ੁਰੂ ਕਰਨ ਵੇਲੇ ਪਹਿਲਾਂ ਲਾਗਤ (ਇਨਵੈਸਟਮੈਂਟ) ਲਾਉਣੀ ਪੈਂਦੀ ਹੈ। ਜੇ ਬਿਜ਼ਨਿਸ ਚੱਲ ਜਾਵੇ ਤਾਂ ਫਿਰ ਲਾਗਤ ਮੁੜਨੀ ਸ਼ੁਰੂ ਹੋ ਜਾਂਦੀ ਹੈ ਅਤੇ ਫਿਰ ਮੁਨਾਫ਼ਾ ਹੋਣ ਲੱਗ ਜਾਂਦਾ ਹੈ। ਬਹੁਤ ਵਾਰ ਘਾਟਾ ਵੀ ਪੈ ਜਾਂਦਾ ਹੈ। ਨਾਮ ਦਾ ਵਪਾਰ ਇਕੋ ਇਕ ਅਜਿਹਾ ਵਪਾਰ ਹੈ ਜਿਸ ਦੀ ਕੋਈ ਲਾਗਤ (ਇਨਵਿਸਟਮੈਂਟ) ਨਹੀਂ। ਜਿਸ ’ਚ ਕਿਸੇ ਪ੍ਰਕਾਰ ਦਾ ਘਾਟਾ ਪੈਣ ਦਾ ਡਰ ਨਹੀਂ। ਬੱਸ ਮੁਨਾਫ਼ਾ ਹੀ ਮੁਨਾਫ਼ਾ ਹੈ। ਬਿਜ਼ਨਿਸਮੈਨ ( ਸਾਧ ਜਾਂ ਬਾਬਾ) ਨੇ ਇਕੋ ਹੀ ਸ਼ਬਦ ਬੋਲਣਾ ਹੈ ‘ਲੂਟਨਾ ਹੈ ਤੋ ਲੂਟ ਲੈ ਰਾਮ ਨਾਮ ਕੀ ਲੂਟ’ ਜਿਵੇਂ ਸੇਲ ਲਾਉਣ ਵਾਲੇ ਹੋਕਾ ਦਿੰਦੇ ਐ ਕਿ ਮਾਲ ਸਸਤਾ ਹੋ ਗਿਆ ਭਾਈ ਲੈ ਜੋ ਜੀਹਨੇ ਲੈ ਕੇ ਜਾਣਾ ਹੈ। ਉਸੇ ਤਰ੍ਹਾਂ ਬਾਬੇ ਕਹਿੰਦੇ ਹਨ ‘ਫਿਰ ਪਿਛੋਂ ਪਛਤਾਏਂਗਾ ਜਬ ਪ੍ਰਾਨ ਜਾਏਂਗੇ ਛੂਟ।’ ਭਲਾ ਪੁੱਛਣ ਵਾਲਾ ਹੋਵੇ ਜਦੋਂ ਪ੍ਰਾਨ ਹੀ ਛੁਟ ਗਏ ਭਾਵ ਜਦੋਂ ਬੰਦਾ ਮਰ ਹੀ ਗਿਆ ਤਾਂ ਫਿਰ ਪਛਤਾਊਗਾ ਕੌਣ ? ਸ਼ਰਧਾਲੂ (ਸ਼ਰਧ ਦੇ ਉਲੂ) ਇਸ ਤਰ੍ਹਾਂ ਸੋਚਣ ਦੀ ਜ਼ਰੂਰਤ ਹੀ ਨਹੀਂ ਸਮਝਦੇ। ਧਰਮ ਸਭ ਤੋਂ ਪਹਿਲਾਂ ਮੰਨਣਾ ਅਤੇ ਵਿਸ਼ਵਾਸ਼ ਕਰਨਾ ਸਿਖਾਉਂਦਾ ਹੈ। ਕਿੰਤੂ ਪ੍ਰੰਤੂ ਕਰਨ ਵਾਲਾ ਧਾਰਮਿਕ ਨਹੀਂ ਹੋ ਸਕਦਾ ਜੋ ਧਾਰਮਿਕ ਹੈ ਉਹ ਕਿੰਤੂ ਪ੍ਰੰਤੂ ਨਹੀਂ ਕਰ ਸਕਦਾ। ਅੰਧ ਸ਼ਰਧਾ (ਅੰਧ ਵਿਸ਼ਵਾਸ਼) ਸਵਾਲ ਕਰਨ ’ਤੇ ਪਾਬੰਦੀ ਲਾਉਂਦੀ ਹੈ।

ਧਰਮ ਦੀਆਂ ਸਾਖੀਆਂ ਲਿਖਣ ਵਾਲੇ ਵੀ ਧਾਰਮਿਕ ਲੋਕ ਖੁਦ ਜਾਂ ਉਹਨਾਂ ਦੇ ਪੈਰੋਕਾਰ ਹੀ ਸਨ ਜਾਂ ਹਨ। ਉਹ ਸਾਖੀਆਂ ਹੀ ਇਸ ਕਿਸਮ ਦੀਆਂ ਸਿਰਜਦੇ ਹਨ ਕਿ ਲੋਕ ਸੁਨਣ ਸਾਰ ਹੀ ਮੰਨ ਜਾਣ ਅਤੇ ਉਸੇ ਤਰ੍ਹਾਂ ਅਮਲ ਵੀ ਕਰਨ। ਬਾਬੇ ਨਾਨਕ ਦੀ ਸੱਚੇ ਸੌਦੇ ਵਾਲੀ ਸਾਖੀ ਦੀ ਗੱਲ ਹੀ ਲੈ ਲਵੋ ਅਖੇ ਬਾਲ ਨਾਨਕ 20 ਰੁਪੈ ਲੈਕੇ ਘਰੋਂ ਗਿਆ ਅਤੇ 20 ਰੁਪੈ ਦੇ ਰਾਸ਼ਨ ਦਾ ਲੰਗਰ ਸੰਤਾਂ ਨੂੰ ਛਕਾ ਕੇ ਸ਼ਾਮ ਨੂੰ ਘਰ ਪਰਤ ਆਇਆ। ਪਿਉ ਨੇ ਪੁੱਛਿਆ ਕਿ 20 ਰੁਪੈ ਦਾ ਸੌਦਾ ਕਿਥੇ ਹੈ ਤਾਂ ਨਾਨਕ ਕਿਹਾ ਕਿ ਮੈਂ ਤਾਂ ਸੱਚਾ ਸੌਦਾ ਕਰਕੇ ਆਇਆ ਹਾਂ ਅਤੇ ਪਿਤਾ ਨੇ ਉਹਦੇ ਚਪੇੜਾਂ ਮਾਰ ਦਿਤੀਆਂ, ਗੀਤ ਸ਼ੁਰੂ ‘ਬੰਦਿਆਂ ਤੂੰ ਰੱਬ ਦੇ ਚਪੇੜਾਂ ਮਾਰੀਆਂ।’ ਡਾ:ਐਸ ਐਸ ਦੁਸਾਂਝ ਨੇ ਆਪਣੀ ਕਿਤਾਬ ‘ਗੁਰੂ ਨਾਨਕ ਬਾਰੇ ਸੱਚ ਦੀ ਖੋਜ’ ਦੇ ਸਫਾ 31 ’ਤੇ ਲਿਖਿਆ ਹੈ ਕਿ ਉਸ ਵੇਲੇ ਇਬਰਾਹੀਮ ਲੋਧੀ ਦਾ ਰਾਜ ਸੀ। ਇਕ ਰੁਪੈ ’ਚ 40 ਬਹਿਲੋਲੀਆਂ ਹੁੰਦੀਆਂ ਸਨ। ਇਕ ਬਹਿਲੋਲੀ ਦਾ 10 ਮਣ ਅਨਾਜ, 5 ਸੇਰ ਘਿਓ ਅਤੇ 10 ਗਜ਼ ਕੱਪੜਾ ਆ ਜਾਂਦਾ ਸੀ। ਇਸ ਤਰ੍ਹਾਂ ਇਕ ਰੁਪੈ ਦਾ 400 ਮਣ ਕੱਚਾ (ਬਾਜਰਾ ਮੱਕੀ ਜੌਂ ਆਦਿ) ਅਤੇ 140 ਮਣ ਪੱਕਾ (ਕਣਕ) ਅਨਾਜ ਮਿਲ ਜਾਂਦਾ ਸੀ। 20 ਰੁਪੈ ਵਿਚ 2800 ਮਣ ਪੱਕਾ (8000 ਮਣ ਕੱਚਾ ਅਨਾਜ) ਅਨਾਜ ਆਉਂਦਾ ਸੀ। 2800 ਮਣ (ਜੇ ਪੱਕਾ ਅਨਾਜ ਹੋਇਆ ਤਾਂ ਜੇ ਕੱਚਾ ਅਨਾਜ ਹੋਇਆ ਤਾ 8000 ਮਣ) ਅਨਾਜ ਬਾਲਾ ਅਤੇ ਨਾਨਕ ਚੂਹੜਕਾਣੇ ਦੀ ਮੰਡੀ ’ਚੋਂ ਚੁੱਕ ਲਿਆਏ ਅਤੇ ਸਾਰਾ ਸਾਧਾਂ ਨੂੰ ਖੁਆ ਕੇ ਸ਼ਾਮ ਨੂੰ ਘਰ ਵੀ ਚਲੇ ਗਏ। ਉਸ ਜ਼ਮਾਨੇ ’ਚ ਕੋਈ ਬਾਪ ਆਪਣੇ ਬਾਲਕ ਨੂੰ 20 ਰੁਪੈ ਨਹੀਂ ਸੀ ਦੇ ਸਕਦਾ ਜਦੋਂ ਕਿ ਰੁਪੈ ਦੀ ਖਰੀਦ ਸ਼ਕਤੀ ਅਥਾਹ ਸੀ। ਅਸਲ ’ਚ ਇਹ ਸਾਖੀ ਉਸ ਸਮੇਂ ਘੜੀ ਗਈ ਜਦੋਂ ਰੁਪੈ ਦੀ ਖਰੀਦ ਸ਼ਕਤੀ 20 –25 ਬੰਦਿਆਂ ਦੇ ਢਿੱਡ ਭਰਨ ਜੋਗੀ ਹੀ ਰਹਿ ਗਈ ਸੀ। ਮੁਹੰਮਦ ਲਤੀਫ ‘ਪੰਜਾਬ ਦਾ ਇਤਿਹਾਸ’ ਵਿਚ 20 ਰੁਪੈ ਦੀ ਥਾਂ 40 ਰੁਪੈ ਦੀ ਗੱਲ ਕਰਦਾ ਹੈ। ਜਿਵੇਂ ਜਿਵੇਂ ਰੁਪੈ ਦੀ ਕੀਮਤ ਡਿਗ ਰਹੀ ਹੈ ਕੋਈ ਹੋਰ ਸਾਖੀਕਾਰ ਇਸ ਨੂੰ ਵਧਾ ਕੇ 80 ਜਾਂ 100 ਰੁਪੈ ਵੀ ਕਰ ਸਕਦਾ ਹੈ।

ਡਾ: ਦੁਸਾਂਝ ਲਿਖਦੇ ਹਨ ਗੁਰੂ ਨਾਨਕ ਜੋ ਕਿ ਕਿਰਤ ਕਰਨ ਦਾ ਉਪਦੇਸ਼ ਦਿੰਦਾ ਸੀ ਵਿਹਲੜ ਨਿਖੱਟੂ ਸਾਧਾਂ ’ਤੇ ਐਨੀ ਰਕਮ ਕਿਵੇਂ ਲੁਟਾ ਸਕਦਾ ਸੀ। ਇਹ ਨਾਨਕ, ਡੇਰੇ ਵਾਲੇ ਵਿਹਲੜ ਸਾਧਾਂ ਦਾ ਘੜਿਆ ਹੋਇਆ ਹੈ ਜੋ ਇਸ ਸਾਖੀ ਰਾਹੀਂ ਲੋਕਾਂ ਨੂੰ ਪ੍ਰੇਰਦੇ ਹਨ ਕਿ ਤੁਸੀਂ ਵੀ ਨਾਨਕ ਵਾਂਗੂ ਆਪਣਾ ਧਨ ਸਾਧਾਂ ’ਤੇ ਲੁਟਾ ਦਿਓ। ਸਾਧ ਵਾਰ ਵਾਰ ਅਜਿਹੀਆ ਸਾਖੀਆਂ ਘੜ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ ।‘ਨਾਮਦੇਵ ਦੀ ਬਣਾਈ ਛਪਰੀ ਅਤੇ ਧੰਨੇ ਦੀਆਂ ਗਊਆਂ ਚਾਰੀਆਂ ’ ਵਰਗੀਆਂ ਧਾਰਨਾ ਵੀ ਲੋਕਾਂ

ਦੀ ਸੋਚ ਖੁੰਢੀ ਕਰਨ ਵਾਸਤੇ ਹੀ ਲਾਈਆਂ ਜਾਂਦੀਆਂ ਹਨ। ਫਿਰ ਇਹ ਸੰਤ ਬਾਬੇ ਕਹਿੰਦੇ ਹਨ ਜਦੋਂ ਬੱਚਾ ਮਾਂ ਦੇ ਗਰਭ 'ਚ 10 ਮਹੀਨੇ (ਧਾਰਮਿਕ ਗਰੰਥਾਂ ਅਨੁਸਾਰ) (ਵੈਸੇ ਤਾਂ 280 ਦਿਨ ਦੇ 9 ਮਹੀਨੇ 10 ਕੁ ਦਿਨ ਹੀ ਬਣਦੇ ਹਨ) ਪੁੱਠਾ ਲਮਕਦਾ ਹੈ ਤਾਂ ਉਹ ਰੱਬ ਅੱਗੇ ਅਰਦਾਸਾਂ ਕਰਦਾ ਹੈ ਕਿ ਮੈਨੂੰ ਇਸ ਅੱਗ 'ਚੋਂ ਬਾਹਰ ਕੱਢ ਲੈ ਮੈਂ ਬਾਹਰ ਆ ਕੇ ਤੇਰਾ ਨਾਮ ਜਪੂੰਗਾ। ਇਹ ਵਾਅਦਾ ਕਰਨ ਤੋਂ ਬਾਦ ਹੀ ਰੱਬ ਉਸਨੂੰ ਜਨਮ ਦਿੰਦਾ ਹੈ। (ਡਾਕਟਰਾਂ, ਨਰਸਾਂ, ਦਾਈਆਂ ਦਾ ਰੋਲ ਤਾਂ ਐਂਵੇਂ ਹੀ ਹੈ) ਬੱਚੇ ਨੂੰ ਜਨਮ ਲੈਣ ਤੋਂ ਬਾਦ ਪਹਿਲਾ ਅਨੁਭਵ ਡਰ (ਭੈ) ਦਾ ਹੁੰਦਾ ਹੈ। ਇੱਕ ਛੋਟਾ ਬੱਚਾ ਮਾਂ ਦੇ ਪੇਟ (ਬੱਚੇਦਾਨੀ) 'ਚ ਬੜੇ ਇੰਤਜ਼ਾਮ ਅਤੇ ਸਹੂਲਤ ਵਿਚ ਸੀ। ਜਿਥੇ ਕੋਈ ਪ੍ਰੇਸ਼ਾਨੀ ਨਹੀਂ, ਕੋਈ ਗਰਮੀ ਸਰਦੀ ਨਹੀ, ਕੋਈ ਖਾਣ ਪੀਣ ਦੀ ਚਿੰਤਾ ਨਹੀਂ। ਮਾਤਾ ਦੇ ਨਾੜੂਏ ਦੇ ਖੂਨ ਰਾਹੀਂ ਉਸ ਨੂੰ ਸਭ ਤਰ੍ਹਾਂ ਦੀ ਖੁਰਾਕ ਮਿਲ ਰਹੀ ਹੈ, ਕੋਈ ਭੁੱਖ ਤੇਹ ਨਹੀਂ ਲਗਦੀ ਪਰ ਬਾਹਰ ਆਉਣ ਸਾਰ ਗਰਮੀ, ਸਰਦੀ, ਅਸੁਰੱਖਿਆ ਅਤੇ ਭੁੱਖ ਤੇਹ ਸਤਾਉਂਦੀ ਹੈ। ਬੱਚਾ ਰੋਂਦਾ ਹੈ ਕਿ ਉਹ ਕਿਹੜੇ ਅਸੁਰੱਖਿਅਤ ਵਾਤਾਵਰਣ 'ਚ ਆ ਗਿਆ। ਧਾਰਮਿਕ ਲੋਕ ਕਿੰਨਾ ਗ਼ਲਤ 'ਤੇ ਝੂਠਾ ਪ੍ਰਚਾਰ ਕਰਦੇ ਹਨ ਕਿ ਪੇਟ ਦੀ ਮੱਚ ਰਹੀ ਅੱਗ 'ਚ ਰੱਬ ਨੇ ਹੱਥ ਦੇ ਕੇ ਰੱਖਿਆ । ਉਹਨਾਂ ਦਾ ਇਕੋ ਇਕ ਮਕਸਦ ਬੰਦੇ ਨੂੰ ਮਾਤਾ ਦੇ ਪੇਟ ਵਾਲਾ ਉਹ ਝੂਠਾ ਵਾਅਦਾ ਯਾਦ ਕਰਵਾ ਕੇ ਨਾਮ ਜੱਪਣ ਦਾ ਵਪਾਰ ਕਰਨਾ ਹੁੰਦਾ ਹੈ।

ਜਿੰਨੇ ਸੰਤ ਨਾਮ ਸ਼ਬਦ ਦਿੰਦੇ ਹਨ ਸਭ ਦਾ ਨਾਮ ਸ਼ਬਦ ਵੱਖਰਾ ਵੱਖਰਾ ਹੈ ਅਤੇ ਨਾਲ ਉਹ ਨਸੀਹਤ ਵੀ ਕਰਦੇ ਹਨ ਕਿ ਇਹ ਕਿਸੇ ਹੋਰ ਨਹੀਂ ਦਸਣਾ। ਜਦੋਂ ਮੈਂ12 ਕੁ ਸਾਲ ਦੀ ਉਮਰ 'ਚ ਲੋਪੋ ਵਾਲੇ ਡੇਰੇ ਜਾ ਕੇ ਰਹਿਣ ਲੱਗਾ ਤਾਂ ਮੈਨੂੰ ਵੀ ਨਾਮ ਸ਼ਬਦ ਦਿੱਤਾ ਗਿਆ। ਕੀ ਸੀ-- ਅਖੇ ਵਾਹਿਗੁਰੂ ਵਾਹਿਗੁਰੂ ਜਪਣਾ ਹੈ, ਗੁਰੂ ਨਾਨਕ ਦਾ ਧਿਆਨ ਧਰਕੇ ਪਰ ਇਹ ਸ਼ਬਦ ਬਾਹਰ ਜਾ ਕੇ ਕਿਸੇ ਨੂੰ ਦੱਸਣਾ ਨਹੀਂ। ਫਿਰ ਮੈਂ 30 ਕੁ ਸਾਲ ਦੀ ਉਮਰ 'ਚ ਸਿਰਸੇ ਡੇਰੇ ਵੀ ਗਿਆ। ਉਨ੍ਹਾਂ ਨੇ ਕਿਹਾ ਬੋਲੋ 'ਸਤ ਪੁਰਖ ਅਕਾਲ ਮੂਰਤ ਸ਼ਬਦ ਸਰੂਪੀ ਰਾਮ' ਬੱਸ ਇਸਦਾ ਜਾਪ ਕਰਨਾ ਹੈ ਅਤੇ ਅੱਗੇ ਇਹ ਕਿਸੇ ਨੂੰ ਨਹੀਂ ਦੱਸਣਾ। ਇਸੇ ਤਰ੍ਹਾਂ ਰਾਧਾ ਸੁਆਮੀ, ਨਿਰੰਕਾਰੀ, ਨੂਰਮਹਿਲੀਏ ਆਦਿ ਸਭ ਦੇ ਵੱਖ ਵੱਖ ਕੋਡ ਹਨ ਜਿਹਨਾਂ ਰਾਹੀਂ ਉਹਨਾਂ ਦਾ ਇਹ ਨਾਮ ਦਾ ਵਪਾਰ ਵੱਧ ਫੁੱਲ ਰਿਹਾ ਹੈ। ਇਕ ਪੜ੍ਹੇ ਲਿਖੇ ਸੰਤ ਜਵੱਦੀ ਕਲਾਂ ਵਾਲੇ ਦੇ ਗੁਰਦੇ ਫੇਲ੍ਹ ਹੋ ਗਏ। ਉਸਨੇ ਪਤਾ ਲੈਣ ਗਏ ਸ਼ਰਧਾਲੂਆਂ ਨੂੰ ਦੱਸਿਆ ਕਿ ਮੈਂ ਨਾਮ ਜਪਣ ਸਮੇਂ ਸਰੀਰ ਨੂੰ ਬਹੁਤ ਕਸ਼ਟ ਦਿੱਤਾ। ਪਾਣੀ ਨਾ ਪੀਣ ਕਾਰਨ ਮੇਰੇ ਗੁਰਦੇ ਫੇਲ੍ਹ ਹੋ ਗਏ। ਕਿਸੇ ਸ਼ਰਧਾਲੂ ਨੇ ਇਹ ਨਹੀਂ ਪੁੱਛਿਆ ਕਿ ਬਾਬਾ ਜੀ ਤੁਸੀਂ ਜੀਹਦਾ ਨਾਮ ਜਪਦੇ ਸੀ ਉਹਨੇ ਪਾਣੀ ਦੀ ਘਾਟ ਵੀ ਪੂਰੀ ਨਹੀਂ ਕੀਤੀ।

ਜਦ ਮਨੁੱਖੀ ਸੱਭਿਅਤਾ ਹੋਂਦ 'ਚ ਆਈ ਤਾਂ ਮਨੁੱਖ ਇਕੱਲਾ ਅਤੇ ਡਰਿਆ ਹੋਇਆ ਸੀ। ਉਸਨੇ ਇਕ ਰੱਬ ਸਿਰਜ ਲਿਆ ਜਿਹੜਾ ਸਦਾ ਉਸਦੇ ਅੰਗ ਸੰਗ ਰਹਿੰਦਾ ਸੀ (ਬਕੌਲ ਸ਼ਾਇਰ 'ਆਦਮੀ ਕੇ ਜ਼ਿਹਨ ਮੇਂ ਥਾ ਇਕ ਭਿਆਨਕ ਖ਼ੌਫ਼ ,ਉਸਕਾ ਕਿਸੀ ਨੇ ਖ਼ੁਦਾ ਨਾਮ ਰੱਖ ਦੀਆ') ਹੌਲੀ ਹੌਲੀ ਮਨੁੱਖ ਨੇ ਖੁਦ ਹੀ ਉਸ ਰੱਬ ਨੂੰ ਐਨਾ ਬਲਵਾਨ ਬਣਾ ਦਿੱਤਾ ਕਿ ਫਿਰ ਆਪ ਹੀ ਉਸ ਤੋ ਡਰਨ ਲੱਗ ਪਿਆ। ਕੁਝ ਲੋਕ ਰੱਬ ਦੇ ਪੈਗੰਬਰ (ਦੂਤ) ਹੋਣ ਦਾ ਦਾਅਵਾ ਕਰਨ ਲੱਗੇ ਕਿ ਜਿਵੇਂ ਰੱਬ ਤੋਂ ਡਰਦੇ ਹੋ ਉਵੇਂ ਸਾਥੋਂ ਵੀ ਡਰੋ। ਪਹਿਲਾਂ ਮਨੁੱਖ ਇਕੱਲਾ ਰੱਬ ਤੋਂ ਡਰਦਾ ਸੀ ਹੁਣ ਸਾਰੇ ਰਲ ਕੇ ਡਰਦੇ ਹਨ ਅਤੇ ਨਾਮ ਜਪਦੇ ਹਰ ਹਰ ਕਰਦੇ ਹਨ। ਬਕੌਲ ਸ਼ਾਇਰ ' ਉਲਝਿਆ ਕਿਸ ਜੰਜਾਲ ਵਿਚ ਭੋਲਿਆ ਓਇ, ਕੀ ਸੋਚਦਾ ਏਂ ਤੇ ਕੀ ਕਰੀ ਜਾਵੇਂ,

ਹੱਥੀਂ ਆਪ ਬਣਾ ਕੇ ਮੂਰਤੀ ਤੂੰ ਤੇ ਫਿਰ ਉਸ ਦੇ ਕੋਲੋਂ ਹੀ ਡਰੀ ਜਾਵੇਂ,

ਦੁੱਧ ਪੀਓ ਜੀ ਮੇਰੇ ਹਰ ਸ਼ਿਆਮ ਪਿਆਰੇ, ਬਾਟੇ ਦੁੱਧ ਦੇ ਸਾਹਮਣੇ ਧਰੀ ਜਾਵੇਂ,

ਕਰੀ ਜ਼ਿੰਦਗੀ ਬੇਤਰਤੀਬ ਫਿਰਦੈਂ, ਖਿੱਚੀ ਖੇਸ ਜਾਵੇਂ ਲਈ ਦਰੀ ਜਾਵੇਂ।

ਜਿੱਤਣ ਲਈ ਇਹ ਸਾਰਾ ਬ੍ਰਹਿਮੰਡ ਤੇਰਾ ਹਰ ਹਰ ਤੋਂ ਕਾਸਤੋਂ ਹਰੀ ਜਾਵੇਂ।

ਇਸ ਨਾਮ ਵਪਾਰ ਦਾ ਛੱਡ ਖਹਿੜਾ, ਢਿੱਲੋਂ ਮੌਤ ਤੋਂ ਪਹਿਲਾਂ ਕਿਉਂ ਮਰੀ ਜਾਵੇਂ।

✪✪

## ਪੁਨਰ ਜਨਮ ਸੱਚ ਜਾਂ ਝੂਠ?

ਮੇਘ ਰਾਜ ਮਿੱਤਰ ਅਤੇ ਮੱਖਣ ਸਿੰਘ ਜੌਹਲ ਵਿਗਿਆਨਕ ਸੋਚ ਅਥਵਾ ਤਰਕਸ਼ੀਲਾਂ ਨੂੰ ਮੁੱਖ ਰੱਖ ਕੇ ਢਾਈ ਦਰਜਨ ਤੋਂ ਵੱਧ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ। ਇਹਨਾਂ ਦਾ ਸੰਪਾਦਤ ਕਾਰਜ ਵੀ ਵਰਣਨਯੋਗ ਹੈ। ਦੂਜੀਆਂ ਮਹੱਵਪੂਰਨ ਪੁਸਤਕਾਂ ਦੀ ਤਰ੍ਹਾਂ ਵਿਚਾਰ ਅਧੀਨ ਸੰਪਾਦਤ ਪੁਸਤਕ ਵੀ 'ਤਰਕਸ਼ੀਲਤਾ' ਨੂੰ ਹੀ ਪ੍ਰਣਾਈ ਹੋਈ ਹੈ।

ਪੁਸਤਕ ਵਿੱਚ ਦਰਜ ਵੱਖੋ-ਵੱਖਰੇ ਲੇਖਾਂ ਦੁਆਰਾ ਲਿਖੇ ਗਏ ਖੋਜ ਭਰਪੂਰ ਲੇਖਾਂ ਰਾਹੀਂ ਸਦੀਆਂ ਤੋਂ ਤੁਰੇ ਆਉਂਦੇ 'ਪੁਨਰ ਜਨਮ' ਨਾਲ ਸੰਬੰਧਤ ਅਨੇਕਾਂ ਭਰਮਾਂ/ਸ਼ੰਕਿਆਂ ਦਾ ਸਮਾਧਾਨ ਕਰ ਦੇਣ ਦਾ ਉੱਤਮ ਤੇ ਸਫ਼ਲ ਉਪਰਾਲਾ ਕੀਤਾ ਗਿਆ ਹੈ। ਇਹ ਸਾਰਾ ਕੁਝ ਵਿਗਿਆਨਕ ਅਥਵਾ ਡਾਕਟਰੀ ਤਜਰਬਿਆਂ ਦੇ ਆਧਾਰ 'ਤੇ ਸਿੱਧ ਵੀ ਕੀਤਾ ਗਿਆ ਹੈ। 'ਆਤਮਾ' ਦੇ ਸੰਬੰਧ ਵਿੱਚ ਸਭ ਤੋਂ ਵੱਧ ਚਰਚਾ ਹੋਈ ਹੈ। 'ਸਵਰਗ' ਨੂੰ ਲਾਰਾ ਅਤੇ 'ਨਰਕ' ਨੂੰ ਡਰਾਵਾ ਦਰਸਾ ਕੇ ਇੱਕ ਵੱਡੇ ਵਹਿਮ ਦੀ ਨਵਿਰਤੀ ਕਰ ਦਿੱਤੀ ਗਈ ਹੈ। ਅੱਧੀ ਵਰਜਨ ਦੇ ਲੱਗਭੱਗ ਅਜਿਹੇ 'ਕੇਸਾਂ' ਦਾ ਪਰਦਾਫਾਸ ਕੀਤਾ ਗਿਆ ਹੈ, ਜਿੱਥੇ 'ਪੁਨਰ ਜਨਮ' ਦੀਆਂ ਮਨਘੜਤ ਕਹਾਣੀਆਂ ਦਾ ਆਪਣੀ ਸੁਆਰਥ ਸਿੱਧੀ ਲਈ ਪ੍ਰਚਾਰ ਤੇ ਪ੍ਰਸਾਰ ਕੀਤਾ ਹੋਇਆ ਸੀ। ਅਬਰਾਹਮ ਟੀ. ਕੋਵੂਰ, ਮੇਘ ਰਾਜ ਮਿੱਤਰ, ਡਾ. ਹਰੀਸ਼ ਮਲਹੋਤਰਾ ਬਰਸਿੰਘਮ, ਡਾ. ਹਰਚੰਦ ਸਿੰਘ ਸਰਹਿੰਦੀ, ਅਮਰਜੀਤ ਢਿੱਲੋਂ, ਸੁਮੀਤ ਸਿੰਘ ਆਦਿ ਦੇ ਲੇਖ ਇਸ ਪੁਸਤਕ ਦਾ ਹਾਸਿਲ ਕਹੇ ਜਾ ਸਕਦੇ ਹਨ। ਪੁਸਤਕ ਪੜ੍ਹ ਲੈਣ ਉਪਰੰਤ ਪੁਨਰ ਜਨਮ ਸੰਬੰਧੀ 'ਸੱਚ ਜਾਂ ਝੂਠ' ਦੀ ਪ੍ਰਸ਼ਨਮਈ ਦੋਚਿੱਤੀ ਖ਼ਤਮ ਹੋ ਜਾਂਦੀ ਹੈ।

-ਬਿਕਰਮਜੀਤ ਨੂਰ



# ਗਊ ਭਗਤੀ ਦੇ ਨਾਂ ਉੱਤੇ ਦਾਨ ਦਾ ਧੰਦਾ

ਮੂਲ ਲੇਖਕ• ਜਗਦੀਸ਼ ਪੰਵਾਰ
• ਅਨੁਵਾਦਕ : ਪਵਨ ਕੁਮਾਰ ਰੱਤੋਂ



ਪੁਰਾਤਨ ਕਾਲ ਤੋਂ ਹੀ ਗਾਂ ਨੂੰ ਪੰਡੇਪੁਰੋਹਿਤਾਂ ਅਤੇ ਧਾਰਮਿਕ ਜਥੇਬੰਦੀਆਂ ਨੇ ਗਾਂਦਾਨ ਦੇ ਨਾਂ ਉੱਤੇ ਦਾਨਦੱਛਣਾ ਦਾ ਧੰਦਾ ਬਣਾਇਆ ਹੋਇਆ ਹੈ। ਧਰਮ ਦੇ ਇਸੀ ਜਾਲ ਨੂੰ ਬਦਲਦੇ ਸਮੇਂ ਇਸ ਰਾਜਨੀਤਕ ਪਾਰਟੀਆਂ ਨੇ ਲੋਕਾਂ ਨੂੰ ਕੱਟੜਤਾ, ਝੂਠੇ ਵਿਸ਼ਵਾਸਾਂ ਵਿੱਚ ਫਸਾਉਣ ਵਿੱਚ ਕਿਵੇਂ ਵਰਤਿਆ ਹੈ ਲੇਖਕ ਦੱਸ ਰਿਹਾ ਹੈ।

ਹਿੰਦੂ ਧਰਮ ਵਿੱਚ ਗਾਂ ਦੀ ਬੜੀ ਮਹਿਮਾ ਦੱਸੀ ਗਈ ਹੈ। ਗਾਂ ਦੀ ਸੇਵਾ ਕਰਨਾ ਪੁੰਨ ਕਰਮ ਮੰਨਿਆ ਗਿਆ ਹੈ। ਧਰਮਗਰੰਥਾਂ ਵਿੱਚ ਕਿਹਾ ਗਿਆ ਹੈ ਮਨੁੱਖ ਨੂੰ ਮੁਕਤੀ ਸਵਰਗ ਪ੍ਰਾਪਤੀ ਦੇ ਲਈ ਗਊਦਾਨ ਕਰਨਾ ਚਾਹੀਦਾ ਹੈ। ਗਾਂ ਵਿੱਚ 33 ਕਰੋੜ ਦੇਵੀ ਦੇਵਤਿਆਂ ਦਾ ਵਾਸਾ ਹੁੰਦਾ ਹੈ ਅਤੇ ਗਊਦਾਨ ਕਰਨ ਵਾਲੇ ਮਨੁੱਖ ਦੇ ਸਾਹਮਣੇ ਸਾਰੇ ਦੇਵੀ ਦੇਵਤੇ ਮੱਥਾ ਟੇਕਦੇ ਰਹਿੰਦੇ ਹਨ। ਰਾਜਾ ਅਤੇ ਹੋਰ ਲੋਕਾਂ ਦੁਆਰਾ ਬ੍ਰਾਹਮਣਾਂ ਨੂੰ ਗਊ ਦਾਨ ਦੇ ਅਨੇਕ ਕਿੱਸੇ ਹਨ। ਧਰਮ ਰਾਜ ਯੁਧਿਸ਼ਠਰ, ਮਹਾਰਾਜ ਵਾਸੂਦੇਵ ਸਮੇਤ ਅਨੇਕ ਛੋਟੇਮੋਟੇ ਰਾਜੇ ਅਤੇ ਆਮ ਲੋਕ ਬ੍ਰਾਹਮਣਾਂ ਨੂੰ ਗਊਦਾਨ ਕਰਿਆ ਕਰਦੇ ਸਨ।

ਭਾਗਵਤ ਮਹਾਂਪੁਰਾਣ 1-12-14

ਅਰਥਾਤ, ਮਹਾਰਾਜ ਯੁਧਿਸ਼ਠਰ ਦਾਨ ਦੀ ਵੱਡਿਆਈ ਜਾਣਦੇ ਸਨ। ਉਨ੍ਹਾਂ ਨੇ ਪ੍ਰਜਾਪਤੀ ਨਾਂ ਦੇ ਜਾਲ ਵਿੱਚ ਯਾਨੀ ਨਾੜੀ ਕੱਟਣ ਤੋਂ ਪਹਿਲਾਂ ਹੀ ਬ੍ਰਾਹਮਣ ਨੂੰ ਸੋਨਾ ਗਊਆਂ, ਧਰਤੀ, ਪਿੰਡ, ਉੱਤਮ ਜਾਤੀ ਦੇ ਘੋੜੇ ਅਤੇ ਉਤਮ ਅੰਨਦਾਨ ਕੀਤੇ।

ਭਾਗਵਤ ਮਹਾਂਪੁਰਾਣ 10-17-18

ਅਰਥਾਤ, ਕ੍ਰਿਸ਼ਨ ਦੇ ਮੌਤ ਦੇ ਮੂੰਹ ਤੋਂ ਵਾਪਿਸ ਆਉਣ ਦੇ ਉਦੇਸ਼ ਵਿੱਚ ਤੁਸੀਂ ਬ੍ਰਾਹਮਣਾਂ ਨੂੰ ਦਾਨ ਕਰੋ। ਬ੍ਰਾਹਮਣਾਂ ਦੀ ਇਹ ਗੱਲ ਸੁਣਕੇ ਨੰਦ ਬਾਬਾ ਨੂੰ ਬਹੁਤ ਖੁਸ਼ੀ ਹੋਈ। ਉਨ੍ਹਾਂ ਨੇ ਬਹੁਤ ਸਾਰਾ ਸੋਨਾ ਅਤੇ ਗਊਆਂ ਬ੍ਰਾਹਮਣਾਂ ਨੂੰ ਦਾਨ ਦਿੱਤੀਆਂ।

ਸੂਰਜ ਗ੍ਰਹਿਣ ਦੇ ਸਮੇਂ ਬ੍ਰਾਹਮਣਾਂ ਨੂੰ ਦਾਨ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ,

ਭਾਗਵਤ ਮਹਾਂਪੁਰਾਣ 10-53-13

ਅਰਥਾਤ, ਸਾਰੇ ਵੇਦ ਵਿਧੀ ਜਾਣਨ ਵਾਲਿਆਂ ਵਿੱਚ ਸ਼ਰੇਸ਼ਠ ਰਾਜਾ ਭੀਸ਼ਮਕ ਨੇ ਬ੍ਰਾਹਮਣਾਂ ਨੂੰ ਸੋਨਾ, ਚਾਂਦੀ, ਕੱਪੜੇ, ਗੁੜ ਰਲੇ ਹੋਏ ਤਿਲ ਅਤੇ ਬਹੁਤ ਸਾਰੀਆਂ ਗਊਆਂ ਦਾਨ ਦਿੱਤੀਆਂ।

ਭਾਗਵਤ ਮਹਾਂਪੁਰਾਣ 10-82-10-11

ਅਰਥਾਤ, ਉਨ੍ਹਾਂ ਨੇ ਬ੍ਰਾਹਮਣਾਂ ਨੂੰ ਗਊਦਾਨ ਦਿੱਤਾ। ਅਜਿਹੀਆਂ ਗਊਆਂ ਦਾ ਦਾਨ ਦਿੱਤਾ ਜਿਹਨਾਂ ਨੂੰ ਸੁੰਦਰ ਸੁੰਦਰ ਝੂਲੇ, ਫੁੱਲ ਮਾਲਾਵਾਂ ਅਤੇ ਸੋਨੇ ਦੀਆਂ ਜੰਜੀਰਾਂ ਪੁਆ ਦਿੱਤੀਆਂ ਗਈਆਂ ਸਨ। ਸੱਤਪਾਤਰ ਬ੍ਰਾਹਮਣਾਂ ਨੂੰ ਸੁੰਦਰ ਸੁੰਦਰ ਪਕਵਾਨਾਂ ਦਾ ਭੋਜਨ ਕਰਾਇਆ ਗਿਆ। ਉਨ੍ਹਾਂ ਨੇ ਆਪਣੇ ਮਨ ਵਿੱਚ ਇਹ ਸੰਕਲਪ ਲਿਆ ਕਿ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਸਾਡੀ ਭਗਤੀ ਬਣੀ ਰਹੇ। ਕ੍ਰਿਸ਼ਨ ਜੀ ਨੂੰ ਹੀ ਆਪਣਾ ਆਦਰਸ਼ ਮੰਨਣ ਵਾਲਿਆਂ ਨੇ ਬ੍ਰਾਹਮਣਾਂ ਤੋਂ ਆਗਿਆ ਲੈ ਕੇ ਤਦ ਆਪ ਭੋਜਨ ਕੀਤਾ।

ਮਹਾਰਾਜ ਵਾਸੂਦੇਵ ਜੀ ਨੇ ਯੱਗਉਤਸਵ ਦਾ ਪ੍ਰੋਗਰਾਮ ਵੀ ਕੀਤਾ ਸੀ ਅਤੇ ਗਾਵਾਂ ਦਾਨ ਕੀਤੀਆਂ। ਭਾਗਵਤ ਮਹਾਂਪੁਰਾਣ ਵਿੱਚ ਲਿਖਿਆ ਹੈ, ਮਹਾਰਾਜ ਵਾਸੂਦੇਵ ਨੇ ਠੀਕ ਸਮੇਂ ਉੱਤੇ ਕੱਪੜੇ ਗਹਿਣਿਆਂ ਨਾਲ ਚੰਗੀ ਤਰ੍ਹਾਂ ਸਜੇ ਹੋਏ ਬ੍ਰਾਹਮਣਾਂ ਨੂੰ ਸ਼ਾਸਤਰ ਦੇ ਅਨੁਸਾਰ ਬਹੁਤ ਕੀਮਤੀ ਦੱਛਣਾ, ਗਊਆਂ, ਧਰਤੀ ਅਤੇ ਸੁੰਦਰ ਕੰਨਿਆਵਾਂ ਦਿੱਤੀਆਂ ਸਨ।

ਇਸੇ ਤਰ੍ਹਾਂ ਰਾਜਾ ਨ੍ਰਿਗ ਕਹਿੰਦਾ ਹੈ।

-10-64-12

ਅਰਥਾਤ, ਧਰਤੀ ਉੱਤੇ ਜਿੰਨੇ ਧੂੜ ਕਣ ਹਨ, ਅਕਾਸ਼ ਵਿੱਚ ਜਿੰਨੇ ਤਾਰੇ ਹਨ ਅਤੇ ਮੀਂਹ ਵਿੱਚ ਜਲ ਦੀਆਂ ਧਾਰਾਵਾਂ ਡਿੱਗਦੀਆਂ ਹਨ, ਮੈਂ ਉਨੀਆਂ ਹੀ ਗਊਆਂ ਦਾਨ ਕੀਤੀਆਂ ਹਨ। ਉਹ ਅੱਗੇ ਵੀ ਕਹਿੰਦਾ ਹੈ, ਮੈਂ ਦੁੱਧ ਦੇਣ ਵਾਲੀਆਂ, ਨਵੀਆਂ, ਸਾਊ ਗੁਣ ਅਤੇ ਵੇਖਣ ਵਿੱਚ ਸੁੰਦਰ ਬਹੁਤ ਘੀ ਦੇਣ ਵਾਲੀਆਂ ਅਤੇ ਸੋਨੇ ਦੇ ਸਿੰਗ ਅਤੇ ਚਾਂਦੀ ਦੇ ਖੁਰ ਮੜੀਆਂ ਨਿਆਂਪੂਰਵਕ ਪ੍ਰਾਪਤ ਅਤੇ ਕੱਪੜੇ, ਮਾਲਾ ਆਦਿ ਨਾਲ ਸਜਾਈਆਂ ਬਛੜਿਆਂ ਵਾਲੀਆਂ ਗਊਆਂ ਦਾਨ ਕੀਤੀਆਂ ਸਨ। ਇਸ ਪ੍ਰਕਾਰ ਮੈਂ ਬਹੁਤ ਸਾਰੀਆਂ ਗਾਵਾਂ, ਧਰਮੀ ਸੋਨਾ, ਘਰ, ਘੋੜੇ, ਹਾਥੀ ਅਤੇ ਦਾਸੀਆਂ ਸਹਿਤ ਕੰਨਿਆਵਾਂ, ਤਿਲ,ਪਹਾੜ, ਚਾਂਦੀ, ਮੰਜੇ, ਕੱਪੜੇ, ਰਤਨ, ਰਾਜੇ ਦੇ ਨਾਲ ਰਹਿਣ ਵਾਲੇ ਨੌਕਰ ਸਾਮੱਗਰੀ ਅਰਥਾਤ ਗ੍ਰਹਿ ਸਾਮੱਗਰੀ ਅਤੇ ਰੱਥ ਆਦਿ ਦਾਨ ਦਿੱਤੇ। ਅਨੇਕ ਯੱਗ ਕੀਤੇ ਅਤੇ ਬਹੁਤ ਸਾਰੇ ਖੂਹ, ਬੌੜੀਆਂ ਆਦਿ ਬਣਵਾਏ।

(14,15)

ਇਸੇ ਤਰ੍ਹਾਂ ਗਰੁੜ ਪੁਰਾਣ ਵਿੱਚ ਵੀ ਲਿਖਿਆ ਹੈ,

ਗਰੁੜ ਪੁਰਾਣ-24

ਅਰਥਾਤ, ਮਾਸ ਅਤੇ ਖ਼ੂਨ ਨਾਲ ਮਿਲੀ ਹੋਈ ਕਾਯਾਰੂਪੀ ਵੈਤਰਣੀ ਹੈ ਕਿਉਂਕਿ ਵੈਤਰਣੀ ਵੀ ਮਾਸ ਖ਼ੂਨ ਦੇ ਚਿੱਕੜ ਨਾਲ ਭਰੀ ਹੈ। ਬ੍ਰਾਹਮਣ ਨੂੰ ਗਾਂ ਦੇਣ ਵਾਲੇ ਅਤੇ ਭਗਵਾਨ ਨੂੰ ਜੱਪਣ ਵਾਲੇ ਕਾਯਾਰੂਪੀ ਵੈਤਰਣੀ ਵਿੱਚ ਨਹੀਂ ਡਿੱਗਦੇ ਅਰਥਾਤ ਮੁਕਤ ਹੋ ਜਾਂਦੇ ਹਨ।

(27)

ਅਰਥਾਤ ਬਾਅਦ ਵਿੱਚ ਘੀ ਅਤੇ ਸੋਨਾ ਸਮੇਤ ਅੰਨ ਨੂੰ ਸੰਕਲਪ ਕਰਕੇ ਅਤੇ ਦੁੱਧ ਦੇਣ ਵਾਲੀ ਗਾਂ ਵੇਦਪਾਠੀ ਬ੍ਰਾਹਮਣ ਨੂੰ ਦਾਨ ਕਰੋ।

(69)

ਗਰੁੜ ਪੁਰਾਣ ਵਿੱਚ ਕਿਹਾ ਗਿਆ ਹੈ ਕਿ ਮਨੁੱਖ ਦੀ ਜਦ ਮੌਤ ਹੁੰਦੀ ਹੈ ਤਦ ਹੇਠਾਂ ਤੋਂ ਉੱਪਰ ਨੂੰ ਜਾਣ ਦੇ ਲਈ ਰਸਤੇ ਵਿੱਚ ਵੈਤਰਣੀ

ਨਦੀ ਮਿਲਦੀ ਹੈ ਜੋ ਬਹੁਤ ਡਰਾਉਣੀ ਹੁੰਦੀ ਹੈ। ਜੇਕਰ ਬੰਦੇ ਨੇ ਆਪਣੇ ਜੀਵਨ ਵਿੱਚ ਗਾਂ ਦਾ ਦਾਨ ਕੀਤਾ ਹੈ ਤਾਂ ਨਦੀ ਨੂੰ ਪਾਰ ਕਰਨ ਦੇ ਲਈ ਉਹੀ ਗਾਂ ਮਿਲਦੀ ਹੈ ਜਿਸ ਦੀ ਪੂਛ ਫੜ ਕੇ ਉਹ ਅਸਾਨੀ ਨਾਲ ਨਦੀ ਪਾਰ ਕਰ ਜਾਂਦਾ ਹੈ।

ਹੇ ਗਰੁੜ, ਮੈਂ ਹੁਣ ਵੈਤਰਣੀ ਦੇ ਜ਼ਿਕਰ ਦੇ ਬਾਅਦ ਉਸ ਨੂੰ ਪਾਰ ਕਰਨ ਦਾ ਗਊਦਾਨ ਦੇ ਰੂਪ ਵਿੱਚ ਉਪਾਅ ਕਹਿੰਦਾ ਹਾਂ। ਕਾਲੀ ਜਾਂ ਲਾਲ ਰੰਗ ਦੀ ਗਊ ਨੂੰ ਸੋਨੇ ਦੇ ਸਿੰਗ ਚਾਂਦੀ ਦੇ ਖੁਰ ਅਤੇ ਕਾਂਸੀ ਦੇ ਭਾਂਡੇ ਨਾਲ ਸਜਾ ਕੇ ਦਾਨ ਕਰੋ। ਉਸਦੇ ਕਾਲੇ ਰੰਗ ਦੇ ਜੋੜੇ ਕੱਪੜੇ ਨਾਲ ਗਊ ਨੂੰ ਢੱਕ ਕੇ ਦਾਨ ਕਰੋ। ਉਸ ਦੇ ਗਲੇ ਵਿੱਚ ਸੁੰਦਰ ਘੰਟਾ ਬੰਨ੍ਹੋ। ਕਪਾਹ ਦੇ ਉਪਰ ਬੈਠਾ ਕੇ ਕੱਪੜਿਆਂ ਸਮੇਤ ਕਾਂਸੀ ਭਾਂਡੇ ਨੂੰ ਰੱਖੋ ਅਤੇ ਲੋਹਦੰਡ ਦੇ ਲਈ ਸੋਨੇ ਦੀ ਬਣੀ ਜਮਰਾਜ ਦੀ ਮੂਰਤੀ ਦੀ ਸਥਾਪਨਾ ਕਰੋ। ਕਾਂਸੀ ਭਾਂਡੇ ਵਿੱਚ ਘੀ ਨੂੰ ਰੱਖ ਕੇ ਉਸ ਦੇ ਉਪਰ ਰੱਖੋ। ਸੂਰਜ ਦੇ ਸਰੀਰ ਤੋਂ ਪੈਦਾ ਹੋਏ ਜਮ ਦੀ ਮੂਰਤੀ ਉਸ ਗਾਂ ਦੇ ਉਪਰ ਰੱਖਕੇ ਸ਼ਾਸਤਰ ਵਿੱਚ ਕਹੀ ਵਿਧੀ ਨਾਲ ਉਸ ਗਾਂ ਦਾ ਸੰਕਲਪ ਕਰੋ। ਗਹਿਣੇ ਸਮੇਤ ਵਸਤਰ ਬ੍ਰਾਹਮਣ ਨੂੰ ਦਾਨ ਕਰੋ ਅਤੇ ਖੁਸ਼ਬੋ, ਫੁੱਲ, ਸਾਬਤ ਚਾਵਲ ਆਦਿ ਨਾਲ ਵਿਧੀਪੂਰਵਕ ਪੂਜਾ ਕਰੋ।

ਜੇ ਜਗਨਨਾਥ, ਹੇ ਸ਼ਰਨਗਤ ਉੱਤੇ ਪਿਆਰ ਕਰਨੇ ਵਾਲੇ, ਸੰਸਾਰਰੂਪ ਸਮੁੰਦਰ ਡੁੱਬਦੇ ਹੋਏ ਨੂੰ ਅਤੇ ਸ਼ੋਕਸੰਤਾਪ ਰੂਪੀ ਤਰੰਗਾਂ ਤੋਂ ਦੁੱਖੀ ਮਨੁੱਖਾਂ ਨੂੰ ਤੁਸੀਂ ਕੱਢਣ ਵਾਲੇ ਹੋ। ਹੇ ਵਿਸ਼ਨੂੰ ਰੂਪੀ ਬ੍ਰਾਹਮਣ ਦੇਵਤਾ, ਮਹੇਸ਼ਵਰ (ਪ੍ਰਮਾਤਮਾ ਸ਼ਿਵ) ਮੇਰਾ ਉਧਾਰ ਕਰੋ।

ਇਸੇ ਪੁਰਾਣ ਵਿੱਚ ਅੱਗੇ ਲਿਖਿਆ ਹੈ, ਜਦ ਸਰੀਰ ਤੰਦਰੁਸਤ ਰਹੇ ਤਦੇ ਵੈਤਰਣੀ ਪਾਰ ਹੋਣ ਦੀ ਇੱਛਾ ਨਾਲ ਬ੍ਰਾਹਮਣ ਨੂੰ ਸੋਨੇ ਸਮੇਤ ਗਊਦਾਨ ਕਰਨਾ ਚਾਹੀਦਾ ਹੈ। ਹੇ ਗਰੁੜ, ਗਊਦਾਨ ਕਰਨ ਨਾਲ ਉਹ ਮਹਾਨ ਨਦੀ ਰਸਤੇ ਦੇ ਵਿਚਕਾਰ ਨਹੀਂ ਆਉਂਦੀ ਹੈ। ਇਸ ਲਈ ਪੁੰਨਦਾਨ ਵਿੱਚ ਜ਼ਰੂਰ ਗਾਂ ਦਾਨ ਕਰਨੀ ਚਾਹੀਦੀ ਹੈ।

ਸਪੱਸ਼ਟ ਹੈ ਬ੍ਰਾਹਮਣਾਂ ਨੇ ਰਾਜਿਆਂ ਅਤੇ ਆਮ ਲੋਕਾਂ ਨੂੰ ਸਵਰਗ, ਮੁਕਤੀ ਪ੍ਰਾਪਤੀ ਦੇ ਲਈ ਗਊਦਾਨ ਦੇ ਅੰਧਵਿਸ਼ਵਾਸ ਵਿੱਚ ਬੁਰੀ ਤਰ੍ਹਾਂ ਫਸਾ ਕੇ ਰੱਖਿਆ ਸੀ। ਬ੍ਰਾਹਮਣ ਰਾਜਿਆਂ ਨੂੰ ਪੂਰੀ ਤਰ੍ਹਾਂ ਨਾਲ ਵੱਸ ਵਿੱਚ ਰੱਖਦੇ ਸਨ। ਉਨ੍ਹਾਂ ਦੀ ਆਗਿਆ ਦੇ ਬਿਨਾਂ ਰਾਜੇ ਕੁਝ ਵੀ ਨਹੀਂ ਕਰਦੇ ਸਨ। ਬ੍ਰਾਹਮਣ ਚਾਹੁੰਦੇ ਸੀ ਕਿ ਧਰਮ ਦੇ ਜਿਹੜੇ ਵੀ ਢੋਂਗ ਢਕੋਸਲੇ ਉਹ ਚਾਹੁੰਦੇ ਹਨ, ਰਾਜੇ ਲੋਕ ਸਾਰੀ ਪਰਜਾ ਤੋਂ ਵੀ ਉਹੀ ਸਭ ਕੁਝ ਕਰਾਉਣ, ਰਾਜਾ ਜਿਹੜਾ ਦਾਨ, ਧਰਮ, ਪੂਜਾ, ਕਰਮ ਕਾਂਡ ਕਰਦਾ ਸੀ, ਉਹੀ ਲੋਕਾਂ ਤੋਂ ਕਰਾਉਂਦਾ ਸੀ। ਇਸ ਨਾਲ ਬ੍ਰਾਹਮਣਾਂ ਦੀ ਪੌਬਾਹਰ ਸੀ।

ਹੁਣ ਪੰਡਿਆਂ ਨੂੰ ਗਊਦਾਨ ਦੇ ਨਾਂ ਉੱਤੇ ਦਾਨ ਦੱਛਣਾ ਦਾ ਧੰਦਾ ਮੰਦਾ ਪੈ ਰਿਹਾ ਹੈ, ਇਸ ਲਈ ਭਾਜਪਾ ਸਰਕਾਰਾਂ ਹਿੰਦੂ ਧਰਮ ਦੇ ਨਾਂ ਉੱਤੇ ਚੱਲ ਰਹੇ ਪਖੰਡਾਂ ਨੂੰ ਬਰਕਰਾਰ ਰੱਖਣਾ ਆਪਣਾ ਜਨਮਜਾਤ ਕਰਤੱਬ ਸਮਝਦੀਆਂ ਆਈਆਂ ਹਨ ਕਿਉਂਕਿ ਧਰਮ ਦੇ ਧੰਦੇਬਾਜ਼ਾਂ ਦੀ ਇੱਕ ਬਹੁਤ ਵੱਡੀ ਫੌਜ਼ ਚੋਣਾਂ ਵਿੱਚ ਭਾਜਪਾ ਦੀ ਹਮਾਇਤ ਵਿੱਚ ਵੋਟ ਜੁਟਾਣ ਦੇ ਹੱਥ ਕੰਡੇ ਅਪਨਾ ਕੇ ਪਾਰਟੀ ਦੀ ਜਿੱਤ ਪੱਕੀ ਕਰਾਉਣ ਵਿੱਚ ਕੋਈ ਕਸਰ ਨਹੀਂ ਛੱਡਦੀ।

ਹਾਲ ਹੀ ਵਿੱਚ ਮਹਾਰਾਸ਼ਟਰ ਅਤੇ ਹਰਿਆਣਾ ਦੀ ਭਾਜਪਾ ਸਰਕਾਰਾਂ ਨੇ ਗਾਂ ਮਾਸ (ਬੀਫ) ਉੱਤੇ ਰੋਗ ਲਗਾਈ ਹੈ। ਰਾਜਸਥਾਨ ਵਿੱਚ ਵੀ ਗਊਸਮੱਗਲਿੰਗ ਦੇ ਲਈ ਸਜ਼ਾ ਦਾ ਪ੍ਰਵਧਾਨ ਕੀਤਾ ਜਾ ਰਿਹਾ ਹੈ। ਮਹਾਰਾਸ਼ਟਰ ਪਸ਼ੂ ਸੰਰਕਸ਼ਣ (ਸੰਸ਼ੋਧਨ ਬਿੱਲ 2015) ਮਾਰਚ ਮਹੀਨੇ ਵਿੱਚ ਲਾਗੂ ਕਰ ਦਿੱਤਾ ਗਿਆ। ਸੂਬੇ ਵਿੱਚ ਇਸ ਕਾਨੂੰਨ ਦੇ ਅਮਲ ਵਿੱਚ ਆਉਣ ਨਾਲ ਗਊਵੰਸ਼ ਯਾਨੀ ਗਊ, ਬਲਦ, ਵੱਛੜੇ ਦਾ ਮਾਸ ਰੱਖਣਾ, ਵੇਚਣਾ, ਲਿਆਉਣਾ ਲੈ ਜਾਣਾ ਅਪਰਾਧ ਹੋ ਗਿਆ ਹੈ। ਹਰਿਆਣਾ ਵਿੱਚ ਵੀ ਅਜਿਹੀ ਹੀ ਮਨ੍ਹਾਹੀ ਲਗਾਈ ਗਈ ਹੈ। ਰਾਜ ਸਰਕਾਰਾਂ ਦੁਆਰਾ ਕਾਨੂੰਨਾਂ ਵਿੱਚ ਕੀਤੇ ਗਏ ਸੰਸ਼ੋਧਨ ਗਊ ਦੇ ਪਾਲਣ ਪੋਸ਼ਣ ਜਾਂ ਵਾਧੇ ਦੇ ਲਈ ਨਹੀਂ ਹਨ, ਗਊ ਭਗਤੀ ਦੇ ਨਾਂ ਉੱਤੇ ਦਾਨ ਦੇ ਧੰਦੇ ਨੂੰ ਹੱਲਾਸ਼ੇਰੀ ਦੇਣ ਦੇ ਲਈ ਹਨ।

ਭਾਗਵਤ ਪੁਰਾਣ ਵਿੱਚ ਵਸ਼ਿਸ਼ਠ ਮੁਨੀ ਦੀ ਕਾਮਧੇਨੂ ਗਾਂ ਦੁਆਰਾ ਅਨੇਕ ਲੋਕਾਂ ਦੀ ਪੇਟਪੂਰਤੀ ਕਰਨ ਦਾ ਜ਼ਿਕਰ ਹੈ। ਪਰ ਧਰਮ ਦੀਆਂ ਪੁਸਤਕਾਂ ਵਿੱਚ ਗਊਸੇਵਾ ਅਤੇ ਗਊਵਧ ਨੂੰ ਲੈ ਕੇ ਵਿਰੋਧਾਭਾਸ ਦੀ ਝਲਕ ਵੀ ਹਨ। ਮਹਾਂਭਾਰਤ ਦੇ ਅਰਣਯ ਪਰਵ ਵਿੱਚ ਹਿੰਦੂ ਰਾਜਾ ਰੰਤੀਦੇਵ ਦੀ ਪਾਠਸ਼ਾਲਾ (ਲੰਗਰ, ਰੋਸੋਈਘਰ) ਦੇ ਲਈ ਰੋਜ਼ਾਨਾ ਗਊਆਂ ਦਾ ਵਧ ਕਰਨ ਦਾ ਉਦਾਹਰਣ ਹੈ।

ਸਾਡੇ ਦੇਸ਼ ਵਿੱਚ ਆਜ਼ਾਦੀ ਦੇ ਬਾਅਦ ਤੋਂ ਗਊ ਵਧ ਕਾਨੂੰਨ ਬਣਾਉਣ ਦੀ ਮੰਗ ਉਠਣ ਲੱਗੀ ਸੀ। ਹਿੰਦੂ ਸੰਗਠਨ ਅਤੇ ਉਨ੍ਹਾਂ ਦੇ ਪੈਰੋਕਾਰ ਰਾਜਨੀਤਕ ਦਲ ਵਿਸ਼ੇਸ਼ ਤੌਰ ਤੋਂ ਪਹਿਲਾਂ ਜਨਸੰਘ ਅਤੇ ਹੁਣ ਭਾਰਤੀ ਜਨਤਾ ਪਾਰਟੀ, ਗਊਵਧ ਉੱਤੇ ਰੋਕ ਦੀ ਮੰਗ ਦੀ ਹਮਾਇਤ ਕਰਦੇ ਰਹੇ ਹਨ।

ਧਰਮ ਅਤੇ ਧਰਮ ਉਪਦੇਸ਼ਕਾਂ ਤੋਂ ਪ੍ਰੇਰਣਾ ਲੈ ਕੇ ਸਾਰੇ ਦੇਸ਼ ਵਿੱਚ ਗਊਸੇਵਾ ਦੇ ਨਾਂ ਉੱਤੇ ਹਜ਼ਾਰਾਂ ਸੰਗਠਣ, ਸੰਸਥਾਵਾਂ ਬਣੀਆਂ ਹੋਈਆਂ ਹਨ। ਗਊਭਗਤੀ ਦੇ ਨਾਂ ਉੱਤੇ ਕਰੋੜਾਂ ਦਾ ਚੰਦਾ ਇਕੱਠਾ ਕੀਤਾ ਜਾਂਦਾ ਹੈ। ਸਰਕਾਰਾਂ ਇਹਨਾਂ ਸੰਸਥਾਵਾਂ ਨੂੰ ਆਰਥਿਕ ਮੱਦਦ ਮੁਹੱਈਆ ਕਰਾਉਂਦੀ ਹੈ। ਗਊਸ਼ਾਲਾਵਾਂ ਆਪ ਆਪਣੇ ਪੱਧਰ ਉੱਤੇ ਪੈਸਾ ਇਕੱਠਾ ਕਰਦੀਆਂ ਹਨ। ਇਸਦੇ ਬਾਵਜੂਦ ਗਊਆਂ ਦੀ ਹਾਲਤ ਠੀਕ ਨਹੀਂ ਨਜ਼ਰ ਆਉਂਦੀ। ਗਊਵਧ ਖ਼ਤਮ ਨਹੀਂ ਹੋ ਰਿਹਾ। ਸ਼ਹਿਰਾਂ ਕਸਬਿਆਂ ਵਿੱਚੋਂ ਗਊਆਂ ਗਲੀਆਂ, ਸੜਕਾਂ ਵਿੱਚ ਅਵਾਰਾਂ ਘੁੰਮਦੀਆਂ ਦਿਖਾਈ ਦਿੰਦੀਆਂ ਹਨ। ਟਰੈਫਿਕ ਜਾਮ ਦੇ ਹਾਲਾਤ ਦੇਖੇ ਜਾ ਸਕਦੇ ਹਨ।

ਗਾਂ ਪਾਲਕ ਗਾਵਾਂ ਦੇ ਨਾਲ ਕਿਵੇਂ ਪੇਸ਼ ਆਉਂਦੇ ਹਨ, ਹੈਰਾਨੀ ਦੀ ਗੱਲ ਹੈ। ਦੁੱਧ ਕੱਢਣ ਦੇ ਬਾਅਦ ਗਾਵਾਂ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ। ਗਾਂ ਬੁੱਢੀ ਹੋ ਜਾਂਦੀ ਹੈ, ਦੁੱਧ ਦੇਣ ਲਾਇਕ ਨਹੀਂ ਰਹਿੰਦੀ ਤਾਂ ਉਸਦੀ ਕੋਈ ਸੁਧ ਨਹੀਂ ਲਈ ਜਾਂਦੀ। ਅਜਿਹੀਆਂ ਗਊਆਂ ਨੂੰ ਜਾਂ ਤਾਂ ਗਊਸ਼ਾਲਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਜਾਂ ਥੋੜ੍ਹੇ ਪੈਸਿਆਂ ਚ ਕਸਾਈ ਦੇ ਹੱਥਾਂ ਵਿੱਚ ਵੇਚ ਦਿੱਤਾ ਜਾਂਦਾ ਹੈ। ਗਊਆਂ ਨੂੰ ਲੈ ਕੇ ਕਿਸੇ ਵੀ ਸ਼ਹਿਰ, ਕਸਬੇ ਵਿੱਚ ਆਮ ਦੇਖਿਆ ਜਾ ਸਕਦਾ ਹੈ ਕਿ ਕਿਧਰੇ ਗਊ ਕਚਰਾ ਖਾ ਰਹੀ ਹੈ, ਕਿਧਰੇ ਪੌਲਿਥੀਨ ਦੀਆਂ ਥੈਲੀਆਂ, ਕਿਧਰੇ ਮੈਲਾ ਅਤੇ ਅਜਿਹੀਆਂ ਲਾਵਾਰਿਸ ਗਊਆਂ ਲੋਕਾਂ ਤੋਂ ਲਾਠੀਆਂ ਦੀ ਮਾਰ ਖਾ ਕੇ ਇਧਰ ਤੋਂ ਉਧਰ ਭੱਜਦੀਆਂ ਰਹਿੰਦੀਆਂ ਹਨ। ਇਹ ਆਵਾਰਾ ਗਊਆਂ ਕਈ ਦੁਰਘਟਨਾਵਾਂ ਦਾ ਸਬੱਬ ਬਣ ਰਹੀਆਂ ਹਨ।

**ਮੁਨਾਫ਼ੇ ਦਾ ਬਜ਼ਾਰ** : 2012 ਵਿੱਚ ਭਾਰਤ ਵਿੱਚ ਕੋਈ ਪਸ਼ੂਗਣਨਾ ਦੇ ਅਨੁਸਾਰ, ਦੇਸ਼ ਵਿੱਚ 4.8 ਕਰੋੜ ਗਊਆਂ ਸਨ। ਇਹਨਾਂ ਵਿੱਚੋਂ ਕਰੀਬ ਅੱਧੀਆਂ ਬੱਚਾ ਦੇਣ ਦੇ ਯੋਗ ਹਨ। ਵਿਲਾਇਤੀ ਜਾਂ ਦੋਗਲੀਆਂ ਗਊਆਂ ਦੀ ਗਿਣਤੀ ਕਰੀਬ 2 ਕਰੋੜ ਦਾ ਅੰਕੜਾ ਛੂਹਣ ਲੱਗੀਆਂ ਹਨ। ਸਾਡੇ ਇੱਥੇ ਦੇਸੀ ਗਊਆਂ ਦਾ ਵਾਧਾ ਉਨ੍ਹਾਂ ਨਹੀਂ ਹੋ ਰਿਹਾ ਜਿੰਨਾਂ ਜਰਸੀ ਯਾਨੀ ਵਿਦੇਸ਼ੀ ਨਸਲ ਦੀਆਂ ਗਊਆਂ ਦਾ ਹੋ ਰਿਹਾ ਹੈ। ਅਸਲ ਵਿੱਚ ਇਸ ਦਾ ਕਾਰਨ ਦੁੱਧ ਦਾ ਬਾਜ਼ਾਰ ਹੈ। ਦੇਸੀ ਗਊਆਂ ਦੀ ਤੁਲਨਾ ਵਿੱਚ ਜਰਸੀ ਗਾਂਵਾਂ ਵੱਧ ਦੁੱਧ ਦਿੰਦੀਆਂ ਹਨ।

ਹੁਣ ਤਾਂ ਜ਼ਿਆਦਾ ਦੁੱਧ ਪ੍ਰਾਪਤ ਕਰਨ ਦੇ ਲਈ ਸਾਡੇ ਗਊਪ੍ਰੇਮੀ ਆਪਣੀ ਦੇਸੀ ਗਊਆਂ ਦਾ ਵਿਲਾਇਤੀ ਸਾਂਡਾਂ ਦੇ ਨਾਲ ਕਰੌਸ (ਗੱਭਣ ਕਰਾਉਣੀ) ਕਰਾਉਣ ਤੋਂ ਪਰਹੇਜ਼ ਨਹੀਂ ਵਰਤਦੇ। ਇਹ ਮਾਮਲਾ ਭਾਰਤੀ ਸੰਸਕ੍ਰਿਤੀ ਦੇ ਖਿਲਾਫ ਹੈ ਜਾਂ ਨਹੀਂ, ਹਾਲੇ ਤੱਕ ਤਾਂ ਕਿਸੀ ਗਊਭਗਤ ਨੇ ਆਵਾਜ਼ ਨਹੀਂ ਉਠਾਈ। ਖਾਪ ਪੰਚਾਇਤਾਂ ਵੱਲੋਂ ਵੀ ਕਦੀ ਕੋਈ ਫ਼ਤਵਾ ਨਹੀਂ ਆਇਆ, ਉਲਟੇ ਖਾਪ ਪੰਚਾਇਤ ਵਾਲੇ ਪ੍ਰਦੇਸ਼ ਵਿੱਚ ਦੁੱਧ ਦਹੀਂ ਦੀਆਂ ਨਦੀਆਂ ਹੁਣ ਜਰਸੀ ਗਊਆਂ ਦੇ ਜ਼ਰੀਏ ਵਹਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਹਾਂ, ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਸਿਰਫ ਉਨ੍ਹਾਂ ਹੀ ਗਊਸ਼ਾਲਾਵਾਂ ਨੂੰ ਗਰਾਂਟ ਦੇਣ ਦਾ ਹੁਕਮ ਜ਼ਰੂਰ ਕਰ ਦਿੱਤਾ ਸੀ ਜਿਨ੍ਹਾਂ ਵਿੱਚ ਸਿਰਫ਼ ਦੇਸ਼ੀ ਗਊਆਂ ਹੋਣਗੀਆਂ।

ਦੇਸ਼ ਦੀਆਂ ਗਊਸ਼ਾਲਾਵਾਂ ਵਿੱਚ ਵੀ ਗਊਆਂ ਦੀ ਦੁਰਦਸ਼ਾ ਦਾ ਆਲਮ ਇਹ

ਹੈ ਕਿ ਇੱਥੇ ਵੀ ਦੁਧਾਰੂ ਗਊਆਂ ਦੀ ਹੀ ਪੁੱਛ ਹੈ, ਬੁੱਢੀਆਂ ਅਤੇ ਬਿਮਾਰ ਗਊਆਂ ਅੱਜਕੱਲ੍ਹ ਘਰ ਪਰਿਵਾਰਾਂ ਵਿੱਚ ਬਜ਼ੁਰਗਾਂ ਵਾਂਗ ਘ੍ਰਿਣਿਤ ਹਨ। ਘਰ ਪਰਿਵਾਰ ਵਿੱਚ ਭਾਵੇਂ ਹੀ ਬਜ਼ੁਰਗ ਇਸਤਰੀ ਨੂੰ ਬਾਹਰ ਨਹੀਂ ਕੱਢਿਆ ਜਾਂਦਾ ਹੋਵੇ ਪਰ ਬੁੱਢੀ ਗਊ ਨੂੰ ਦੁੱਧ ਨਾ ਦੇਣ ਦੀ ਹਾਲਤ ਵਿੱਚ ਘਰ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਗਊ ਨੂੰ ਮਾਂ ਮੰਨ ਕੇ ਪੂਜਣ ਵਾਲੀ ਸੰਸਕ੍ਰਿਤੀ ਦਾ ਇਹ ਕਿਹੋ ਜਿਹਾ ਰੂਪ ਹੈ? ਹੁਣ ਤਾਂ ਜ਼ਿਆਦਾ ਦੁੱਧ ਦੇਣ ਵਾਲੀਆਂ ਗਊਆਂ ਦੀ ਭਰਮਾਰ ਹੋ ਰਹੀ ਹੈ। ਕੀ ਹਿੰਦੂ ਇਹਨਾਂ ਵਿਲਾਇਤੀ ਗਊਆਂ ਨੂੰ ਵੀ ਪੂਜਦੇ ਹਨ?

**ਜ਼ੁੰਮੇਵਾਰ ਕੌਣ :** ਅਜਿਹੇ ਵਿੱਚ ਸਵਾਲ ਇਹ ਹੈ ਕਿ ਗਊਆਂ ਨੂੰ ਬੁਚੜਖਾਨੇ ਤੱਕ ਪਹੁੰਚਾਉਣ ਦਾ ਜ਼ੁੰਮੇਵਾਰ ਕੌਣ ਹੈ? ਕੀ ਇਹੀ ਲੋਕ ਨਹੀਂ ਹਨ ਜੋ ਗਊ ਨੂੰ ਪੂਜਦੇ ਹਨ ਅਤੇ ਜਦ ਉਹੀ ਗਾਂ ਦੁੱਧ ਦੇਣਾ ਬੰਦ ਕਰ ਦਿੰਦੀ ਹੈ ਜਾਂ ਬੁੱਢੀ ਹੋ ਜਾਂਦੀ ਹੈ ਤਾਂ ਉਸਨੂੰ ਲਾਵਾਰਿਸ ਛੱਡ ਦੇਂਦੇ ਹਨ, ਘਰ ਤੋਂ ਕੱਢ ਦਿੰਦੇ ਹਨ ਜਾਂ ਕਿਸੇ ਖਰੀਦਦਾਰ ਦੇ ਹਵਾਲੇ ਕਰ ਦਿੰਦੇ ਹਨ। ਗਊ ਰੱਖਿਆ ਦੇ ਨਾਂ ਉੱਤੇ ਬਣੇ ਕੁਝ ਸੰਗਠਨ ਤਾਂ ਗਊਆਂ ਅਤੇ ਵੱਛੜਿਆਂ ਨਾਲ ਭਰੇ ਹੋਏ ਟਰੱਕ ਵਾਲਿਆਂ ਤੋਂ ਮੋਟੀ ਰਕਮ ਵਸੂਲ ਕੇ ਬੁੱਚੜਖਾਨੇ ਜਾਣ ਦਿੰਦੇ ਹਨ। ਪੈਸਾ ਨਾ ਦੇਣ ਉੱਤੇ ਫੜਾਉਣ ਦੀ ਧਮਕੀ ਦਿੰਦੇ ਹਨ। ਇਸ ਤਰ੍ਹਾਂ ਗਊਰੱਖਿਆ, ਗਊਸੇਵਾ ਦੇ ਨਾਂ ਉੱਤੇ ਗੋਰਖਧੰਦਾ ਖ਼ੂਬ ਚੱਲ ਰਿਹਾ ਹੈ। ਸਿਰਫ ਗਊ ਦੀ ਸੁਰੱਖਿਆ ਦੀ ਗੱਲ ਸੱਭ ਤੋਂ ਉਪਰ ਕਿਉਂ ਹੈ? ਮੱਝ, ਬੱਕਰੀ, ਭੇਡ ਆਦਿ ਪਸ਼ੂਆਂ ਦੀ ਰੱਖਿਆ ਕਿਉਂ ਨਹੀਂ? ਇਸ ਲਈ ਕਿਉਂਕਿ ਦੂਸਰੇ ਪਸ਼ੂਆਂ ਦੀ ਸੁਰੱਖਿਆ ਵਿੱਚ ਪੈਸਾ ਨਹੀਂ ਹੈ।

ਦਿੱਲੀ ਵਿੱਚ ਜਿੰਨੀਆਂ ਗਿਣਤੀ ਵਿੱਚ ਗਊਆਂ ਹਨ, ਉਸ ਤੋਂ ਗਊਸ਼ਾਲਾਵਾਂ ਕਿਤੇ ਵੱਧ ਹਨ। ਬਵਾਨਾ ਵਿੱਚ ਕਝਾਵਲਾ ਰੋਡ ਉੱਤੇ ਸਥਿਤ ਸ਼੍ਰੀ ਕ੍ਰਿਸ਼ਨ ਗਊਸ਼ਾਲਾ ਦਿਸਣ ਵਿੱਚ ਕਾਫੀ ਵੱਡੀ ਹੈ। ਇਥੇ ਲੱਗਭੱਗ 300 ਗਊਆਂ ਦੱਸੀਆਂ ਜਾਂਦੀਆਂ ਹਨ। ਗਊਆਂ ਦੇ ਰੱਖ-ਰਖਾਵ ਦਾ ਪ੍ਰਬੰਧ ਠੀਕ ਠਾਕ ਹੀ ਹੈ। ਗਊਸ਼ਾਲਾ ਦੇ ਅਧਿਕਾਰੀ ਪਵਨ ਜੈਨ ਕਹਿੰਦੇ ਹਨ ਕਿ ਸਾਡੇ ਇੱਥੇ ਉਨ੍ਹਾਂ ਗਊਆਂ ਨੂੰ ਰੱਖਿਆ ਜਾਂਦਾ ਹੈ ਜਿਹੜੀਆਂ ਦੁੱਧ ਨਹੀਂ ਦੇਂਦੀਆ, ਬੁੱਢੀਆਂ, ਬੇਕਾਰ ਹੋ ਚੁੱਕੀਆਂ ਹੁੰਦੀਆਂ ਹਨ। ਅਜਿਹੀਆਂ ਗਊਆਂ ਦੀ ਦੇਖਭਾਲ ਦੇ ਲਈ ਅਤੇ ਉਨ੍ਹਾਂ ਦਾ ਬਾਕੀ ਜੀਵਨ ਆਰਾਮ ਪੂਰਵਕ ਗੁਜ਼ਰਨ ਦੇ ਲਈ ਗਊਸ਼ਾਲਾਵਾਂ ਦਾ ਸੰਚਾਲਨ ਕੀਤਾ ਜਾਂਦਾ ਹੈ।

ਪਵਨ ਜੈਨ ਕਹਿੰਦੇ ਹਨ ਕਿ ਦੁੱਧ ਦੇਣ ਵਾਲੀਆਂ ਗਾਂਵਾਂ ਵੀ ਹਨ ਜਿਹੜੀਆਂ ਬਜ਼ਾਰ ਤੋਂ ਖਰੀਦੀਆਂ ਜਾਂਦੀਆਂ ਹਨ। ਦਾਨ ਕੀਤੀਆਂ ਹੋਈਆਂ ਗਊਆਂ ਨਹੀਂ ਲਈਆਂ ਜਾਂਦੀਆਂ। ਗਊ ਦੇ ਬ੍ਰਿਧ ਹੋਣ ਉੱਤੇ ਲੋਕ ਇਹਨਾਂ ਨੂੰ ਆਵਾਰਾ ਛੱਡ ਦਿੰਦੇ ਹਨ, ਇਹ ਗਲਤ ਹੈ। ਅਜਿਹੀਆਂ ਗਊਆਂ ਦੇ ਪਾਲਣਪੋਸ਼ਣ ਅਤੇ ਇਲਾਜ ਦੇ ਲਈ ਗਊਸ਼ਾਲਾ ਦਾਨ-ਦਾਤਿਆਂ ਤੋਂ ਪੈਸਾ ਇਕੱਠਾ ਕਰਦੀ ਹੈ।

ਕਈ ਸ਼ਹਿਰਾਂ ਵਿੱਚ ਗਊ ਸੇਵਾ ਸਮਿਤੀਆਂ ਬਣੀਆਂ ਹਨ। ਦਿੱਲੀ ਵਿੱਚ ਕਈ ਦੁਕਾਨਾਂ ਉੱਤੇ ਦਾਨਪੇਟੀਆਂ ਰੱਖੀਆਂ ਦੇਖੀਆਂ ਜਾ ਸਕਦੀਆਂ ਹਨ ਜਿਹੜੀਆਂ ਕਿਸੇ ਨਾ ਕਿਸੇ ਗਊਸ਼ਾਲਾ ਦੀਆਂ ਹਨ। ਉਸ ਉੱਤੇ ਗਊਸ਼ਾਲਾ ਦਾ ਨਾਂ, ਪਤਾ ਅਤੇ ਟੈਲੀਫੋਨ ਨੰਬਰ ਵੀ ਲਿਖਿਆ ਹੁੰਦਾ ਹੈ। ਹਰ ਦੁਕਾਨਦਾਰ ਆਪਣੀ ਸ਼ਰਧਾ ਨਾਲ ਪੈਸਾ ਦੇਂਦਾ ਹੈ। ਦੁਕਾਨਦਾਰਾਂ ਤੋਂ 2,100, 1,100, 500, 100 ਰੁਪਏ ਦਾ ਸਹਿਯੋਗ ਲਿਆ ਜਾਂਦਾ ਹੈ। ਗਊਸ਼ਾਲਾਵਾਂ ਦੁਆਰਾ ਆਪਣੇ ਇੱਥੇ ਗਊਆਂ ਦੀ ਗਿਣਤੀ ਨੂੰ ਵਧਾ ਚੜਾ ਕੇ ਦੱਸਿਆ ਜਾਂਦਾ ਹੈ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਮਾਲ, ਚੰਦਾ ਇਕੱਠਾ ਕੀਤਾ ਜਾ ਸਕੇ ਪਰ ਸਚਾਈ ਵਿੱਚ ਉਨੀਆਂ ਗਊਆਂ ਹੁੰਦੀਆਂ ਨਹੀਂ ਹਨ।

ਕੁਝ ਗਊਸ਼ਾਲਾਵਾਂ ਦੀਆਂ ਗੱਡੀਆਂ ਕਾਲੋਨੀਆਂ ਵਿੱਚ ਸਵੇਰੇ ਸਵੇਰ ਗਊਬੁਰਕੀ ਇਕੱਠਾ ਕਰਨ ਦੇ ਲਈ ਘੁੰਮਦੀਆਂ ਹਨ, ਜਿੱਥੇ ਘਰ ਤੋਂ ਨਿਕਲ ਕੇ, ਵਿਸ਼ੇਸ਼ ਕਰਕੇ ਇਸਤਰੀਆਂ ਇਕੱਠੀਆਂ ਕੀਤੀਆਂ ਹੋਈਆਂ, ਸੁੱਕੀਆਂ, ਬਾਸੀ ਰੋਟੀਆਂ ਇਹਨਾਂ ਗੱਡੀਆਂ ਵਿੱਚ ਰੱਖ ਆਉਂਦੀਆਂ ਹਨ। ਗੱਡੀਆਂ ਦੇ ਬਾਹਰ ਗਾਂ ਦੀ ਫੋਟੋ ਦੇ ਨਾਲ ਗਊਸ਼ਾਲਾ ਦਾ ਨਾਂ, ਪਤਾ ਅਤੇ ਟੈਲੀਫੋਨ ਲਿਖਿਆ ਹੁੰਦਾ ਹੈ। ਗਊਸ਼ਾਲਾਵਾਂ ਦੁਆਰਾ ਮਾਰਕਿੰਟਿੰਗ ਦਾ ਇਹ ਚੰਗਾ ਤਰੀਕਾ ਹੈ।

ਇਸ ਤਰ੍ਹਾਂ ਗਊ ਨੂੰ ਲੈ ਕੇ ਖ਼ੂਬ ਪਖੰਡ ਚੱਲ ਰਿਹਾ ਹੈ। ਰਾਜਨੀਤੀ ਖ਼ੂਬ ਕੀਤੀ ਜਾਂਦੀ ਹੈ। ਗਊ ਨੂੰ ਪੂਜਣ ਵਾਲੇ ਲੋਕ ਇੱਕ ਖਾਸ ਵਰਗ ਵੱਲ ਨਫ਼ਰਤ ਦੀ ਭਾਵਨਾ ਨਾਲ ਦੇਖਦੇ ਹਨ। ਪਰ ਹਕੀਕਤ ਇਹ ਹੈ ਕਿ ਇਹਨਾਂ ਲੋਕਾਂ ਦੇ ਕਾਰਨ ਹੀ ਗਊ ਦੀ ਹਾਲਤ ਬਦਤਰ ਹੈ ਅਤੇ ਗਊਵਧ ਹੋ ਰਿਹਾ ਹੈ। ਭਾਰਤ ਗਊਮਾਸ ਦਾ ਸੱਭ ਤੋਂ ਵੱਡਾ ਨਿਰਯਾਤ ਕਰਤਾ ਮੰਨਿਆਂ ਜਾਂਦਾ ਹੈ ਅਤੇ ਇਹ ਵਪਾਰ ਕਰਨ ਵਾਲੇ ਹਿੰਦੂ ਹੀ ਜ਼ਿਆਦਾ ਹਨ।

ਗਊ ਦੇ ਨਾਂ ਉੱਤੇ ਪੰਡਿਆਂ ਨੇ ਕਲਪਿਤ ਸੁਪਨੇ ਦਿਖਾਏ ਹਨ, ਸਚਾਈ ਨਾਲ ਜਿਹਨਾਂ ਦਾ ਕੋਈ ਸੰਬੰਧ ਨਹੀਂ ਹੁੰਦਾ ਹੈ। ਤਦੇ ਵਿਰੋਧਾਭਾਸ਼ ਸਾਹਮਣੇ ਆਉਂਦੇ ਹਨ। ਧਰਮ ਦੇ ਠੇਕੇਦਾਰਾਂ ਨੂੰ ਆਪ ਨਹੀਂ ਪਤਾ ਕਿ ਗਊਦਾਨ ਨਾਲ ਮੋਕਸ਼ ਮੁਕਤੀ ਕਿਵੇਂ ਮਿਲਦਾ ਹੈ। ਮਰਨ ਦੇ ਬਾਅਦ ਆਦਮੀ ਦਾ ਕੀ ਹੁੰਦਾ ਹੈ।

**ਮੁਕਤੀ ਦੇ ਨਾਂ ਉੱਤੇ ਵਪਾਰ :** ਜੇਕਰ ਹਿੰਦੂ ਗਊ ਨੂੰ ਮਾਤਾ, ਉਸ ਵਿੱਚ 33 ਕਰੋੜ ਦੇਵੀ ਦੇਵਤਿਆਂ ਦਾ ਵਾਸ ਮੰਨਦਾ ਹੈ ਤਾਂ ਉਸ ਨੂੰ ਮਾਰਨ ਵਾਲਿਆਂ, ਲਾਵਾਰਿਸ ਛੱਡਣ ਵਾਲਿਆਂ, ਬੁੱਚੜਖਾਨੇ ਵਾਲਿਆਂ ਨੂੰ ਇਹ ਦੇਵਤੇ ਮਿਲ ਕੇ ਸਜ਼ਾ ਕਿਉਂ ਨਹੀਂ ਦੇਂਦੇ ਅਤੇ ਫਿਰ ਇੱਕ ਗਾਂ ਵਿੱਚ ਏਨੇ ਦੇਵਤੇ ਹੁੰਦੇ ਹੋਏ ਉਸਨੂੰ ਕੋਈ ਪਰੇਸਾਨ, ਕਤਲ ਕਿਉਂ ਕਰ ਸਕਦਾ ਹੈ? ਉਸ ਦਾ ਪੇਟ ਇਨਸਾਨਾਂ ਨੂੰ ਕਿਉਂ ਭਰਨਾ ਪੈਂਦਾ ਹੈ? ਕੀ ਗਊ ਜੋ ਮਲ, ਕਚਰਾ, ਗੰਦਗੀ ਖਾਂਦੀ ਹੈ ਗਾਂ ਵਿੱਚ ਵਿਰਾਜਮਾਨ ਇਹਨਾਂ ਦੇਵਤਿਆਂ ਨੂੰ ਵੀ ਇਹੀ ਭੋਜਨ ਕਰਨਾ ਪੈਂਦਾ ਹੈ? ਅਸਲ ਵਿੱਚ ਧਰਮ ਦੇ ਰਚਨਾਕਾਰਾਂ ਨੇ ਮੋਕਸ਼ ਦੇ ਨਾਂ ਉੱਤੇ ਗਊ ਨੂੰ ਆਪਣੀ ਆਮਦਨੀ ਦਾ ਜ਼ਰੀਆ ਬਣਾ ਲਿਆ ਹੈ। ਇਸ ਦੇਸ਼ ਵਿੱਚ ਗਊ ਦੇ ਨਾਂ ਉੱਤੇ ਸਿਰਫ ਗੋਰਖਧੰਦਾ ਚੱਲਦਾ ਆਇਆ ਹੈ। ਹੁਣ ਧਰਮ ਦੇ ਧੰਦੇ ਨੂੰ ਹੱਲਾਸ਼ੇਰੀ ਦੇਣ ਦੇ ਲਈ ਸਰਕਾਰਾਂ ਗਊ ਦੇ ਨਾਂ ਉੱਤੇ ਕਾਨੂੰਨਾਂ ਵਿੱਚ ਬਦਲਾਅ ਕਰ ਰਹੀਆਂ ਹਨ ਪਰ ਅਸਲ ਵਿੱਚ ਅਜਿਹੇ ਕਾਨੂੰਨਾਂ ਨਾਲ ਨਾ ਤਾਂ ਗਊ ਦਾ ਭਲਾ ਹੋਵੇਗਾ ਨਾ ਪਾਲਕਾਂ ਦਾ ਦਾਨਦੱਛਣਾ ਦਾ ਕਾਰੋਬਾਰ ਖ਼ੂਬ ਚੱਲੇਗਾ। ਦੇਸ਼ ਵਿੱਚ ਬੁੱਢੀਆਂ, ਬਿਮਾਰ, ਬੇਕਾਰ, ਦੁੱਧ ਨਾਂ ਦੇਣ ਵਾਲੀਆਂ ਗਊਆਂ ਵੱਧ ਗਿਣਤੀ ਵਿੱਚ ਦਿਖਾਈ ਦੇਣ ਲੱਗਣਗੀਆਂ। ਗਊਸ਼ਾਲਾਵਾਂ ਵਿੱਚ ਚੰਦਿਆਂ ਦੀਆਂ ਬਾਰਿਸ਼ਾਂ ਹੋਣ ਲੱਗਣਗੀਆਂ ਅਤੇ ਪੰਡੇ ਪੁਰੋਹਿਤਾਂ ਦੀ ਚਾਂਦੀ ਹੋਣ ਲੱਗੇਗੀ। ਭਾਜਪਾਈ ਸਰਕਾਰਾਂ ਇਹੀ ਤਾਂ ਚਾਹੁੰਦੀਆਂ ਹਨ।

**ਬੀਫ਼ ਰਾਜਨੀਤੀ : ਸ਼ਰਧਾ ਜਾਂ ਰਾਜਨੀਤੀ**

ਹਰਿਆਨਾ ਦੇ ਮੁੱਖਮੰਤਰੀ ਮਨੋਹਰ ਲਾਲ ਖੱਟਰ ਨੇ ਭਗਵਾਂ ਫ਼ਤਵਾ ਜਾਰੀ ਕਰਦੇ ਹੋਏ ਕਿਹਾ ਹੈ ਕਿ ਜੇਕਰ ਮੁਸਲਮਾਨਾਂ ਨੇ ਇਸ ਦੇਸ਼ ਵਿੱਚ ਰਹਿਣਾ ਹੈ ਤਾਂ ਬੀਫ਼ ਯਾਨੀ ਗਊ ਦਾ ਮਾਸ ਖਾਣਾ ਛੱਡਣਾ ਪਵੇਗਾ। ਮੁੱਖ ਮੰਤਰੀ ਦਾ ਬਿਆਨ ਹੈਰਾਨ ਕਰਨ ਵਾਲੀ ਗੱਲ ਨਹੀਂ ਕਿਉਂਕਿ ਹਰਿਆਨਾ ਵਿੱਚ ਹਾਲੇ ਦੱਖਣ ਪੰਥੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਆਪ ਮੁੱਖ ਮੰਤਰੀ ਖੱਟਰ ਰਾਸ਼ਟਰੀ ਸਵੈਮ ਸੇਵਕ ਸੰਘ ਨਾਲ 35 ਸਾਲਾਂ ਤੋਂ ਜੁੜੇ ਹੋਏ ਹਨ।

ਮਈ 2014 ਨੂੰ ਜਦ ਸੰਘ ਪਰਿਵਾਰ ਦੇ ਰਾਜਨੀਤਕ ਘਟਕ ਭਾਰਤੀ ਜਨਤਾ ਪਾਰਟੀ ਨੇ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਰਾਜਨੀਤਕ ਹਕੂਮਤ ਪ੍ਰਾਪਤ ਕੀਤੀ ਹੈ ਤਦ ਤੋਂ ਭਾਰਤ ਦੇ ਲੋਕਤੰਤਰ ਅਤੇ ਧਰਮ ਨਿਰਪੇਕਸ਼ਤਾ ਉੱਤੇ ਹਮਲੇ ਤੇਜ਼ ਹੋ ਗਏ ਹਨ ਮੁੱਖ ਤੌਰ ਤੇ ਹਿੰਦੂ ਅਤੇ ਮੁਸਲਿਮ ਵੰਡ ਨੂੰ ਵਧਾਉਣ ਦੇ ਲਈ ਪਿਛਲੇ ਇੱਕ ਡੇਢ ਸਾਲ ਵਿੱਚ ਸੰਘ ਪਰਵਾਰ ਨੇ ਅਨੇਕ ਹੱਥਕੰਡੇ ਅਪਨਾਏ ਹਨ ਭਾਵੇ ਉਹ 'ਘਰ ਵਾਪਸੀ' 'ਲਵ ਜਿਹਾਦ' ਜਾਂ 'ਗਊ ਮਾਤਾ ਦੀ ਰੱਖਿਆ' ਦੀ ਮੁਹਿੰਮ ਹੋਵੇ। ਇਹਨਾਂ ਹੱਥਕੰਡਿਆਂ ਦੇ ਸਹਾਰੇ ਸੰਘ ਪਰਿਵਾਰ ਅਨੇਕ ਫਿਰਕੂ ਦੰਗੇ ਕਰਵਾਉਣ ਵਿੱਚ ਸਫਲ

ਰਿਹਾ ਹੈ।

ਬਿਸਹਾੜਾ ਪਿੰਡ ਵਿੱਚ 29 ਸਤੰਬਰ ਨੂੰ ਵਾਪਰੀ ਇੱਕ ਘਟਨਾ ਨੇ ਭਾਰਤੀ ਲੋਕ ਤੰਤਰ ਅਤੇ ਰਾਜਸੱਤਾ ਦੇ ਅਸਲੀ ਚਿਹਰੇ ਨੂੰ ਬੇਨਕਾਬ ਕਰ ਦਿੱਤਾ। ਗਊ ਸਮੇਤ ਹੋਰ ਹਿੰਦੂ ਪ੍ਰਤੀਕਾਂ ਉੱਤੇ ਰਾਜਨੀਤੀ ਕੋਈ ਨਵੀਂ ਚੀਜ਼ ਹੈ ਪਰੰਤੂ ਜਦ ਤੋਂ ਬੀਫ਼ ਉੱਤੇ ਪਾਬੰਦੀ ਲਗਾਉਣ ਦੀ ਬਹਿਸ ਅਤੇ ਭਾਜਪਾ ਰਾਜ ਕਰ ਰਹੇ ਰਾਜਾਂ ਵਿੱਚ ਬੀਫ਼ ਉੱਤੇ ਰੋਕ ਦੇ ਕਾਨੂੰਨ ਬਣਨੇ ਸ਼ੁਰੂ ਹੋਏ ਤਦ ਤੋਂ ਇਹ ਰਾਜਨੀਤੀ ਹੋਰ ਵੀ ਤੇਜ਼ ਹੁੰਦੀ ਜਾ ਰਹੀ ਹੈ। ਅੱਜ ਭਿੰਨ ਭਿੰਨ ਰਾਜਾਂ ਵਿੱਚ ਗਊਆਂ ਦੀ ਰੱਖਿਆ ਦੇ ਨਾਂ ਉੱਤੇ ਪਹਿਲਾਂ ਤੋਂ ਹੀ ਨਿਸ਼ਚਿਤ ਕੀਤੇ ਢੰਗਾਂ ਨਾਲ ਹਿੰਦੂਆਂ ਅਤੇ ਮੁਸਲਿਮਾਂ ਨੂੰ ਵੰਡਣ ਦੇ ਲਈ ਸਾਂਪ੍ਰਦਾਇਕ ਦੰਗੇ ਭੜਕਾਏ ਜਾ ਰਹੇ ਹਨ। ਉਦਾਹਰਣ ਦੇ ਲਈ, ਮਹਾਂਰਾਸ਼ਟਰ ਵਿੱਚ ਭਾਜਪਾ ਸਰਕਾਰ ਦੁਆਰਾ ਬੀਫ ਉੱਤੇ ਰੋਕ ਲਗਾਉਣ ਦੇ ਬਾਅਦ ਭਾਜਪਾ ਨੇ ਪੱਛਮ ਬੰਗਾਲ ਵਿੱਚ ਗਊ ਹੱਤਿਆਂ ਦੇ ਵਿਰੁੱਧ 'ਗਊ ਸੰਰਕਸ਼ਣ ਅਤੇ ਸੰਵਰਧਨ 2015' ਬਿਲ ਪਾਸ ਕਰਕੇ ਕਾਨੂੰਨ ਬਣਾ ਦਿੱਤਾ ਹੈ।

**ਆਸਥਾ ਜਾਂ ਰਾਜਨੀਤੀ** : ਗਾਂ ਦੇ ਮਾਸ ਨੂੰ ਖਾਣ ਉੱਤੇ ਪਾਬੰਦੀ ਦੇ ਪਿੱਛੇ ਤਰਕ ਦਿੱਤਾ ਜਾ ਰਿਹਾ ਹੈ ਕਿ ਗਾਂ ਨੂੰ ਹਿੰਦੂ ਧਰਮ ਵਿੱਚ ਪਵਿੱਤਰ ਅਤੇ ਮਾਂ ਦੇ ਬਰਾਬਰ ਮੰਨਿਆ ਗਿਆ ਹੈ। ਗਾਂ ਹਿੰਦੂ ਧਰਮ ਮੰਨਣ ਵਾਲਿਆਂ ਦੀ ਸ਼ਰਧਾ ਦਾ ਪ੍ਰਤੀਕ ਹੈ। ਇਸ ਲਈ ਗਾਂ ਨੂੰ ਵੱਢਣਾ, ਉਸ ਦਾ ਮਾਸ ਖਾਣਾ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੈ।

ਬਹੁਤ ਸਾਰੇ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਗਊ ਦੇ ਮਾਸ ਖਾਣ ਦੀ ਪਾਬੰਦੀ ਦੇ ਕੋਈ ਸਬੂਤ ਪ੍ਰਾਚੀਨ ਹਿੰਦੂ ਗਰੰਥਾਂ ਵਿੱਚ ਦੇਖਣ ਨੂੰ ਨਹੀਂ ਮਿਲਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਗਊ ਨੂੰ ਬਲੀ ਦੇਣ ਅਤੇ ਗਾਂ ਦੇ ਮਾਸ ਨੂੰ ਖਾਣ ਦੇ ਅਨੇਕ ਉਦਾਹਰਣ ਰਿਗਵੇਦ ਅਤੇ ਦੂਸਰੇ ਹਿੰਦੂ ਧਾਰਮਿਕ ਗਰੰਥਾਂ ਵਿੱਚ ਮਿਲਦੇ ਹਨ।

ਮੈਂ ਇੱਥੇ ਕੁਝ ਤੱਥਾਂ ਦਾ ਵਰਨਣ ਕਰਨਾ ਚਾਹਾਂਗਾ ਜਿਹੜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਜੋ ਰਾਜਨੀਤੀ ਭਾਜਪਾ, ਆਰ. ਐਸ.ਐਸ. ਜਾਂ ਹੋਰ ਹਿੰਦੂ ਸੰਗਠਨਾਂ ਦੁਆਰਾ ਗਊ ਦੇ ਵੱਢਣ ਅਤੇ ਗਊ ਦੇ ਮਾਸ ਨੂੰ ਖਾਣ ਉੱਤੇ ਕੀਤੀ ਜਾ ਰਹੀ ਹੈ, ਉਹ ਸ਼ਰਧਾ ਉੱਤੇ ਆਧਾਰਿਤ ਨਹੀਂ ਹੈ, ਬਲਕਿ ਇਹ ਉਨ੍ਹਾਂ ਦੀ ਹਿੰਦੂ ਪਛਾਣ ਨੂੰ ਸਰਵਸ਼ਰੇਸ਼ਠ ਅਤੇ ਬੀਫ਼ ਖਾਣ ਵਾਲੇ ਲੋਕਾਂ (ਮੁਸਲਿਮ, ਈਸਾਈ, ਅਨੁਸੂਚਿਤ ਜਾਤੀ) ਨੂੰ ਦੋਇਮ (ਦੂਜੇ ਦਰਜੇ ਦਾ) ਦਰਜੇ ਦਾ ਨਾਗਰਿਕ ਸਾਬਤ ਕਰਨ ਦੀ ਸੋਚੀ ਸਮਝੀ ਰਣਨੀਤੀ ਦੇ ਤਹਿਤ ਹੈ। ਪ੍ਰਸਿੱਧ ਇਤਿਹਾਸਕਾਰ 'ਦਾ ਮਿੱਥ ਆਫ਼ ਦਾ ਹਲੀ ਕਾਉ' ਦੇ ਲੇਖਕ ਦਿਵਜੇਂਦਰ ਨਾਰਾਇਣ ਝਾਅ ਦਾ ਮੰਨਣਾ ਹੈ ਕਿ ਵੈਦਿਕ ਆਰੀਆਂ ਦੁਆਰਾ ਗਊ ਦੀ ਬਲੀ ਦੇਣ ਅਤੇ ਬੀਫ਼ ਖਾਣ ਦੇ ਅਨੇਕ ਸੰਕੇਤ ਵੇਦਾਂ ਵਿੱਚ ਦੇਖਣ ਨੂੰ ਮਿਲਦੇ ਹਨ ਅਤੇ ਇਹ ਪਰੰਪਰਾ ਉੱਤਰ ਵੈਦਿਕ ਕਾਲ ਅਤੇ ਮੌਰੀਆਕਾਲ ਤੋਂ ਪਹਿਲਾਂ ਦੇ ਸਮੇਂ ਵਿੱਚ ਵੀ ਮੌਜੂਦ ਰਹਿੰਦੀ ਹੈ। ਮੌਰੀਆਕਾਲ ਤੋਂ ਇਹ ਪਰੰਪਰਾ ਸਾਡੇ ਸ਼ਰੋਤਾਂ ਤੋਂ ਗਾਇਬ ਹੁੰਦੀ ਜਾਂਦੀ ਹੈ। ਜੋ ਬ੍ਰਾਹਮਣ ਇਸ ਪਰੰਪਰਾ ਦੀ ਅਗਵਾਈ ਵਿੱਚ ਸਨ ਉਨ੍ਹਾਂ ਨੇ ਉੱਤਰ ਮੌਰੀਆ ਅਤੇ ਗੁਪਤਕਾਲ ਆਉਂਦੇ ਆਉਂਦੇ ਬਲੀ ਨੂੰ ਬੇਉਤਸ਼ਾਹ ਅਤੇ ਗਲਤ ਸਮਝਣਾ ਸ਼ੁਰੂ ਕਰ ਦਿੱਤਾ ਅਤੇ ਗਊ ਨੂੰ ਮਾਰਨ ਵਾਲਿਆਂ ਨੂੰ ਅਛੂਤ ਐਲਾਨ ਕਰ ਦਿੱਤਾ ਗਿਆ। ਬੀਫ਼ ਦੇ ਬ੍ਰਾਹਮਣ ਖਾਣ ਦੀ ਸੂਚੀ ਤੋਂ ਹਟਣ ਦੇ ਬਾਅਦ ਉਹ ਸਿਰਫ ਅਛੂਤਾਂ ਦੀ ਖਾਧ ਸੰਸਕ੍ਰਿਤੀ ਬਣ ਕੇ ਰਹਿ ਗਈ ਹੈ।

ਦੂਸਰੀ ਗੱਲ, ਮੈਂ ਸਵਾਮੀ ਵਿਵੇਕਾਨੰਦ ਦੇ ਉਸ ਭਾਸ਼ਣ ਦਾ ਵਰਨਣ ਕਰਨਾ ਚਾਹਾਂਗਾ ਜੋ ਉਨ੍ਹਾਂ ਨੇ ਅਮਰੀਕਾ ਦੇ ਕੈਲੀਫੋਰਨੀਆਂ ਰਾਜ ਦੇ ਸੈਕਸਪੀਅਰ ਕਲੱਬ ਵਿੱਚ 2 ਫਰਵਰੀ, 1900 ਨੂੰ ਦਿੱਤਾ ਸੀ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਤੁਸੀਂ ਲੋਕ ਹੈਰਾਨ ਹੋਵੋਗੇ ਇਹ ਜਾਣ ਕੇ ਕਿ ਪੁਰਾਣੇ ਸਮਾਰੋਹ ਦੇ ਅਨੁਸਾਰ ਜੋ ਬੀਫ਼ ਨਹੀਂ ਖਾਂਦਾ ਉਹ ਚੰਗਾ ਹਿੰਦੂ ਨਹੀਂ ਹੋ ਸਕਦਾ ਹੈ। ਕੁਝ ਮੌਕਿਆਂ ਉੱਤੇ ਉਸਨੂੰ ਬੈਲ ਦੀ ਬਲੀ ਦੇਣਾ ਅਤੇ ਖਾਣਾ ਚਾਹੀਦਾ ਹੈ।

ਉਪਰੋਕਤ ਦੋਹਾਂ ਤਰਕਾਂ ਦੇ ਇਲਾਵਾ ਅਨੇਕ ਤੈਤਿਰੀਆ ਬ੍ਰਾਹਮਣ ਸਮੇਤ ਹੋਰ ਦੇ ਹਿੰਦੂ ਧਾਰਮਿਕ ਗਰੰਥਾਂ ਵਿੱਚ ਪੁਸ਼ਟੀ ਹੁੰਦੀ ਹੈ ਕਿ ਗਾਂ ਨੂੰ ਵੱਢਣਾ ਅਤੇ ਬੀਫ਼ ਖਾਣਾ ਹਿੰਦੂ ਧਰਮ ਵਿੱਚ ਕਿਧਰੇ ਮਨ੍ਹਾਹੀ ਨਹੀਂ ਹੈ ਸਗੋਂ ਇਹ ਬ੍ਰਾਹਮਣਵਾਦੀ ਤਾਕਤਾਂ ਨੇ ਸੋਚ ਸਮਝ ਕੇ ਬਾਅਦ ਵਿੱਚ ਨਕਲੀ ਰੂਪ ਨਾਲ ਬਣਾ ਕੇ ਹੋਰਾਂ ਉੱਤੇ ਥੋਪਣ ਦਾ ਕੰਮ ਕੀਤਾ ਹੈ।

ਅਮਰੀਕਾ ਦੇ ਖੇਤੀ ਵਿਭਾਗ ਦੀ ਰੀਪੋਰਟ ਦੇ ਅਨੁਸਾਰ, 2015 ਵਿੱਚ ਬੀਫ਼ ਨਿਰਯਾਤ ਵਿੱਚ ਭਾਰਤ ਨੇ ਬਰਾਜ਼ੀਲ ਨੂੰ ਪਛਾੜਦੇ ਹੋਏ ਪਹਿਲੇ ਸਥਾਨ ਉੱਤੇ ਆਪਣਾ ਥਾਂ ਬਣਾ ਲਿਆ ਹੈ। ਇਸ ਨਾਲ ਬ੍ਰਾਜ਼ੀਲ ਦੇ 20 ਲੱਖ ਟਨ ਦੀ ਤੁਲਨਾ ਵਿੱਚ ਭਾਰਤ ਨੇ 20.4 ਲੱਖ ਟਨ ਗਊਮਾਸ ਦਾ ਨਿਰਯਾਤ ਕੀਤਾ ਅਤੇ ਇਕੱਲੇ ਭਾਰਤ ਦਾ ਸੰਸਾਰ ਦੇ ਕੁਲ ਬੀਫ਼ ਨਿਰਯਾਤ ਵਿੱਚ 23.53 ਪ੍ਰਤੀਸ਼ਤ ਦਾ ਯੋਗਦਾਨ ਹੈ।

ਜਿਹੜੀ ਪਾਰਟੀ ਗਊ ਸਹਿਤ ਹਿੰਦੂ ਧਰਮ ਦੀ ਰੱਖਿਅਕ ਹੋਣ ਦਾ ਦਾਅਵਾ ਕਰਦੀ ਹੋਵੇ ਅਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਨਾਅਰਾ ਦੇਂਦੀ ਹੈ- 'ਮੋਦੀ ਨੂੰ ਮਤਦਾਨ, ਗਊ ਨੂੰ ਜੀਵਨਦਾਨ' ਅਤੇ ਬੀਜੇਪੀ ਦਾ ਸੰਦੇਸ਼, 'ਬਚੇਗੀ ਗਾਏ ਬਚੇਗਾ ਦੇਸ਼' ਦੇ ਹਿੰਦੂ ਧਰਮ ਦੇ ਤਥਾਕਥਿਤ ਰੱਖਿਅਕ ਹੋਣ ਦੇ ਦਾਅਵਿਆਂ ਵਿੱਚ ਕਿੰਨਾ ਦਮ ਹੈ, ਇਹ ਤਾਂ ਇਹ ਰੀਪੋਰਟ ਬਿਆਨ ਕਰ ਰਹੀ ਹੈ ਕਿ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੇ ਇੱਕ ਸਾਲ ਤੋਂ ਜ਼ਿਆਦਾ ਦੇ ਬਾਅਦ ਭਾਵੇਂ ਦੇਸ਼ ਦੇ ਅੰਦਰ ਬੀਫ਼ ਦੇ ਨਾਂ ਉੱਤੇ ਕਿੰਨੀ ਹੀ ਰਾਜਨੀਤੀ ਹੋਈ ਹੋਵੇ ਪਰ ਗਊਮਾਸ ਦੇ ਨਿਰਯਾਤ ਉੱਤੇ ਕੋਈ ਅਸਰ ਨਹੀਂ ਪਿਆ, ਸਗੋਂ ਪਹਿਲਾਂ ਤੋਂ ਵਧਿਆ ਹੈ।

ਤਰਕ ਦਿੱਤਾ ਜਾਂਦਾ ਹੈ ਕਿ ਮੁਸਲਿਮ ਬੀਫ਼ ਖਾਂਦੇ ਹਨ, ਇਸ ਲਈ ਉਹ ਹੀ ਗਊਆਂ ਨੂੰ ਜ਼ਿਆਦਾ ਕੱਟਦੇ ਹਨ, ਜਦਕਿ ਭਾਰੀ ਮਾਤਰਾ ਵਿੱਚ ਬੀਫ਼ ਦੇ ਨਿਰਯਾਤ ਦੇ ਲਈ ਅਨੇਕ ਗਊਆਂ ਨੂੰ ਕੱਟਣ ਵਾਲਿਆਂ (ਨਿਰਯਾਤਕਰਤਾ) ਦੀ ਸੂਚੀ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਜੇਕਰ ਭਾਰਤ ਦੇ ਵੱਡੇ ਮਾਸ ਨਿਰਯਾਤ ਕਰਤਿਆਂ ਨੂੰ ਦੇਖੀਏ ਤਾਂ 6 ਵਿੱਚੋਂ 4 ਹਿੰਦੂ ਵਪਾਰੀ ਹਨ, ਉਹ ਵੀ ਉੱਚੀ ਜਾਤੀ ਵਾਲੇ ਹਿੰਦੂ। ਮਿਸਾਲ ਦੇ ਲਈ ਸੁਨੀਲ ਕਪੂਰ ਇੱਕ 'ਅਰੇਬੀਅਨ ਐਕਸਪੋਰਟਸ ਪ੍ਰਾਈਵੇਟ ਲਿਮਿਟੇਡ, ਮੁੰਬਈ' ਨਾਂ ਦੀ ਬੀਫ਼ ਨਿਰਯਾਤਕ ਕੰਪਨੀ ਦਾ ਮਾਲਕ ਹੈ। ਹੋਰ 3 ਕੰਪਨੀਆਂ ਵਿੱਚ ਇੱਕ ਹੋਰ ਮੁੰਬਈ ਵਿੱਚ ਹੈ ਅਤੇ 1-1 ਦਿੱਲੀ ਅਤੇ ਚੰਡੀਗੜ੍ਹ ਵਿੱਚ ਸਥਿਤ ਹਨ।

**ਬੀਫ਼ ਰੋਕ ਦਾ ਆਰਥਿਕ ਪਹਲੂ** : ਭਾਰਤ ਵਿੱਚ ਸਿਰਫ ਮੁਸਲਿਮ ਅਤੇ ਈਸਾਈ ਹੀ ਨਹੀਂ, ਸਗੋਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਲੋਕ ਵੀ ਬੀਫ਼ ਖਾਂਦੇ ਹਨ ਜੋ ਮਿਲ ਕੇ ਕੁਲ ਆਬਾਦੀ ਦੇ 25 ਪ੍ਰਤੀਸ਼ਤ ਦੇ ਬਰਾਬਰ ਹੈ। ਕੇਰਲ, ਪੱਛਮ ਬੰਗਾਲ ਅਤੇ ਲੱਗਭੱਗ ਉੱਤਰਪੂਰਬ ਭਾਰਤ ਵਿੱਚ ਪਸ਼ੂਆਂ ਨੂੰ ਵੱਢਣਾ ਕਾਨੂੰਨੀ ਹੈ ਅਤੇ ਬੀਫ਼ ਵੱਡੀ ਮਾਤਰਾ ਵਿੱਚ ਖਾਇਆ ਜਾਂਦਾ ਹੈ। ਬੀਫ਼ ਨੂੰ ਗਰੀਬ ਆਦਮੀ ਦਾ ਖਾਣਾ ਕਿਹਾ ਜਾਂਦਾ ਹੈ ਕਿਉਂਕਿ ਬੀਫ਼ ਪ੍ਰੋਟੀਨ ਦਾ ਸਭ ਤੋਂ ਸਸਤਾ ਸਾਧਨ ਹੈ ਗਰੀਬਾਂ ਦੇ ਲਈ ਦੂਜੇ ਪਾਸੇ ਸਥਾਨਕ ਅਤੇ ਘਰੇਲੂ ਖਪਤ ਦੇ ਲਈ ਗਾਂ ਵੱਢਣ ਵਾਲੇ ਅਤੇ ਮਾਸ ਵੇਚਣ ਵਾਲੇ ਵੀ ਇਹ ਗਰੀਬ ਘੱਟ ਗਿਣਤੀ ਪਿਛੜੇ ਵਰਗ ਦੇ ਲੋਕ ਹਨ ਜਿੰਨਾਂ ਦੀ ਸਾਰੀ ਰੋਜ਼ੀ ਰੋਟੀ ਅਤੇ ਰੁਜ਼ਗਾਰ ਇਸੇ ਉੱਤੇ ਟਿਕਿਆ ਹੁੰਦਾ ਹੈ। ਬੀਫ਼ ਉੱਤੇ ਰੋਕ ਨਾਲ ਸਭ ਤੋਂ ਵੱਧ ਇਹੀ ਲੋਕ ਪ੍ਰਭਾਵਿਤ ਹੋਏ ਹਨ ਕਿਉਂਕਿ ਵੱਡੇ ਨਿਰਯਾਤਕਾਂ ਉੱਤੇ ਇਸ ਦਾ ਕੋਈ ਪ੍ਰਭਾਵ ਨਹੀਂ ਪਿਆ ਸਗੋਂ ਉਨ੍ਹਾਂ ਦੇ ਨਿਰਯਾਤ ਵਿੱਚ ਵਾਧਾ ਹੀ ਹੋਇਆ ਹੈ।

ਗਊਆਂ ਨੂੰ ਕੱਟਣ ਅਤੇ ਉਸ ਦੇ ਮਾਸ ਨੂੰ ਖਾਣ ਉੱਤੇ ਰੋਕ ਲਗਾਉਣਾ ਧਾਰਮਿਕ ਸ਼ਰਧਾ ਉੱਤੇ ਆਧਾਰਿਤ ਨਾ ਹੋਕੇ ਸਿਰਫ ਅਤੇ ਸਿਰਫ ਅੱਤਵਾਦੀ ਹਿੰਦੂਆਂ ਦੁਆਰਾ ਗਰੀਬ, ਘੱਟ ਗਿਣਤੀਆਂ ਦਲਿਤ ਵਿਰੋਧੀ ਇੱਕ ਰਾਜਨੀਤਿਕ ਖੇਲ ਹੈ। ਇਹ ਸੰਸਕ੍ਰਿਤੀ ਅਤੇ ਧਰਮ ਦੇ ਨਾਂ ਉੱਤੇ ਹੋਰ ਲੋਕਾਂ ਉੱਤੇ ਮਨੂਵਾਦੀ ਪ੍ਰਣਾਲੀ ਥੋਪਣ ਦੀ ਕੋਸ਼ਿਸ਼ ਮਾਤਰ ਹੈ।

# ਸਫਲਤਾ ਅਤੇ ਖ਼ੁਸ਼ੀ



ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਮੈਡੀਕਲ ਸਾਇੰਸ ਨੇ ਸਾਡੀ ਜ਼ਿੰਦਗੀ ਨੂੰ ਜਿਉਂਣ ਲਈ ਹੋਰ ਲੰਬਾ ਕਰ ਦਿੱਤਾ ਹੈ ਅਤੇ ਸਾਇੰਸ ਦੀ ਤਰੱਕੀ ਨੇ ਜਿੰਦਗੀ ਨੂੰ ਸਾਂਵੀ ਪੱਧਰੀ ਬਣਾਉਣ ਅਤੇ ਸੁੱਖ ਆਰਾਮ ਦੇਣ ਵਿੱਚ ਵੀ ਬੜਾ ਵਾਧਾ ਕੀਤਾ ਹੈ। ਪਰ ਇਹ ਵੀ ਸੱਚਾਈ ਹੈ ਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਉਹ ਜਿੰਦਗੀ ਨਹੀਂ ਜੀਅ ਰਹੇ ਜਿਹੜੀ ਉਹ ਜਿਉਂਣੀ ਚਾਹੁੰਦੇ ਹਨ ਜਾਂ ਸਨ। ਜਿੰਦਗੀ ਦੀ ਦੌੜ ਵਿੱਚ ਅਸੀਂ ਇੰਨ੍ਹਾਂ ਜ਼ਿਆਦਾ ਉਲਝ ਗਏ ਹਾਂ ਕਿ ਬਸ ਦੌੜੀ ਹੀ ਜਾ ਰਹੇ ਹਾਂ ਅਤੇ ਸਾਨੂੰ ਕੋਈ ਕਿਨਾਰਾ ਨਜ਼ਰ ਨਹੀਂ ਆਉਂਦਾ। ਅਸੀਂ ਬਹੁਤ ਵਾਰੀ ਭੁੱਲ ਜਾਂਦੇ ਹਾਂ ਕਿ ਇੱਕ ਦਿਨ ਅਸੀਂ ਇਸ ਦੁਨੀਆਂ ਤੋਂ ਚਲੇ ਜਾਣਾ ਹੈ ਅਤੇ ਜਿਹੋ ਜਿਹੀ ਜਿੰਦਗੀ ਅਸੀਂ ਆਪਣੇ ਮਨ ਹੀ ਮਨ ਵਿੱਚ ਚਿਤਵੀ ਸੀ। ਉਹ ਅਸੀਂ ਨਹੀਂ ਜਿਉਣੀ ਅਤੇ ਹੁਣ ਕੋਈ ਸਮਾਂ ਨਹੀਂ ਬਚਿਆ ਸਵਾਏ ਝੁਰਨ ਦੇ।

ਮੌਤ ਦਾ ਡਰ ਸਾਨੂੰ ਕਈ ਵਾਰ ਹੁਜਕਾ ਮਾਰਦਾ ਹੈ ਕਿ ਜਿੰਦਗੀ ਨੂੰ ਭਰਪੂਰਤਾ ਨਾਲ ਜੀਵਿਆ ਜਾਵੇ। ਸਾਨੂੰ ਮਰਨ ਵੇਲੇ ਇਹ ਗਿਲਾ ਨਹੀਂ ਹੋਣਾ ਚਾਹੀਦਾ ਕਿ ਮੈਂ ਫਲਾਣਾਂ ਕੰਮ ਨਾ ਕਰ ਸਕਿਆ। ਉਹ ਕੰਮ ਕਰਨ ਨਾਲ ਮੈਨੂੰ ਹੋਰ ਸਫਲਤਾ ਮਿਲ ਸਕਦੀ ਸੀ ਕਿਉਂਕਿ ਉਸ ਕੰਮ ਵਿੱਚ ਹੀ ਮੇਰਾ ਮਨ ਸੀ। ਉਹ ਕੰਮ ਕਰਨ ਨਾਲ ਮੇਰੀ ਖੁਸ਼ੀ ਵੀ ਅਸਲ ਖੁਸ਼ੀ ਵਿੱਚ ਬਦਲ ਜਾਣੀ ਸੀ।

ਅਸਟ੍ਰੇਲੀਆ ਦੀ ਨਰਸ ਬਰੋਨੀ ਵੇਅਰ (Bronnie ware) ਆਪਣੀ ਕਿਤਾਬ 'ਦਾ ਟੋਪ ਫਾਇਵ ਰਿਗਰਿਟਸ ਔਫ ਦੀ ਡਾਇੰਗ (The top five regrets of the dying) ਵਿੱਚ ਲਿਖਦੀ ਹੈ :

**ਕਾਸ਼** :- ਇਸ ਤਰ੍ਹਾਂ ਹੁੰਦਾ ਕਿ ਮੈਂ ਉਹ ਜਿੰਦਗੀ ਜੀਉਂਦੀ ਜੋ ਮੈਂ ਸੱਚੀ-ਮੁੱਚੀ ਜੀਉਂਣਾ ਚਾਹੁੰਦੀ ਸੀ ਨਾ ਕਿ ਜੋ ਹੋਰ ਲੋਕ ਚਾਹੁੰਦੇ ਸੀ ਕਿ ਮੈਂ ਇਹੋ ਜਿਹੀ ਜਿੰਦਗੀ ਜੀਵਾਂ।

ਬਹੁਤ ਵਾਰੀ ਜਿੰਦਗੀ ਵਿੱਚ ਅਸੀਂ ਇਹੋ ਜਿਹੇ ਫੈਸਲੇ ਕਰ ਬੈਠਦੇ ਹਾਂ ਜੋ ਹੋਰ ਲੋਕ ਚਾਹੁੰਦੇ ਹਨ ਜਾਂ ਜਿਹਨਾਂ ਵਿੱਚ ਉਹਨਾਂ ਦਾ ਯਕੀਨ ਹੁੰਦਾ ਹੈ। ਅਸੀਂ ਕੋਈ ਡਿਗਰੀ, ਪੜ੍ਹਾਈ ਇਸ ਕਰਕੇ ਕਰ ਲੈਂਦੇ ਹਾਂ ਕਿ ਸਾਡੇ ਮਾਂ ਬਾਪ ਜਾਂ ਹੋਰ ਸਲਾਹੂ ਇਹ ਕਹਿੰਦੇ ਹਨ ਕਿ ਫਲਾਣੀ ਡਿਗਰੀ, ਪੜ੍ਹਾਈ ਕਰਨੀ ਤੁਹਾਡੇ ਲਈ ਚੰਗੀ ਹੈ। ਇਹ ਗੱਲ ਬਹੁਤ ਸਾਰੇ ਏਸ਼ੀਅਨ ਮਾਪਿਆਂ ਤੇ ਢੁੱਕਦੀ ਹੈ । ਉਹ ਬੱਚੇ ਨੂੰ ਡਾਕਟਰ, ਵਕੀਲ, ਅਕਾਉਟੈਂਟ ਜਾਂ ਫਾਰਮਾਸਿਸਟ ਬਗੈਰਾ ਬਨਾਉਣਾ ਚਾਹੁੰਦੇ ਹਨ, ਭਾਵੇਂ ਕਿ ਬੱਚੇ ਦੀ ਇਹਨਾਂ ਕਿਸੇ ਵੀ ਵਿਸ਼ੇ 'ਚ ਦਿਲਚਸਪੀ ਨਾ ਹੋਵੇ। ਇਹ ਇੱਕ ਕਿਸਮ ਦੀ ਆਪਣੀ ਮਰਜ਼ੀ ਠੋਸਣ ਵਾਲੀ ਗੱਲ ਹੁੰਦੀ ਹੈ ਤਾਂ ਕਿ ਪ੍ਰਚਲਤ ਅਤੇ ਪ੍ਰਮਾਣਿਤ ਵਿਸ਼ਿਆਂ ਨਾਲ ਸਮਾਜ ਵਿੱਚ ਛਵੀ ਬਣ ਸਕੇ। ਇੱਕ ਕਾਰਨ ਇਹ ਵੀ ਹੈ ਕਿ ਮਰਜ਼ੀ ਠੋਸਣ ਵਾਲਿਆਂ ਅਤੇ ਸਲਾਹ ਦੇਣ ਵਾਲਿਆਂ ਨੂੰ ਖੁਦ ਆਪ ਪਤਾ ਨਹੀਂ ਹੁੰਦਾ ਕਿ ਬੱਚੇ ਦੇ ਮਨ ਦੀ ਆਵਾਜ਼ ਸੁਣਨੀ ਕਿੰਨੀ ਜ਼ਰੂਰੀ ਹੈ। ਇਹ ਜਿੰਦਗੀ, ਉਸ ਬੱਚੇ ਦੀ ਹੈ ਨਾ ਕਿ ਮਾਂ ਬਾਪ ਜਾਂ ਹੋਰ ਕਿਸੇ ਸਲਾਹ ਦੇਣ ਵਾਲੇ ਦੀ। ਜਿੰਦਗੀ ਦਾ ਮਹੱਲ ਉਸਾਰਨ ਵਾਲੇ ਇਹ ਅਹਿਮ ਸਾਲ, ਬੱਚੇ ਦੀ ਜਿੰਦਗੀ ਅਤੇ ਉਹਦੀਆਂ ਖੁਸ਼ੀਆਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਬੱਧੋ-ਰਿੱਧਾ ਕੀਤਾ ਕੰਮ ਕਦੇ ਵੀ ਸਾਨੂੰ ਖੁਸ਼ ਨਹੀਂ ਰੱਖ ਸਕਦਾ। ਸਾਡੇ ਮਨ ਵਿੱਚ ਨਿਰਾਸ਼ਾ ਅਤੇ ਰੋਹ ਉੱਠਦਾ ਰਹੇਗਾ ਅਤੇ ਸ਼ਾਇਦ ਕਈ ਵਾਰ ਇਹੋ ਜਿਹੇ ਹਾਲਾਤਾਂ ਵਿੱਚ ਉਹ ਬੱਚਾ ਵੱਡਾ ਹੋਣ ਤੇ ਸਾਨੂੰ ਕਦੇ ਮਾਫ਼ ਨਾ ਕਰੇ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਮੈਨੂੰ ਆਪਣਾ ਬਚਪਨ ਯਾਦ ਹੈ ਕਿ ਜਦ ਮੈਂ ਦਸਵੀਂ ਪਾਸ ਕੀਤੀ ਤਾਂ ਮੈਂ ਜ਼ਿਲਾ ਕਪੂਰਥਲਾ ਵਿੱਚੋਂ ਪਹਿਲੇ ਨੰਬਰ ਤੇ ਸਾਂ ਅਤੇ ਮੈਨੂੰ ਨੈਸ਼ਨਲ ਸਕਾਲਰਸ਼ਿਪ ਮਿਲਿਆ ਸੀ। ਪੜ੍ਹਨ ਵਿੱਚ ਤੇਜ਼ ਹੋਣ ਕਰਕੇ ਘਰਦਿਆਂ ਨੇ ਮੈਡੀਕਲ ਸਾਇੰਸ ਦੇ ਵਿਸ਼ੇ ਲੈ ਕੇ ਦੇ ਦਿੱਤੇ। ਪਰ ਮੈਂ ਮਹਿਸੂਸ ਕਰਦਾ ਕਿ ਅਗਰ ਕੋਈ ਨਰੋਈ ਅਗਵਾਈ ਹੁੰਦੀ ਤਾਂ ਮੈਂ ਹਿਸਾਬ ਦਾ ਵਿਸ਼ਾ ਲੈ ਕੇ ਐਮ. ਏ. ਕਰ ਸਕਦਾ ਸੀ ਜਾਂ ਅੰਗਰੇਜ਼ੀ, ਪੰਜਾਬੀ ਵਿੱਚ ਐਮ. ਏ., ਪੀ. ਐਚ. ਡੀ. ਕੀਤੀ ਜਾ ਸਕਦੀ ਸੀ। ਖ਼ੈਰ, ਇਸ ਗੱਲ ਨੇ ਮੇਰੀ ਪੜ੍ਹਾਈ ਦੇ ਸਾਲ ਕਾਫੀ ਦੂਰ ਕਰ ਦਿੱਤੇ ਜੋ ਬਰਤਾਨੀਆਂ ਆ ਕੇ, ਮੈਂ ਕੰਮ ਛੱਡ ਕੇ ਆਪਣੇ ਬਲਬੂਤੇ ਤੇ ਡਾਕਟਰੇਟ ਕੀਤੀ। ਮੇਰੇ ਵਰਗੇ ਬਹੁਤ ਸਾਰੇ ਹੋਰ ਵਿਦਿਆਰਥੀ ਵੀ ਹੋਣਗੇ ਜਿਹਨਾਂ ਨੂੰ ਸਹੀ ਰਾਹ ਨਹੀਂ ਸੀ ਦਰਸਾਇਆ ਗਿਆ।

ਅਸੀਂ ਕਈ ਵਾਰ ਇਹੋ ਜਿਹੀਆਂ ਨੌਕਰੀਆਂ ਵੀ ਕਰ ਲੈਂਦੇ ਹਾਂ ਕਿ ਆਪਣੇ ਆਪ ਨੂੰ ਅਤੇ ਪਰਿਵਾਰ ਨੂੰ ਪਾਲਣ ਲਈ ਪੈਸੇ ਦੀ ਲੋੜ ਹੁੰਦੀ ਹੈ, ਭਾਵੇਂ ਕਿ ਸਾਡਾ ਮਨ ਉਹ ਨੌਕਰੀ ਨੂੰ ਕਰਨ ਨੂੰ ਨਾ ਵੀ ਮੰਨਦਾ ਹੋਵੇ। ਅਸੀਂ ਆਪਣੇ ਸੁਪਨਿਆਂ ਦਾ ਕਤਲ ਕਰ ਦਿੰਦੇ ਹਾਂ ਅਤੇ ਪਛਤਾਵੇ ਵਿੱਚ ਸਮਾਂ ਗੁਜ਼ਾਰ ਦਿੰਦੇ ਹਾਂ। ਕਈ ਵਾਰ ਸੁਪਨਿਆਂ ਨੂੰ ਪੂਰਾ ਕਰਨ ਲਈ ਇਸ ਕਰਕੇ ਵੀ ਤਰੱਦਦ ਨਹੀਂ ਕੀਤਾ ਜਾਂਦਾ ਕਿ ਸਾਨੂੰ ਕਿਸੇ ਨੇ ਇਹ ਜ਼ੋਰ ਦੇ ਕੇ ਕਿਹਾ ਸੀ ਕਿ ਮੇਰੇ ਸੁਪਨੇ ਮੂਰਖਾਂ ਵਾਲੇ ਹਨ ਅਤੇ ਉਹ ਕਦੇ ਵੀ ਪੂਰੇ ਨਹੀਂ ਹੋ ਸਕਦੇ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਅਗਰ ਕਿਸੇ ਦੀ ਪਰਵਾਹ ਨਾ ਕੀਤੀ ਹੁੰਦੀ ਅਤੇ ਉਹਨਾਂ ਸੁਪਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੁੰਦੀ ਤਾਂ ਜਿੰਦਗੀ ਦੀ ਹਕੀਕਤ ਵੱਖਰੀ ਕਿਸਮ ਦੀ ਹੋਣੀ ਸੀ। ਤੁਸੀਂ ਕਿਹੋ ਜਿਹੇ ਕੱਪੜੇ ਪਹਿਨਣੇਂ ਪਸੰਦ ਕਰਦੇ ਹੋ ਅਤੇ ਕਿਹੋ ਜਿਹੇ ਕੰਮ ਕਰਦੇ ਹੋ ਅਤੇ ਕਿਸ ਤਰ੍ਹਾਂ ਜਿੰਦਗੀ ਜੀਉਂਦੇ ਹੋ, ਅਤੇ ਕਿਸ ਨਾਲ ਜਿੰਦਗੀ ਦਾ ਜ਼ਿਆਦਾ ਸਮਾਂ ਬਤੀਤ ਕਰਦੇ ਹੋ ਜਾਂ ਕਰਨਾ ਚਾਹੁੰਦੇ ਹੋ, ਇਹ ਜਿੰਦਗੀ ਤੁਹਾਡੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਅਗਰ ਕਿਸੇ ਦੀ ਪਰਵਾਹ ਨਾ ਕੀਤੀ ਹੁੰਦੀ ਤਾਂ ਜਿੰਦਗੀ ਕਿਹੋ ਜਿਹੀ ਹੁੰਦੀ?

ਪੜ੍ਹਨ, ਸੁਣਨ, ਦੇਖਣ 'ਚ ਅਤੇ ਤਜ਼ਰਬਾ ਇਹ ਦੱਸਦਾ ਹੈ ਕਿ ਜਿੰਨਾਂ ਜਿੰਦਗੀ ਦੇ ਨਜ਼ਦੀਕ ਹੋ ਕੇ ਅਸੀਂ ਇਹਨੂੰ ਜੀਏ, ਉੱਨੀ ਹੀ ਜ਼ਿਆਦਾ ਖੁਸ਼ੀ ਸਾਨੂੰ ਮਿਲਦੀ ਹੈ। ਇਹਦੇ

ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਾਡੀ ਜਿੰਦਗੀ ਤੇ ਕਈ ਤਰ੍ਹਾਂ ਦੀਆਂ ਸਮਾਜਿਕ ਅਤੇ ਨੈਤਿਕ ਪਾਬੰਦੀਆਂ ਹਨ ਪਰ ਜਿਸ ਤਰ੍ਹਾਂ ਅਸੀਂ ਜਿੰਦਗੀ ਜਿਉਂਣਾ ਚਾਹੁੰਦੇ ਹਾਂ, ਜਿੰਨਾਂ ਵੀ ਉਹਦੇ ਕੋਲ ਹੋਕੇ ਅਸੀਂ ਆਪਣਾ ਸਮਾਂ ਬਿਤਾ ਸਕੀਏ, ਸਾਡੀ ਖੁਸ਼ੀ ਵਿੱਚ ਵਾਧਾ ਹੁੰਦਾ ਹੈ।

ਅਸੀਂ ਕਈ ਵਾਰ ਸੋਚਦੇ ਹਾਂ: ਕਾਸ਼! ਮੈਂ ਇਨ੍ਹਾਂ ਜ਼ਿਆਦਾ ਸਖਤ ਕੰਮ ਨਾ ਕੀਤਾ ਹੁੰਦਾ:

ਅਸੀਂ ਆਪਣੀ ਜਿੰਦਗੀ ਵਿੱਚ 40, 60, 80 ਘੰਟੇ ਅਤੇ ਕਈ ਵਾਰ ਸੱਤੇ ਦਿਨ, ਇੱਕ ਤੋਂ ਜ਼ਿਆਦਾ ਨੌਕਰੀਆਂ ਕਰਕੇ ਪੈਸਾ ਕਮਾਉਣ ਲਈ ਭੰਬੀਰੀ ਵਾਂਗ ਘੁੰਮਦੇ ਰਹੇ ਹਾਂ। ਉਸ ਵੇਲੇ ਸ਼ਾਇਦ ਸਾਨੂੰ ਲੱਗਦਾ ਸੀ ਕਿ ਮੈਨੂੰ ਇਹ ਕੰਮ ਕਰਨੇ ਜ਼ਰੂਰੀ ਸਨ। ਨਾ ਤਾਂ ਅਸੀਂ ਆਪਣੀ ਸਿਹਤ ਬਾਰੇ ਫਿਕਰਮੰਦ ਸਾਂ ਅਤੇ ਨਾ ਹੀ ਇਸ ਗੱਲ ਬਾਰੇ ਕਿ ਆਪਣੀ ਪਤਨੀ, ਬੱਚਿਆਂ ਅਤੇ ਮਾਂ-ਬਾਪ ਨਾਲ ਕਿੰਨ੍ਹਾ ਕੁ ਸਮਾਂ ਬਿਤਾਉਣਾ ਚਾਹੀਦਾ ਸੀ। ਕੰਮ ਹੀ ਸਾਡੀ ਜਿੰਦਗੀ ਦੁਆਲੇ 24 ਘੰਟੇ ਗੇੜਾ ਕੱਢੀ ਜਾਂਦਾ ਸੀ। ਹੁਣ ਜਦ ਉਮਰ 60ਵਿਆਂ ਦੇ ਗੇੜ ਵਿੱਚ ਚਲੀ ਗਈ ਤਾਂ ਉਸ ਸਖਤ ਮਿਹਨਤ ਨੇ ਸਰੀਰ ਨੂੰ ਕਈ ਪਾਸਿਆਂ ਤੋਂ ਆ ਘੇਰਿਆ ਹੈ। ਉਸ ਪੈਸੇ ਲਈ ਅਸੀਂ ਆਪਣੀ ਸਿਹਤ ਨੂੰ ਕਈ ਤਰ੍ਹਾਂ ਦੇ ਰੋਗ ਲੁਆ ਲਏ ਹਨ। ਸਰੀਰ ਨੂੰ ਬਣਦਾ ਆਰਾਮ ਨਾ ਦੇ ਕੇ ਕਈ ਅਲਾਮਤਾਂ ਸਹੇੜ ਲਈਆਂ ਹਨ। ਇੱਕ ਵਧੀਆ ਜਿੰਦਗੀ ਜਿਉਂਣ ਦਾ ਸਮਾਂ ਅਜਾਈਂ ਗੁਆਚ ਗਿਆ ਹੈ। ਬੱਚਿਆਂ ਅਤੇ ਜੀਵਨ-ਸਾਥੀ ਨਾਲ ਸਮਾਂ ਨਾ ਬਿਤਾ ਸਕਣ ਕਾਰਨ, ਰਿਸ਼ਤਿਆਂ ਵਿੱਚ ਤਰੇੜਾਂ ਆ ਗਈਆਂ। ਇਹਨਾਂ ਤਰੇੜਾਂ ਕਰਕੇ ਸਰੀਰਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਨੇ ਆ ਘੇਰਿਆ। ਜ਼ਮੀਨਾਂ ਜਾਇਦਾਦਾਂ, ਕੋਠੀਆਂ ਖ੍ਰੀਦਣ ਦੇ ਚੱਕਰਾਂ ਨੇ ਸਰੀਰ ਦਾ ਬੁਰਾ ਹਾਲ ਕਰ ਮਾਰਿਆ ਅਤੇ ਇਹ ਸਾਰਾ ਧਨ ਦੌਲਤ ਹੁੰਦਿਆਂ ਵੀ ਇਨਸਾਨ ਉਹਨਾਂ ਨੂੰ ਮਾਣ ਨਹੀਂ ਸਕਦਾ। ਇਹਨਾਂ ਜ਼ਮੀਨਾਂ, ਜਾਇਦਾਦਾਂ ਅਤੇ ਧਨ-ਦੌਲਤ ਕਰਕੇ ਕਈ ਤਰ੍ਹਾਂ ਦੇ ਝਗੜਿਆਂ ਨੇ ਮਾਨਸਿਕ ਪ੍ਰੇਸ਼ਾਨੀਆਂ ਵਿੱਚ ਵਾਧਾ ਕਰ ਦਿੱਤਾ ਹੈ। ਜਿਹਨਾਂ ਰਿਸ਼ਤੇਦਾਰਾਂ ਲਈ ਇਨ੍ਹਾਂ ਕੁੱਝ ਕੀਤਾ ਸੀ, ਉਹਨਾਂ ਨੂੰ ਕਿਸੇ ਗੱਲ ਦਾ ਅਹਿਸਾਸ ਨਹੀਂ ਅਤੇ ਕਈ ਵਾਰ ਤਾਂ ਇਹ ਵੀ ਸੁਨਣਾਂ ਪੈਂਦਾ ਹੈ ਕਿ "ਤੈਨੂੰ ਅਕਲ ਚਾਹੀਦੀ ਸੀ, ਐਨਾਂ ਟੁੱਟ-ਟੁੱਟ ਕੇ ਮਰਨ ਦੀ ਕੀ ਲੋੜ ਸੀ?" ਨਾ ਤਾਂ ਜੁਆਨੀ ਵੇਲੇ ਜਿੰਦਗੀ ਦਾ ਲੁਤਫ ਲਿਆ ਜਾ ਸਕਿਆ ਅਤੇ ਨਾ ਹੀ ਹੁਣ ਢਲਦੀ ਉਮਰ ਵਿੱਚ ਕੋਈ ਸੁੱਖ ਆਰਾਮ ਮਿਲ ਸਕਿਆ, ਕਿਉਂਕਿ ਸਰੀਰਕ ਅਤੇ ਮਾਨਸਿਕ ਸਿਹਤ, ਕਈ ਅਲਾਮਤਾਂ ਕਰਕੇ ਇਜ਼ਾਜ਼ਤ ਨਹੀਂ ਦਿੰਦੀ। ਇਨਸਾਨ ਆਪਣੇ ਮੱਥੇ ਤੇ ਹੱਥ ਮਾਰਕੇ ਕਹਿੰਦਾ : "ਕਾਸ਼! ਮੈਂ ਜਿੰਦਗੀ ਦੀ ਖੁਸ਼ੀ ਨੂੰ ਮਾਣਿਆ ਹੁੰਦਾ ਅਤੇ ਇੰਨੀ ਸਖਤ ਮਿਹਨਤ ਨਾ ਕੀਤੀ ਹੁੰਦੀ।" ਪਰ ਹੁਣ ਸਿਰਫ ਪੱਲੇ ਪਛਤਾਵਾ ਹੀ ਰਹਿ ਜਾਂਦਾ ਹੈ। ਇਹ ਕਹਾਣੀ ਇਕੱਲੇ ਦੁਕੱਲੇ ਇਨਸਾਨ ਦੀ ਨਹੀਂ ਸਗੋਂ ਬਹੁਤ ਸਾਰੇ ਲੋਕਾਂ ਦੀ ਹੈ ਕਿ ਅਸੀਂ ਝੂਠੀ ਸ਼ਾਨ, ਝੂਠੀ ਮਾਣ ਮਰਿਆਦਾ, ਅਗਲੇ ਪਿਛਲੇ ਜਨਮਾਂ ਦੇ ਕਰਮ-ਕਾਡਾਂ ਅਤੇ ਝੂਠੀ-ਸ਼ੋਹਰਤ ਵਿੱਚ ਆਪਣੇ ਹੀ ਸਰੀਰ ਦਾ ਕਿਵੇਂ ਸੋਸ਼ਣ ਕੀਤਾ ਹੈ। ਆਪਣੇ ਆਪ ਨੂੰ ਝੂਠੀਆਂ ਤਸੱਲੀਆਂ ਦੇ ਕੇ ਭਾਵੇਂ ਅਸੀਂ ਲੋਕਾਂ ਨਾਲ ਗੱਲਾਂ ਕਰਦੇ ਰਹੀਏ ਪਰ ਸਾਡਾ ਮਨ ਰੋਂਦਾ ਹੈ ਕਿ ਜਿੰਦਗੀ ਨੂੰ ਹੋਰ ਵਧੀਆ ਤਰੀਕੇ ਨਾਲ ਜੀਆ ਜਾ ਸਕਦਾ ਸੀ।

ਬਰੋਨੀ ਵੇਅਰ ਦਾ ਕਹਿਣਾ ਹੈ ਕਿ ਉਹਨੇ ਜਿਨ੍ਹੇ ਵੀ ਮਰੀਜ਼ਾਂ ਨਾਲ ਗੱਲਬਤ ਕੀਤੀ ਹੈ, ਉਹਨਾਂ ਵਿਚੋਂ ਹਰ ਇੱਕ ਨੇ ਇਹ ਹੀ ਕਿਹਾ: ਕਾਸ਼! ਮੈਂ ਇਨ੍ਹੀ ਜ਼ਿਆਦਾ ਸਖਤ ਮਿਹਨਤ ਨਾ ਕੀਤੀ ਹੁੰਦੀ।" ਕੀ ਇਸ ਸਖਤ ਮਿਹਨਤ ਨੇ ਸਾਨੂੰ ਖੁਸ਼ੀ ਦਿੱਤੀ ਹੈ? ਇਹ ਗੱਲ ਈਮਾਨਦਾਰੀ ਨਾਲ ਸੋਚਣ ਵਾਲੀ ਹੈ। ਨਾਲ ਇਹ ਵੀ ਕਿ ਜ਼ਰੂਰੀ ਕੀ ਸੀ : ਇਨ੍ਹਾਂ ਜ਼ਿਆਦਾ ਕੰਮ ਕਰਨਾਂ ਜਾਂ ਜਿਉਣ ਦਾ ਇੱਕ ਵੱਖਰਾ ਅੰਦਾਜ਼? ਥੋੜੀ ਜਿਹੀ ਤਬਦੀਲੀ ਨਾਲ ਜਿੰਦਗੀ ਨੂੰ ਸਾਂਵੀ-ਪੱਧਰੀ ਅਤੇ ਖੁਸ਼ੀਆਂ ਖੇੜਿਆਂ ਨਾਲ ਭਰਪੂਰ ਬਣਾਇਆ ਜਾ ਸਕਦਾ ਸੀ। ਇਸ ਸਾਰੇ ਕਾਸੇ ਦੇ ਦੋਸ਼ੀ ਅਸੀਂ ਆਪ ਹਾਂ।

ਅਸੀਂ ਇਹ ਵੀ ਸੁਣਦੇ ਹਾਂ ਕਿ: **ਕਾਸ਼! ਮੇਰੇ ਵਿੱਚ ਆਪਣੀਆਂ ਭਾਵਨਾਵਾਂ ਇਜ਼ਹਾਰ ਕਰਨ ਦਾ ਹੌਂਸਲਾ ਹੁੰਦਾ।**

ਅਸੀਂ ਕਈ ਵਾਰ ਚੁੱਪ ਕਰ ਰਹਿੰਦੇ ਹਾਂ ਕਿ ਅਗਰ ਮੈਂ ਸੱਚ ਬੋਲ ਦਿੱਤਾ ਕਿ ਮੈਂ ਕਿਵੇਂ ਮਹਿਸੂਸ ਕਰਦਾਂ ਤਾਂ ਸ਼ਾਂਤੀ ਭੰਗ ਹੋ ਜਾਵੇਗੀ। ਸਾਨੂੰ ਇਹ ਵੀ ਕਿਹਾ ਜਾਂਦਾ ਕਿ : ਇਸ ਗੱਲ ਬਾਰੇ ਇੰਨਾਂ ਜ਼ਿਆਦਾ ਭਾਵਨਾਤਮਕ ਨਹੀਂ ਹੋਣਾ ਚਾਹੀਦਾ। ਜਾਂ ਆਪਣੀਆਂ ਭਾਵਨਾਵਾਂ ਨੂੰ ਆਪਣੇ ਤੇ ਹਾਵੀ ਨਾ ਹੋਣ ਦਿਉ। ਪਰ ਇਮਾਨਦਾਰੀ ਵਾਲੀ ਗੱਲ ਇਹ ਹੈ ਕਿ ਭਾਵਨਾਵਾਂ ਸਾਡਾ ਆਪਣਾ ਜ਼ਾਤੀ ਸੱਚ ਹੈ। ਅਸੀਂ ਕਿਸੇ ਗੱਲ ਬਾਰੇ ਕਿਵੇਂ ਮਹਿਸੂਸ ਕਰਦੇ ਹਾਂ। ਉਹ ਸਾਡਾ ਆਪਣਾ ਸੱਚ ਹੈ। ਸਾਡੇ ਇਸ ਨਜ਼ਰੀਏ ਬਾਰੇ ਹੋਰਾਂ ਦਾ ਕੀ ਪ੍ਰਤੀਕਰਮ ਹੈ, ਉਹ ਮੇਰੇ ਵਸ ਵਿੱਚ ਨਹੀਂ ਹੈ। ਪਰ ਕਿਸੇ ਗੱਲ ਬਾਰੇ ਮੇਰਾ ਪ੍ਰਤੀਕਰਮ ਕੀ ਹੈ, ਉਹ ਮੇਰੇ ਵਸ ਵਿੱਚ ਹੈ। ਇਹਦਾ ਮਤਲਬ ਇਹ ਵੀ ਨਹੀਂ ਕਿ ਤੁਸੀਂ ਭਾਵਨਾਵਾਂ ਦੇ ਵਹਿਣ ਵਿੱਚ ਹਰ ਕਿਸੇ ਨਾਲ ਮਿਲਣ ਤੇ ਰੋਣਾ ਸ਼ੁਰੂ ਕਰ ਦਿਉ ਜਾਂ ਕਿਸੇ ਅਹਿਮ ਇਕੱਠ ਵਿੱਚ ਧਾਹਾਂ ਮਾਰਨੀਆਂ ਸ਼ੁਰੂ ਕਰ ਦਿਉ। ਪਰ ਜੇਕਰ ਇਹਨਾਂ ਪ੍ਰਬਲ ਭਾਵਨਾਵਾਂ ਨੂੰ ਹਾਂ-ਪੱਖੀ ਰੋਲ ਵਿੱਚ ਢਾਲ ਕੇ ਕੋਈ ਨਰੋਈ ਤਬਦੀਲੀ ਲਿਆਂਦੀ ਜਾ ਸਕੇ ਤਾਂ ਇਸ ਗੱਲ ਦਾ ਸਾਡੀ ਜਿੰਦਗੀ ਤੇ ਹਾਂ ਪੱਖੀ ਪ੍ਰਭਾਵ ਪਵੇਗਾ। ਕਿਸੇ ਨਾਲ ਹੋ ਰਿਹਾ ਧੱਕਾ, ਬੇਇਨਸਾਫੀ ਜਾਂ ਜ਼ੁਲਮ ਨੂੰ ਭਾਵਨਾਵਾਂ ਦੀ ਚਾਸ਼ਣੀ ਵਿੱਚ ਡੋਬ ਕੇ ਕਿਸੇ ਦੀ ਜਿੰਦਗੀ ਦੇ ਵਹਾ ਨੂੰ ਬਦਲਿਆ ਜਾ ਸਕਦਾ ਹੈ ਜਾਂ ਕਿਸੇ ਨੂੰ ਹੋ ਰਹੇ ਧੱਕਿਆਂ ਬਾਰੇ ਸਮਝਾਇਆ ਜਾ ਸਕਦਾ ਹੈ ਕਿ ਸਾਡੀ ਨੈਤਿਕਤਾ ਕਿੱਥੇ ਖੜਦੀ ਹੈ। ਦੁਨੀਆਂ ਦੀਆਂ ਮਹਾਨ ਹਸਤੀਆਂ ਦੀਆਂ ਸੂਖਮ ਭਾਵਨਾਵਾਂ ਅਤੇ ਅਹਿਸਾਸ ਸਨ ਜਿਹਨਾਂ ਕਰਕੇ ਉਹਨਾਂ ਆਪਣੀਆਂ ਜਿੰਦਗੀਆਂ ਕੁਰਬਾਨ ਕਰ ਦਿੱਤੀਆਂ ਅਤੇ ਕਈ ਤਰ੍ਹਾਂ ਦੇ ਜ਼ੁਲਮ ਸਹਾਰੇ ਤਾਂ ਕਿ ਦੁਨੀਆਂ ਦੇ ਲੋਕਾਂ ਦਾ ਭਲਾ ਹੋ ਸਕੇ ਅਤੇ ਉਹ ਖੁਸ਼ਹਾਲ, ਨਰੋਇਆ ਅਤੇ ਤੰਦਰੁਸਤ ਜੀ ਕੇ, ਭਰਪੂਰ ਖੁਸ਼ੀਆਂ ਦਾ ਆਨੰਦ ਮਾਣ ਸਕਣ। ਉਹਨਾਂ ਦਾ ਆਪਣਾ ਸੁਆਰਥ ਨਾ ਹੋ ਕੇ ਉਹਨਾਂ ਦੇ ਮਨਾਂ ਵਿੱਚ ਲੋਕਾਈ ਲਈ ਦਰਦ ਸੀ ਅਤੇ ਉਸ ਦਰਦ ਨੂੰ ਉਹਨਾਂ ਆਪਣੇ ਕੰਮਾਂ ਉਪਦੇਸ਼ਾਂ ਅਤੇ ਲਿਖਤਾਂ ਰਾਹੀ ਲੋਕਾਂ ਤੱਕ ਪਹੁੰਚਾਇਆ ਕਿ ਧੱਕਾ ਕਰਨ ਵਾਲਿਆਂ ਦਾ ਵਿਰੋਧ ਕੀਤਾ ਜਾਵੇ। ਇਹ ਉਹਨਾਂ ਮਹਾਨ ਲੋਕਾਂ ਦੀਆਂ ਹੀ ਘਾਲਣਾਂ ਹਨ ਕਿ ਅਸੀਂ ਦਿਨੋ ਦਿਨ ਚੰਗੀ ਜਿੰਦਗੀ ਮਾਣ ਰਹੇ ਹਾਂ। ਇਸੇ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੀ ਗਲ ਨੂੰ ਦਬਾ ਕੇ ਨਾ ਰੱਖੀਏ, ਹੋ ਸਕਦਾ ਕਿ ਬਾਅਦ ਵਿੱਚ ਅਸੀਂ ਸਾਰੀ ਉਮਰ ਪਛਤਾਉਂਦੇ ਰਹੀਏ ਕਿ ਅਗਰ ਮੈਂ ਉਸ ਵਕਤ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ ਹੁੰਦਾ ਤਾਂ ਅਨਰਥ ਹੋਣੋਂ ਬਚਾ ਹੋ ਜਾਂਦਾ। ਢੁੱਕਵੇ ਸਮੇਂ ਤੇ ਸਹੀ ਕਹੀ ਗੱਲ, ਕਈ ਤਰ੍ਹਾਂ ਦੀਆਂ ਬੇਇਨਸਾਫੀਆਂ ਨੂੰ ਰੋਕ ਸਕਦੀ ਹੈ ਅਤੇ ਫਿਰ ਸਾਨੂੰ ਇਸ ਗੱਲ ਦਾ ਸਾਰੀ ਉਮਰ ਦੁੱਖ ਵੀ ਨਹੀਂ ਰਹੇਗਾ ਕਿ ਮੈਂ ਚੁੱਪ ਕਿਉਂ ਰਿਹਾ।

**ਬਹੁਤ ਸਾਰੇ ਲੋਕਾਂ ਨੂੰ ਇਸ ਗੱਲ ਦਾ ਝੋਰਾ ਰਿਹਾ: ਕਾਸ਼! ਮੈਂ ਆਪਣੇ ਦੋਸਤਾਂ ਨਾਲ ਸੰਪਰਕ ਬਣਾਈ ਰੱਖਦਾ।**

ਜਦ ਅਸੀਂ ਆਪਣੇ ਕੰਮਾਂ ਕਾਰਾਂ ਵਿੱਚ ਹੀ ਇੰਨੇ ਜ਼ਿਆਦਾ ਮਸਰੂਫ ਹੋ ਜਾਂਦੇ ਤਾਂ ਆਪਣੇ ਦੋਸਤਾਂ ਨਾਲ ਸੰਪਰਕ ਤੋੜ ਬੈਠਦੇ ਹਾਂ। ਪਰ ਦੇਖਣ ਵਿੱਚ ਆਇਆ ਹੈ ਕਿ ਦੋਸਤਾਂ ਨਾਲ ਮੇਲ਼-ਜੋਲ਼ ਜਿੰਦਗੀ ਨੂੰ ਇੱਕ ਮਤਲਬ ਦਿੰਦਾ ਹੈ। ਇਹ ਭਾਵੇਂ ਸਾਨੂੰ ਕੰਮ ਵਿੱਚ ਤਰੱਕੀਆਂ ਤਾਂ ਨਾ ਦੇਵੇ ਅਤੇ ਨਾ ਹੀ ਤਨਖਾਹ ਵਿੱਚ ਵਾਧਾ ਕਰੇ ਪਰ ਸਾਡੀ ਖੁਸ਼ੀ, ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹੈ। ਆਪਣੀਆਂ ਯਾਦਾਂ ਅਤੇ ਤਜ਼ਰਬਿਆਂ ਨੂੰ ਸਾਂਝਾ ਕਰਨ ਨਾਲ ਮਨ ਖੁਸ਼

ਹੁੰਦਾ ਹੈ ਅਤੇ ਅਸੀਂ ਭਰਿਆ-ਭਰਿਆ ਮਹਿਸੂਸ ਕਰਦੇ ਹਾਂ। ਜ਼ਿੰਦਗੀ ਦਾ ਖਲਾਅ, ਟੀ. ਵੀ., ਫਿਲਮਾਂ ਅਤੇ ਵੀਡੀਉ ਗੇਮਜ਼ ਨਹੀਂ ਪੂਰਾ ਕਰ ਸਕਦੀਆਂ, ਇਹਨਾਂ ਦੀ ਆਪਣੀ ਅਹਿਮੀਅਤ ਹੈ। ਪਰ ਮਿੱਤਰ ਪਿਆਰਿਆਂ ਨਾਲ ਮੇਲ-ਜੋਲ, ਦੁੱਖ-ਸੁੱਖ ਸਾਂਝਾ ਕਰਨ ਵਿੱਚ ਮੱਦਦ ਕਰਦਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਦੋਸਤਾਂ ਨੂੰ ਫੋਨ, ਚਿੱਠੀ ਜਾਂ ਟੈਕਸਟ ਕਰਦੇ ਰਹੀਏ ਕਿ ਅਸੀਂ ਉਹਨਾਂ ਬਾਰੇ ਸੋਚਦੇ ਹਾਂ ਅਤੇ ਉਹਨਾਂ ਨੂੰ ਯਾਦ ਕਰਦੇ ਹਾਂ। ਸਾਡਾ ਉਹਨਾਂ ਨਾਲ ਸੰਪਰਕ ਸਾਨੂੰ ਕਿਹੋ ਜਿਹਾ ਅਹਿਸਾਸ ਦਿੰਦਾ ਹੈ ਅਤੇ ਜਦ ਅਸੀਂ ਉਹਨਾਂ ਨਾਲ ਕਿਸੇ ਵੀ ਤਰੀਕੇ ਨਾਲ ਤਾਰ ਜੋੜਦੇ ਹਾਂ ਤਾਂ ਉਹਨਾਂ ਨੂੰ ਕਿਹੋ ਜਿਹਾ ਮਹਿਸੂਸ ਹੁੰਦਾ ਹੈ ਕਿ ਕੋਈ ਮੇਰੀ ਪ੍ਰਵਾਹ ਕਰਦਾ ਹੈ, ਕਿਸੇ ਨੂੰ ਮੇਰੀ ਚਿੰਤਾ ਹੈ। ਇਸ ਸਾਰੀ ਕ੍ਰਿਆ ਵਿੱਚ ਅਸੀਂ ਕੁੱਝ ਵੀ ਤਾਂ ਨਹੀਂ ਗੁਆਉਂਦੇ। ਸੰਪਰਕ ਨਾ ਰੱਖਣ ਨਾਲ ਕਈ ਤਰ੍ਹਾਂ ਦੇ ਸ਼ੰਕੇ, ਇਤਰਾਜ, ਗਿਲੇ ਪਨਪ ਸਕਦੇ ਹਨ ਅਤੇ ਅਗਰ ਅਸੀਂ ਉਸ ਮਿੱਤਰ ਪਿਆਰੇ, ਨੂੰ ਸਦਾ ਲਈ ਗੁਆ ਬੈਠੀਏ ਤਾਂ ਅਸੀਂ ਸਾਰੀ ਉਮਰ ਪਛਤਾਉਂਦੇ ਰਹਾਂਗੇ ਕਿ ਮੈਂ ਨਿਰੰਤਰ ਸੰਪਰਕ ਕਿਉਂ ਨਾ, ਬਣਾਈ ਰੱਖਿਆ। **ਅਸੀਂ ਅਕਸਰ ਸੁਣਦੇ ਹਾਂ ਕਿ: ਕਾਸ਼ ! ਮੈਂ ਆਪਣੇ ਆਪ ਨੂੰ ਖੁਸ਼ ਰੱਖ ਸਕਦਾ।**

ਇਹ ਸੱਚਾਈ ਹੈ ਕਿ ਚੰਗੀ ਕਾਰ, ਤੁਹਾਡੀ ਨੌਕਰੀ ਅਤੇ ਇੱਥੋਂ ਤੱਕ ਕਿ ਤੁਹਾਡਾ ਜੀਵਨ-ਸਾਥੀ ਵੀ ਥੋੜਾ-ਚਿਰ ਖੁਸ਼ੀ ਦੇ ਸਕਦੇ ਹਨ ਪਰ ਅਸਲੀਅਤ ਇਹ ਹੈ ਕਿ ਖੁਸ਼ ਰਹਿਣਾ ਸਾਡੇ ਆਪਣੇ ਵਸ ਵਿੱਚ ਹੈ। ਇਹਦੀ ਚੋਣ ਅਸੀਂ ਆਪ ਕਰਦੇ ਹਾਂ। ਇਹ ਸਾਡਾ ਘਟਨਾਵਾਂ ਵੱਲ ਇੱਕ ਨਜ਼ਰੀਆ ਹੈ। ਕਿਸੇ ਅਚਾਨਕ ਵਾਰਦਾਤ ਨੂੰ ਅਸੀਂ ਇੱਕ ਪਿਛਾਂਹ ਲਿਜਾਣ ਵਾਲਾ ਵਰਤਾਰਾ ਵੀ ਸਮਝ ਸਕਦੇ ਹਾਂ ਜਾਂ ਇੱਕ ਜਦੋ-ਜਹਿਦ ਦਾ ਨਾਂ ਦੇ ਸਕਦੇ ਹਾਂ ਕਿ ਮੈਂ ਇਹਦੇ ਨਾਲ ਚਾਰ ਹੱਥ ਕਰਾਂਗਾ। ਉਦਾਹਰਣ ਦੇ ਤੌਰ ਤੇ ਅਗਰ ਕਿਸੇ ਕਾਰਨ ਕਰਕੇ ਕੋਈ ਦੇਰੀ ਕਰ ਬੈਠਦਾ ਹੈ ਜਾਂ ਅਸੀਂ ਇੰਤਜ਼ਾਰ ਕਰਦੇ ਹਾਂ ਅਤੇ ਇਹ ਇੰਤਜ਼ਾਰ ਮਿਥੇ ਜਾਂ ਦਿੱਤੇ ਸਮੇਂ ਤੋਂ ਜ਼ਿਆਦਾ ਹੋ ਗਈ ਹੈ, ਅਸੀਂ ਇਹਨੂੰ ਚਿੰਤਾ, ਫਿਕਰ ਜਾਂ ਗੁੱਸੇ ਵਿੱਚ ਲੈ ਕੇ ਆਪਣੇ ਆਪ 'ਚ ਉਬੱਲ ਸਕਦੇ ਹਾਂ ਜਾਂ ਇਸ ਸਮੇਂ ਵੇਲੇ ਇਹ ਨਜ਼ਰੀਆਂ ਲਿਆ ਜਾ ਸਕਦਾ ਕਿ ਮੈਨੂੰ ਇਕੱਲੇ ਨੂੰ ਬੇਫਿਕਰੀ ਨਾਲ ਸਮਾਂ ਬਤਾਉਣ ਦਾ ਮੌਕਾ ਮਿਲ ਗਿਆ ਹੈ ਅਤੇ ਮੈਂ ਇਸ ਸਮੇਂ ਦਾ ਆਨੰਦ ਮਾਣ ਸਕਦਾ ਹਾਂ। ਕਿਸੇ ਨੂੰ ਇਸ ਕਰਕੇ ਅਸੀਂ ਨਫ਼ਰਤ ਕਰੀਏ ਜਾਂ ਫੂਕਾਂ ਮਾਰਦੇ ਫਿਰੀਏ ਕਿ ਉਹ ਇਨਸਾਨ ਉਹੋ ਜਿਹਾ ਨਹੀਂ ਹੈ ਜਿਹੋ ਜਿਹਾ ਮੈਂ ਚਾਹੁੰਦਾ ਹਾਂ ਕਿ ਉਹ ਹੋਵੇ, ਸਗੋਂ ਨਜ਼ਰੀਆਂ ਇਹ ਹੋਣਾ ਚਾਹੀਦਾ ਕਿ ਉਹ ਇਨਸਾਨ ਜਿਹੋ ਜਿਹਾ ਵੀ ਹੈ, ਉਹਨੂੰ ਮੈਂ ਸਵੀਕਾਰਾਂ ਅਤੇ ਉਹਦੇ ਨਾਲ ਪਿਆਰ ਭਰਿਆ ਵਤੀਰਾ ਕਰਾਂ।

ਸਾਨੂੰ ਆਪਣਿਆਂ ਤਜ਼ਰਬਿਆਂ, ਪੜ੍ਹਾਈ ਅਤੇ ਸਿਆਣਿਆਂ ਦੀਆਂ ਕੀਤੀਆਂ ਗਲਤੀਆਂ ਤੋਂ ਸਿੱਖਣਾ ਚਾਹੀਦਾ ਹੈ ਨਾ ਕਿ ਉਹਨਾਂ ਗਲਤੀਆਂ ਨੂੰ ਦੁਹਰਾਇਆ ਜਾਵੇ। ਸਾਡੇ ਮਨ ਦੀ ਖੁਸ਼ੀ, ਸਾਡੀ ਸਫਲਤਾ ਅਤੇ ਇੱਥੋਂ ਤੱਕ ਕਿ ਜ਼ਿੰਦਗੀ ਦਾ ਹਰ ਪਹਿਲੂ ਇਸ ਗਲ ਤੇ ਨਿਰਭਰ ਹੈ ਕਿ ਅਸੀਂ ਆਪਣਾ ਨਜ਼ਰੀਆ ਕਿਹੋ ਜਿਹਾ ਰੱਖਿਆ ਹੈ। ਸਾਨੂੰ ਫੈਸਲਾ ਕਰਨਾ ਚਾਹੀਦਾ ਹੈ ਕਿ ਮੈਂ ਜ਼ਿੰਦਗੀ ਵੱਲ ਕਿਹੋ ਜਿਹਾ ਵਰਤਾਵ ਕਰਨਾ ਹੈ ਤਾਂ ਕਿ ਜ਼ਿੰਦਗੀ ਦੇ ਆਖਰੀ ਦਿਨਾਂ ਵਿੱਚ ਇਹ ਪਛਤਾਵਾ ਨਾ ਰਹੇ ਕਿ ਮੈਂ ਇਹਦੇ ਬਾਰੇ ਵੱਖਰੀ ਤਰ੍ਹਾਂ ਸੋਚ ਸਕਦਾ ਸੀ।

ਸਫਲਤਾ ਨੂੰ ਘੋਖਦਿਆਂ ਇਹਦੇ ਕਈ ਪੱਖਾਂ ਵਾਰੇ ਜਾਣਿਆ ਜਾ ਸਕਦਾ ਹੈ। ਤੁਸੀਂ ਆਪਣੀ ਨੌਕਰੀ, ਜਾਂ ਜੋ ਵੀ ਕਰ ਰਹੇ ਹੋ, ਉਹਦੇ ਵਿੱਚ ਸਫ਼ਲ ਹੋ ਜਾਂ ਤੁਸੀਂ ਆਪਣੀ ਹੌਬੀ ਜਾਂ ਸ਼ੌਕ ਵਿੱਚ ਮੱਲ੍ਹਾਂ ਮਾਰ ਰਹੇ ਹੋ ਅਤੇ ਜਾਂ ਤੁਹਾਡਾ ਵਿਆਹ ਬਹੁਤ ਸੁਖ ਆਰਾਮਦਾਇਕ ਅਤੇ ਸਫਲ ਹੈ। ਕੋਈ ਵੀ ਸਫਲਤਾ ਹੋਵੇ ਪਰ ਇਹਨਾਂ ਸਭ ਸਫਲਤਾਵਾਂ ਦੇ ਪਿੱਛੇ ਇੱਕ ਗਲ ਜ਼ਰੂਰ ਕੰਮ ਕਰਦੀ ਹੈ ਕਿ ਸਫਲ ਲੋਕਾਂ ਦੇ ਮਨਾਂ ਵਿੱਚ ਸਫਲ ਹੋਣ ਦੀ ਤੜਪ ਅਤੇ ਤੀਬਰ ਇੱਛਾ ਇੰਨੀ ਜ਼ਿਆਦਾ ਪ੍ਰਬਲ ਹੁੰਦੀ ਹੈ ਕਿ ਉਹਨਾਂ ਦੇ ਰਾਹਾਂ ਵਿੱਚ ਜਿੰਨੀਆਂ ਵੀ ਮਰਜ਼ੀ ਅੜਚਣਾ ਆ ਜਾਣ, ਉਹ ਉੱਨੀ ਦੇਰ ਤਕ ਚੈਨ ਨਾਲ ਨਹੀਂ ਬੈਠਦੇ ਜਿੰਨ੍ਹੀ ਦੇਰ ਮੰਜ਼ਿਲ ਤੱਕ ਨਾ ਪਹੁੰਚ ਸਕਣ। ਕਈ ਵਾਰ ਸਫਲ ਲੋਕਾਂ ਦੀਆਂ ਜੀਵਨੀਆਂ ਜਾਂ ਖ਼ਾਕੇ ਲਿਖਣ ਵਾਲੇ ਇਹੋ ਜਿਹੀ ਤਸਵੀਰ ਪੇਸ਼ ਕਰਦੇ ਹਨ ਕਿ ਬੱਸ ਉਹ ਸਿੱਧੇ-ਸਤੀਰ ਮੰਜ਼ਲ ਤੱਕ ਪਹੁੰਚ ਗਏ ਸਨ। ਪਰ ਸੱਚਾਈ ਇਹ ਹੈ ਕਿ ਚਾਹੇ ਉਹ ਸਫਲ ਲੋਕ, ਵਿਉਪਾਰੀ, ਸਾਇੰਸਦਾਨ, ਲੇਖਕ, ਐਕਟਰ ਜਾਂ ਖਿਡਾਰੀ ਸਨ, ਜ਼ਿੰਦਗੀ ਵਿੱਚ ਬਹੁਤ ਵਾਰੀ ਫੇਲ੍ਹ ਹੋਏ ਸਨ। ਪਰ ਉਹਨਾਂ ਕਦੇ ਹੌਸਲਾ ਨਹੀਂ ਸੀ ਛੱਡਿਆ। ਉਹ ਵਾਰ-ਵਾਰ ਫੇਲ੍ਹ ਹੁੰਦੇ ਰਹੇ ਅਤੇ ਇਸ ਤੋਂ ਸਿੱਖਦੇ ਰਹੇ ਪਰ ਦ੍ਰਿੜਤਾ ਨਾਲ ਫਿਰ ਉੱਠ ਕੇ ਕੋਸ਼ਿਸ਼ਾਂ ਕਰਦੇ ਰਹੇ, ਜਦ ਤਕ ਮੰਜ਼ਲਾਂ ਜਾਂ ਟੀਚਾ ਹਾਸਿਲ ਨਾ ਕਰ ਲਿਆ। ਜੇਕਰ ਅਸੀਂ ਜ਼ਿੰਦਗੀ ਵਿੱਚ ਖੁਸ਼ੀ ਅਤੇ ਸਫਲਤਾ ਲੈਣੀ ਚਾਹੁੰਦੇ ਹਾਂ ਤਾਂ ਇਸ ਗੱਲ ਨੂੰ ਪੱਲ੍ਹੇ ਬੰਨ ਲਈਏ ਕਿ ਅਸੀਂ ਡਿੱਗ-ਡਿੱਗ ਕੇ ਹੀ ਜੁਆਨ ਹੋਵਾਂਗੇ। ਸਗੋਂ ਸੱਚਾਈ ਤਾਂ ਇਹ ਹੈ ਕਿ ਜਦ ਅਸੀਂ ਫੇਲ੍ਹ ਹੋ ਜਾਂਦੇ ਤਾਂ ਦੁਆਰਾ ਫਿਰ ਹੋਰ ਜ਼ਿਆਦਾ ਮਿਹਨਤ ਨਾਲ ਕੋਸ਼ਿਸ਼ ਕਰਦੇ ਹਾਂ। ਇਹ ਫੇਲ੍ਹ ਹੋਏ ਲੋਕ ਇਹਦੀ ਜ਼ੁੰਮੇਵਾਰੀ ਆਪਣੇ ਸਿਰ ਲੈਂਦੇ ਹਨ ਨਾ ਕਿ ਆਪਣੀਆਂ ਕਮਜ਼ੋਰੀਆਂ ਦਾ ਕਿਸੇ ਹੋਰ ਨੂੰ ਦੋਸ਼ੀ ਬਣਾਉਂਦੇ ਹਨ। ਆਉ ਸੰਖੇਪ ਵਿੱਚ ਕੁੱਝ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਤੇ ਝਾਤੀ ਮਾਰੀਏ।

**ਹੈਨਰੀਫੋਰਡ** :- ਫੋਰਡ ਮੋਟਰ-ਕੰਪਨੀ ਦੇ ਕਰਤਾ-ਧਰਤਾ ਹੈਨਰੀ ਫੋਰਡ ਨੂੰ ਜ਼ਿੰਦਗੀ ਵਿੱਚ ਕਈ ਅਸਫਲਤਾਵਾਂ ਦਾ ਮੂੰਹ ਦੇਖਣਾ ਪਿਆ ਸੀ। ਜਦ ਉਹਨੇ ਮੋਟਰਕਾਰ ਬਨਾਉਣੀ ਸ਼ੁਰੂ ਕੀਤੀ ਤਾਂ ਡੇਢ ਸਾਲ ਬਾਅਦ ਹੀ ਅਸਫਲ ਹੋ ਗਿਆ ਅਤੇ ਉਹਦੀ ਕੰਪਨੀ ਨੂੰ ਪੈਸੇ ਦੇਣ ਵਾਲੇ ਸ਼ਾਹੂਕਾਰਾਂ ਪੈਸੇ ਦੇਣੇ ਬੰਦ ਕਰ ਦਿੱਤੇ। ਫਿਰ ਹੈਨਰੀਫੋਰਡ ਨੇ ਕੁੱਝ ਪੈਸੇ ਇਕੱਠੇ ਕਰਕੇ ਅਤੇ ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਦੋਬਾਰਾ ਕਾਰ-ਕੰਪਨੀ ਖੋਹਲੀ ਪਰ ਸਾਲ ਬਾਅਦ ਹੀ ਕੰਮ ਠੱਪ ਹੋ ਗਿਆ। ਹੁਣ ਸਾਰੀ ਮੋਟਰ ਇੰਡਸਟਰੀ ਨੂੰ ਉਹਦੇ ਤੋਂ ਯਕੀਨ ਉੱਡ ਗਿਆ ਸੀ ਅਤੇ ਕੋਈ ਵੀ ਸ਼ਾਹੂਕਾਰ ਉਹਨੂੰ ਪੈਸੇ ਦੇਣ ਲਈ ਤਿਆਰ ਨਹੀਂ ਸੀ ਪਰ ਉਹਨੇ ਹੌਂਸਲਾ ਨਾ ਛੱਡਿਆ ਅਤੇ ਇੱਕ ਸ਼ਾਹੂਕਾਰ ਨੂੰ ਪੈਸੇ ਦੇਣ ਲਈ ਮਨਾ ਲਿਆ। ਬੱਸ ਫਿਰ ਕੀ ਸੀ, ਉਹਦੀ ਕੰਪਨੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਲੱਗ ਪਈ ਅਤੇ ਅੱਜ ਤੱਕ ਫੋਰਡ ਮੋਟਰ ਇੰਡਸਟਰੀ ਦਾ ਆਪਣਾ ਨਾਂ ਹੈ।

**ਵਾਲਟ ਡਿਸਨੀ** : ਜੋ ਬਹੁਤ ਵੱਡਾ ਉਦਯੋਗਪਤੀ ਹੈ ਜਿਹਨੇ ਕਈ ਥੀਮ ਪਾਰਕ ਅਤੇ ਫਿਲਮੀ ਸਟੂਡਿਓ ਵੀ ਬਣਾਏ ਹੋਏ ਹਨ, ਆਪਣੀ ਜ਼ਿੰਦਗੀ ਵਿੱਚ ਬਹੁਤ ਵਾਰ ਅਸਫਲ ਹੋਇਆ ਸੀ। ਵਾਲਟ ਨੂੰ ਕੇਨਸਾਸ ਸਿਟੀ ਸਟਾਰ ਨਿਊਜ਼ਪੇਪਰ ਚੋਂ ਕੱਢ ਦਿੱਤਾ ਗਿਆ ਸੀ ਕਿ ਉਹ ਵੱਖਰੀ ਤਰ੍ਹਾਂ ਸੋਚ ਨਹੀਂ ਸੀ ਸਕਦਾ। 1922 ਵਿੱਚ ਉਹਨੇ ਆਪਣੀ ਕੰਪਨੀ ਲਾਫ-ਓ-ਗਰਾਮ ਖੋਹਲੀ, ਜੋ ਕਾਰਟੂਨ ਅਤੇ ਫਿਲਮਾਂ ਲਈ ਇਸ਼ਤਿਹਾਰਬਾਜ਼ੀ ਕਰਿਆ ਕਰਦੀ ਸੀ ਪਰ 1923 ਵਿੱਚ ਹੀ ਇਸ ਕੰਪਨੀ ਦਾ ਦਵਾਲ਼ਾ ਨਿਕਲ ਗਿਆ। ਫਿਰ ਵੀ ਵਾਲਟ ਡਿਸਨੀ ਨੇ ਹੌਂਸਲਾ ਨਾ ਹਾਰਿਆ। ਕੇਨਸਾਸ ਸ਼ਹਿਰ ਛੱਡ ਕੇ ਹੌਲੀਵੁੱਡ ਚਲਾ ਗਿਆ ਜਿੱਥੇ ਜਾ ਕੇ ਉਹਨੇ 'ਦਾ ਵਾਲਟ ਡਿਸਨੀ ਕੰਪਨੀ' ਖੋਹਲੀ ਜੋ ਹੁਣ ਤਕ ਚੜ੍ਹਦੀਆਂ ਕਲਾਂ ਵਿੱਚ ਹੈ।

**ਰਿਚਰਡਬਰਾਨਸਨ** : ਵਰਜ਼ਨ ਏਅਰਲਾਇਨ, ਰੇਲਵੇ, ਵਰਜ਼ਨ ਐਟਲਾਂਟਿਕ, ਵਰਜ਼ਨ ਮਿਊਜ਼ਿਕ, ਅਤੇ ਵਰਜ਼ਨ ਐਕਟਿਵ ਦਾ ਮਾਲਕ ਇੱਕ ਬਹੁਤ ਹੀ ਜ਼ਿਆਦਾ ਸਫਲ ਵਿਉਪਾਰੀ ਹੈ। ਪਰ ਜਦ ਉਹ 16 ਸਾਲ ਦਾ ਸੀ ਤਾਂ ਉਹਨੂੰ ਸਕੂਲ ਤੋਂ ਕੱਢ ਦਿੱਤਾ ਗਿਆ ਸੀ ਅਤੇ ਉਹਨੇ ਇੱਕ ਵਿਦਿਆਰਥੀਆਂ ਲਈ ਮੈਗਜ਼ੀਨ ਸ਼ੁਰੂ ਕੀਤਾ ਜਿਹਦੇ ਵਿੱਚ ਉਹ ਸਫਲ ਨਾ ਹੋ ਸਕਿਆ। ਫਿਰ ਉਹਨੇ ਡਾਕ ਰਾਹੀਂ ਰਿਕਾਰਡ ਵੇਚਣ ਦਾ ਵਿਉਪਾਰ ਸ਼ੁਰੂ ਕੀਤਾ

ਜੋ ਚੱਲ ਪਿਆ ਅਤੇ ਇਸ ਤੋਂ ਬਾਅਦ ਉਹਨੇ ਰਿਕਾਰਡਾਂ ਦੀ ਵਰਜ਼ਨ ਨਾਂ ਦੀ ਦੁਕਾਨ ਖੋਹਲ ਲਈ। ਭਾਵੇਂ ਉਹ ਅੱਜ ਸਫਲ ਵਿਉਪਾਰੀ ਹੈ ਪਰ ਵਰਜ਼ਨ-ਕੋਲਾ, ਵਰਜ਼ਨ-ਵੋਦਕਾ, ਵਰਜ਼ਨ-ਕਲੋਥਮ, ਵਰਜ਼ਨ-ਵਾਈ ਅਤੇ ਵਰਜ਼ਨ-ਕਾਰਡਜ਼ ਦੇ ਵਿਉਪਾਰਾਂ ਵਿੱਚ ਅਸਫਲ ਰਿਹਾ ਸੀ।

**ਉਪਰਾ ਵਿਨਫਰੇਅ** : ਅਮਰੀਕਾ ਦੇ ਟੀ. ਵੀ. ਮੀਡੀਏ ਵਿੱਚ ਉਪਰਾ ਨੂੰ ਪਹਿਲੇ ਨੰਬਰ ਦੀ ਮਸ਼ਹੂਰ ਔਰਤ ਮੰਨਿਆ ਜਾਂਦਾ ਹੈ ਜੋ ਕਿ ਇੱਕ ਐਕਟਰਸ ਅਤੇ ਪ੍ਰੋਡਿਊਸਰ ਵੀ ਹੈ। ਅੱਜ ਟੀ. ਵੀ. ਤੇ ਉਹ ਸਭ ਤੋਂ ਟੀਸੀ ਤੇ ਹੈ ਪਰ ਸ਼ੁਰੂ ਵਿੱਚ ਉਹਨੂੰ ਇਕ ਰਿਪੋਰਟਰ ਦੀ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ ਕਿ ਉਹ ਟੀ. ਵੀ. ਲਈ ਠੀਕ ਨਹੀਂ ਹੈ। ਸ਼ਾਮ ਦੀਆਂ 6 ਵਜੇ ਵਾਲੀਆਂ ਖ਼ਬਰਾਂ ਤੋਂ ਕੱਢ ਦਿੱਤਾ ਗਿਆ ਕਿ ਉਹ ਸਵੇਰੇ 6 ਵਜੇ ਖ਼ਬਰਾਂ ਦਿਆ ਕਰੇ।

**ਜੇ. ਕੇ. ਰੋਵਲਿੰਗ** : ਜਿਹਨੇ ਹੈਰੀ ਪੋਟਰ ਕਿਤਾਬਾਂ ਲਿਖੀਆਂ, ਜਿਹਦੀਆਂ 400 ਮਿਲੀਅਨ ਕਾਪੀਆਂ ਵਿੱਕ ਚੁੱਕੀਆਂ ਹਨ ਅਤੇ ਬਹੁਤ ਸਫਲ ਫਿਲਮਾਂ ਵੀ ਚੱਲ ਰਹੀਆਂ ਹਨ, ਉਹਨੂੰ ਕਈ ਪਬਲਿਸ਼ਰਾ ਨੇ ਕਿਤਾਬ ਛਾਪਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਇਹ ਕਿਤਾਬਾਂ ਬੱਚਿਆਂ ਲਈ ਠੀਕ ਨਹੀਂ ਹਨ ਅਤੇ ਬੱਚਿਆਂ ਦੀਆਂ ਕਿਤਾਬਾਂ ਤੋਂ ਕਦੇ ਕੋਈ ਪੈਸੇ ਦਾ ਲਾਭ ਵੀ ਨਹੀਂ ਹੁੰਦਾ।
ਜੇ. ਕੇ. ਰੋਵਲਿੰਗ ਦੀ ਕਹਾਣੀ ਇਸ ਕਰਕੇ ਵੀ ਰੌਚਿਕ ਹੈ ਕਿ ਜਦ ਉਹਨੇ ਲਿਖਣਾ ਸ਼ੁਰੂ ਕੀਤਾ ਤਾਂ ਉਹਦਾ ਤਲਾਕ ਹੋ ਚੁੱਕਾ ਸੀ ਅਤੇ ਆਪਣੇ ਬੱਚਿਆਂ ਨੂੰ ਮਿਲਦੇ ਸਰਕਾਰੀ ਭੱਤਿਆਂ ਤੇ ਪਾਲ਼ ਰਹੀ ਸੀ।

**ਬਿਲਗੇਟਸ** : ਮਾਈਕਰੋਸੋਫਟ ਦਾ ਚੇਅਰਮੈਨ ਅੱਜ ਮੰਨਿਆ ਹੋਇਆ ਵਿਉਪਾਰੀ ਅਤੇ ਅਮੀਰ ਆਦਮੀ ਹੈ। ਉਹਨੇ ਸ਼ੁਰੂ ਵਿੱਚ ਆਪਣੇ ਦੋਸਤਾਂ ਪੌਲ ਐਲਨ ਅਤੇ ਪੌਲ ਮਿਲਬਰਟ ਨਾਲ "ਟਰਾਫ-ਓ-ਡਾਟਾ" ਨਾਂ ਦੀ ਕੰਪਨੀ ਖੋਲ੍ਹੀ ਸੀ ਕਿ ਟਰੈਫਿਕ ਬਾਰੇ ਰਿਪੋਰਟਾਂ ਦੇ ਸਕੇ ਪਰ ਉਹ ਆਪਣੇ ਵਿਉਪਾਰ ਵਿੱਚ ਸਫਲ ਨਾ ਹੋ ਸਕਿਆ। 1974 ਅਤੇ 1980 ਵਿੱਚ ਕੰਪਨੀ ਨੂੰ ਇਨ੍ਹਾਂ ਜ਼ਿਆਦਾ ਘਾਟਾ ਪਿਆ ਕਿ ਆਖੀਰ ਵਿੱਚ ਕੰਪਨੀ ਨੂੰ ਬੰਦ ਕਰਨਾ ਪਿਆ। ਪਰ ਉਹਨੇ ਹੌਂਸਲਾ ਨਾ ਹਾਰਿਆ ਅਤੇ ਬਾਅਦ ਵਿੱਚ ਆਪਣੇ ਦੋਸਤ ਪੌਲ ਐਲਨ ਨਾਲ ਮਿਲਕੇ ਮਾਈਕਰੋਸੋਫਟ ਦੀ ਕੰਪਨੀ ਖੋਲ੍ਹੀ ਜੋ ਅੱਜ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ।

ਇਸੇ ਤਰ੍ਹਾਂ ਦੁਨੀਆਂ ਦੇ ਹੋਰ ਸਫਲ ਲੋਕਾਂ ਦੇ ਕਿੱਸੇ ਹਨ ਜਿਥੇ ਉਹ ਵਾਰ-ਵਾਰ ਫੇਲ੍ਹ ਹੋਏ ਪਰ ਉਹਨਾਂ ਹੌਂਸਲਾ ਨਾ ਹਾਰਿਆ। ਸਿੱਖਣ ਵਾਲੀ ਗੱਲ ਇਹ ਹੈ ਕਿ ਜਿੰਦਗੀ ਵੱਲ ਸਾਡਾ ਨਜ਼ਰੀਆ ਕੀ ਹੈ ਜੋ ਸਾਨੂੰ ਸਫਲ ਬਣਾਉਂਦਾ ਹੈ ਅਤੇ ਸਦੀਵੀ ਖੁਸ਼ੀ ਪ੍ਰਾਪਤ ਕਰਨ ਵੱਲ ਲਿਜਾਂਦਾ ਹੈ। ਇਹ ਸਾਡੀ ਆਪਣੀ ਜਿੰਦਗੀ ਹੈ ਜਿਹਨੂੰ ਉਸ ਤਰ੍ਹਾਂ ਹੀ ਜੀਆ ਜਾਏ ਜਿਸ ਤਰ੍ਹਾਂ ਅਸੀਂ ਆਪ ਖੁਦ ਚਾਹੁੰਦੇ ਹਾਂ ਨਾ ਕਿ ਸਾਨੂੰ ਜਿੰਦਗੀ ਬਸਰ ਕਰਨ ਲਈ ਕੋਈ ਹੋਰ ਚਾਲਕ ਚੋਭਾਂ ਮਾਰਦਾ ਫਿਰੇ।

✪✪

# ਇਹ ਮੌਤ ਨਹੀਂ ਇੱਕ ਕਤਲ ਹੈ ਕਾਤਿਲ ਕੌਣ ਐ ਤੁਸੀ ਦੱਸੋ



ਅੱਜ ਤੋਂ ਲੱਗਭਗ 12-13 ਸਾਲ ਪਹਿਲਾ ਦੀ ਗੱਲ ਐ ਕੇ ਮੈ ਆਪਣੇ ਘਰ ਦੇ ਬਾਹਰ ਸ਼ੱਥ ਚ ਕੁਝ ਹੋਰ ਬੰਦਿਆਂ ਨਾਲ ਖੜ੍ਹਾ ਸੀ, ਇੱਕ ਭੱਜੇ ਆਉਦੇਂ ਬੰਦੇ ਨੇ ਆਕੇ ਸਾਨੂੰ ਕਿਹਾ ਵਾਈ ਖੇਤ ਵਾਲੇ ਵੰਤੇ ਦੀ ਕੁੜੀ ਜੱਸੂ ਬਹੁਤ ਬਿਮਾਰ ਐ ਛੇਤੀ ਨਾਲ ਕੋਈ ਸਾਧਨ ਲੈ ਕੇ ਚੱਲਿਓ ਉਥੋਂ ਅਸੀ ਇੱਕ ਗੁਆਂਢੀਆਂ ਦਾ ਸਕੂਟਰ ਲੈਤਾ ਤੇ ਦੋ ਜਨੇ ਖੇਤ ਵੱਲ ਨੂੰ ਚੱਲ ਪਏ ਜਦ ਪਿੰਡ ਚੋਂ ਖੇਤ ਵਾਲੇ ਰਾਹ ਤੇ ਚੜੇ ਤਾਂ ਟਰੈਟਰ ਤੇ ਉਹਨਾ ਦਾ ਗੁਆਂਢੀ ਬਿਮਾਰ ਕੁੜੀ ਜੱਸੂ ਨੂੰ ਤੇ ਕੁੜੀ ਦੇ ਬਾਪ ਵੰਤਾ ਸਿੰਘ ਅਤੇ,ਮਾਂ ਤੇ ਦਾਦੀ ਨੂੰ ਲੈ ਕੇ ਸਹਿਰ ਵੱਲ ਨੂੰ ਹੀ ਆ ਰਿਹਾ ਸੀ ਤੇ ਅਸੀ ਪੁਛਿਆ ਵਾਈ ਕੁੜੀ ਕਿਵੇਂ ਤਾਂ ਉਹ ਫਟਾ ਫਟ ਚੱਲਦੇ ਟਰੈਟਰ ਤੋਂ ਉਤਰਿਆ ਤੇ ਟਰੈਟਰ ਚਲਾ ਰਹੇ ਗੁਆਂਢੀ ਨੂੰ ਕਿਹਾ ਤੁਸੀ ਇਹਨੂੰ ਡਾਕਟਰ ਕੁਮਾਰ ਦੇ ਲੈ ਕੇ ਚੱਲੋ ਤੇ ਮੈਂ ਆੜਤੀਏ ਤੋਂ ਪੈਸੇ ਲੈ ਕੇ ਆਉਨਾਂ ਤੇ ਮੇਰੇ ਪਿਛੇ ਸਕੂਟਰ ਤੇ ਬੈਠ ਗਿਆ ਕਹਿੰਦਾ ਵਾਈ ਫਟਾ ਫਟ ਆੜਤੀਏ ਦੇ ਚੱਲ ਤੇ ਅਸੀ ਆੜਤੀਏ ਦੇ ਪਹੁੰਚ ਗਏ ਉਸ ਆੜਤੀਏ ਨੇ ਵੰਤੇ ਦੀ ਗੱਲ ਸੁਣ ਕੇ ਕਿਹਾ ਤੁਸੀ ਡਾਕਟਰ ਦੇ ਚੱਲੋ ਮੈ ਪੈਸੇ ਲੈਕੇ ਥੋਡੇ ਪਿਛੇ ਹੀ ਆ ਗਿਆ ਤੇ ਜਦ ਅਸੀ ਡਾਕਟਰ ਕੋਲ ਪਹੁੰਚੇ ਤਾਂ ਪੈਸੇ ਲੈ ਕੇ ਆੜਤੀਆ ਵੀ ਪਹੁੰਚ ਗਿਆ ਸੀ ਡਾਕਟਰ ਨੇ ਕੁੜੀ ਦੇ ਡ੍ਰਿਪ ਲਾਈ ਹੋਈ ਸੀ ਤੇ ਸਿਰ ਹਿਲਾ ਰਿਹਾ ਸੀ ਤੇ ਕਹਿ ਰਿਹਾ ਸੀ ਕੁੜੀ ਦਾ ਬਚਣਾ ਮੁਸ਼ਕਿਲ ਐ ਬਿਮਾਰੀ ਬਹੁਤ ਵਧ ਗਈ ਪਹਿਲਾ ਕਿਉ ਨੀ ਆਏ ਬਹੁਤ ਦੇਰ ਕਰ ਦਿੱਤੀ ਹੁਣ ਤਸੀ ਐਬੂਲੈਂਸ ਮੰਗਾਉ ਤੇ ਬਾਹਰ ਕਿਸੇ ਵੱਡੇ ਹਸਪਤਾਲ ਚ ਲੈ ਜੋ।ਤੇ ਫੋਨ ਕਰਨ ਤੇ ਕੁਝ ਕ ਮਿੰਟਾਂ ਚ ਹੀ ਐਬੂਲੈਂਸ ਪਹੁੰਚ ਗਈ। ਜਦ ਅਸੀ ਕੁੜੀ ਨੂੰ ਚੁੱਕਣ ਲੱਗੇ ਤਾਂ ਏਨੇ ਚ ਹੀ ਕੁੜੀ ਦੇ ਪ੍ਰਾਣ ਨਿੱਕਲ ਗਏ ਸਾਰਾ ਪਰਿਵਾਰ ਉੱਚੀ ਉੱਚੀ ਰੋ ਰਿਹਾ ਸੀ ਤੇ ਬਾਪ ਵੰਤਾ ਰੋਦਾਂ ਰੋਦਾਂ ਬੋਲ ਰਿਹਾ ਸੀ ਹਾਏ ਪੁੱਤ ਜੱਸੂ ਓਏ ਮੈ ਉਸ ਨੂੰ ਚੁੱਪ ਕਰਾਉਣ ਦੀ ਕੋਸਿਸ ਕਰ ਰਿਹਾ ਸੀ ਤੇ ਉਹ ਕਹਿ ਰਿਹਾ ਸੀ ਵਾਈ ਓਏ ਮੈਨੂੰ ਖੇਤੋਂ ਕੰਮ ਕਰਕੇ ਆਏ ਨੂੰ ਰੋਟੀ ਪਾਣੀ ਇਹੀ ਫੜਾਉਦੀ ਸੀ ਤੇ ਸਾਰਾ ਦਿਨ ਪਾਪਾ ਪਾਪਾ ਕਰਦੀ ਸੀ ਮੇਰਾ ਵਾਅਲਾ ਖਿਆਲ ਰੱਖਦੀ ਸੀ ਓਏ ਮੈਂ ਤਾਂ ਜਮਾਂ ਈ ਪੱਟਿਆ ਗਿਆ ਓਏ। ਰੋਦਾਂ ਹੋਇਆ ਵੰਤਾ ਇੱਕ ਦਮ ਗੁਸੇ ਚ ਆ ਗਿਆ ਤੇ ਪੈਰਾਂ ਚ ਪਈ ਅੱਧੀ ਇਟ ਚੱਕ ਕੇ ਆਪਦੀ ਮਾਂ ਤੇ ਘਰਵਾਲੀ ਦੇ ਮਾਰਨ ਲੱਗਿਆ ਮਸ਼ਾ ਫੜਿਆ ਤੇ ਗਾਲਾਂ ਦੇ ਰਿਹਾ ਸੀ ਆ ਸਾਡੀਆਂ ਬੁੜੀਆਂ ਨੇ ਮੇਰੀ ਇੱਕ ਨੀ ਚੱਲਣ ਦਿੱਤੀ ਮੈ ਵਥੇਰਾ ਪਿਟਿਆ ਵੀ ਕਿਸੇ ਡਾਕਟਰ ਦੇ ਦਖਾ ਲੈਨੇ ਆਂ ਕਹਿੰਦੀਆ ਨਈ ਕਿਸੇ ਨੂੰ ਨੀ ਦਿਖਾਉਣਾ ਏਹਨੂੰ ਪਾਣੀ ਝਾਰਾ ਐ ਤੇ ਕਾਲੇਕੇ ਪਿੰਡ ਤੋਂ ਪਾਣੀ ਕਰਵਾ ਲਿਆਦਾਂ ਪਾਣੀ ਨਾਲ ਈ ਠੀਕ ਹੋਜੂ ਹੁਣ ਦੱਸੋ ਥੋਡੇ ਪਾਣੀ ਨੇ ਕੀ ਕੀਤਾ ਮੇਰੀ ਧੀ ਜੱਸੂ ਦੀ ਤਾਂ ਜਾਨ ਲੈ ਲਈ ਨਾ। ਤੇ ਆਸੀ ਵੰਤੇ ਨੂੰ ਮਸਾਂ ਪਾਸੇ ਕੀਤਾ, 14 -15 ਸਾਲ ਦੀ ਧੀ ਲਾਸ਼ ਬਣ ਚੁੱਕੀ ਸੀ ਦੁੱਖ ਤਾਂ ਮਾਂ ਅਤੇ ਦਾਦੀ ਨੂੰ ਵੀ ਬਹੁਤ ਸੀ ਪਰ ਅੰਧਵਿਸ਼ਵਾਸ ਕਾਰਣ ਹੀ ਆਪਣੀ ਲਾਡਲੀ ਬੇਟੀ ਜੱਸੂ ਗਵਾਂ ਲਈ ਮੈ ਸਮਝਦਾਂ ਇਹ ਮੌਤ ਨਹੀਂ ਇੱਕ ਕਤਲ ਹੈ ਕਾਤਿਲ ਕੌਣ ਐ ਤੁਸੀ ਦੱਸੋ ਜੀ।

-ਵੇਦ ਤਪਾ

# ਦਹਿਸ਼ਤ ਦੇ ਦਿਨਾਂ ਦਾ ਖ਼ੌਫ਼



## ਮੇਘ ਰਾਜ ਮਿੱਤਰ

1978 ਤੋਂ ਲੈ ਕੇ 1993 ਤਕ ਪੰਜਾਬ ਦੇ ਲੋਕਾਂ ਨੇ ਦਹਿਸ਼ਤਗਰਦੀ ਦਾ ਖ਼ੌਫ਼ ਝੱਲਿਆ ਹੈ। ਇਹ ਅਜਿਹਾ ਕਾਲਾ ਦੌਰ ਸੀ, ਜਦੋਂ ਲੋਕ ਸੱਥਾਂ ਵਿਚ ਬੈਠ ਕੇ ਗੱਲਾਂ ਕਰਨਾ ਬੰਦ ਕਰ ਗਏ ਸਨ। ਜੇ ਕੋਈ ਗੱਲ ਕਰਨੀ ਵੀ ਹੁੰਦੀ ਤਾਂ ਘਰਾਂ ਦੇ ਅੰਦਰਲੇ ਕਮਰਿਆਂ ਵਿਚ ਜਾ ਕੇ ਕੰਨਾਂ ਵਿਚ ਹੀ ਘੁਸਰ-ਮੁਸਰ ਕਰਦੇ। ਗਲੀਆਂ ਦੇ ਕੁੱਤਿਆਂ ਨੇ ਭੌਂਕਣਾ ਬੰਦ ਕਰ ਦਿੱਤਾ ਸੀ। ਕਿਉਂਕਿ ਜਾਂ ਤਾਂ ਲੋਕਾਂ ਨੇ ਉਨ੍ਹਾਂ ਨੂੰ ਮਾਰ ਦਿੱਤਾ ਸੀ ਜਾਂ ਸੰਗਲੀਆਂ ਪਾ ਕੇ ਕਮਰਿਆਂ ਅੰਦਰ ਡੱਕ ਦਿੱਤਾ ਸੀ ਤਾਂ ਕਿ ਰਾਤ ਨੂੰ ਗਲੀਆਂ ਵਿਚ ਫਿਰਦੇ ਬੇਗਾਨੇ ਬੰਦਿਆਂ ਦੀਆਂ ਗਤੀਵਿਧੀਆਂ ਬਾਰੇ ਬਿੜਕ ਨਾ ਲੱਗੇ। ਪੰਜਾਬ ਦੇ ਸ਼ਹਿਰਾਂ ਵਿਚ ਬਹੁਤ ਸਾਰੇ ਘਰ ਖਾਲੀ ਹੋ ਗਏ ਸਨ। ਜਦੋਂ ਕਿ ਹਰਿਆਣਾ ਦੇ ਨੇੜਲੇ ਸ਼ਹਿਰਾਂ ਵਿਚ ਘਰਾਂ ਦੇ ਕਿਰਾਏ ਤੇ ਕੀਮਤਾਂ ਵਧ ਗਈਆਂ ਸਨ। ਹਸਪਤਾਲਾਂ ਵਿਚ ਹਰ ਰੋਜ਼ ਚਾਰ-ਪੰਜ ਲਾਸ਼ਾਂ ਪੋਸਟਮਾਰਟਮ ਲਈ ਆ ਰਹੀਆਂ ਸਨ। ਇਹ ਜਾਂ ਤਾਂ ਪੁਲਿਸ ਦੇ ਫ਼ਰਜ਼ੀ ਮੁਕਾਬਲਿਆਂ ਵਿਚ ਮਾਰੇ ਹੁੰਦੇ ਜਾਂ ਖ਼ਾਲਿਸਤਾਨੀਆਂ ਨੇ ਬੱਸਾਂ ਵਿਚੋਂ ਕੱਢ ਕੇ ਗੱਡੀ ਚਾੜ੍ਹੇ ਹੁੰਦੇ। ਬੰਦੇ ਦਾ ਘੋਗਾ ਚਿੱਤ ਕਰਨ ਲਈ ਘੜਿਆਂ ਵਿਚੋਂ ਪਰਚੀਆਂ ਕੱਢੀਆਂ ਜਾ ਰਹੀਆਂ ਸਨ।

ਇਨ੍ਹਾਂ ਦਿਨਾਂ ਦੌਰਾਨ ਮੇਰਾ ਬੇਟਾ ਰੂਸ ਵਿਚ ਡਾਕਟਰੀ ਦੀ ਪੜ੍ਹਾਈ ਕਰਨ ਗਿਆ ਸੀ। ਛੁੱਟੀਆਂ ਕਾਰਨ ਉਹ ਘਰ ਆ ਗਿਆ ਸੀ। ਉਸ ਨਾਲ ਪੜ੍ਹਦੀ ਇਕ ਲੜਕੀ ਨੇ ਉਸ ਨੂੰ ਡਬਲ ਬੈੱਡ ਦਾ ਇਕ ਕੰਬਲ ਫੜਾ ਦਿੱਤਾ ਤਾਂ ਜੋ ਮਾਲੇਰਕੋਟਲੇ ਕੋਲ ਉਸ ਦੇ ਘਰ ਪਹੁੰਚਾਇਆ ਜਾ ਸਕੇ। ਬੇਟੇ ਨੇ ਆਪਣੇ ਇਕ ਦੋਸਤ ਨੂੰ ਨਾਲ ਲਿਆ। ਸਕੂਟਰ ਦੀ ਪਿਛਲੀ ਸੀਟ ’ਤੇ ਬੈਠੇ ਪੱਗ ਵਾਲੇ ਉਸ ਦੇ ਦੋਸਤ ਨੇ ਕੰਬਲ ਵਿਚਾਲੇ ਰੱਖ ਲਿਆ। ਮੈਂ ਆਪਣੇ ਬੇਟੇ ਨੂੰ ਸਿਰ ’ਤੇ ਹੈਲਮਟ ਲੈਣ ਲਈ ਜ਼ੋਰ ਪਾਉਣ ਲੱਗ ਪਿਆ। ਪਰ ਉਹ ਹੈਲਮਟ ਨਾ ਲੈ ਕੇ ਜਾਣ ’ਤੇ ਅੜ ਗਿਆ। ਮਾਲੇਰਕੋਟਲੇ ਤਕ ਆਉਣ-ਜਾਣ ਦਾ ਸਫ਼ਰ ਕਰੀਬ 140 ਕਿਲੋਮੀਟਰ ਸੀ। ਮੈਂ ਕਿਸੇ ਵੀ ਹਾਲਤ ਵਿਚ ਉਨ੍ਹਾਂ ਨੂੰ ਹੈਲਮਟ ਤੋਂ ਬਗੈਰ ਜਾਣ ਨਹੀਂ ਸੀ ਦੇਣਾ ਚਾਹੁੰਦਾ। ਉਸ ਦੇ ਦੋਸਤ ਨੇ ਇਹ ਕਹਿ ਕੇ ਮੇਰੇ ਕੋਲੋਂ ਹੈਲਮਟ ਫੜ ਲਿਆ, “ਅੰਕਲ ਜੀ! ਸ਼ਹਿਰ ਨਿਕਲਦਿਆਂ ਹੀ ਮੈਂ ਇਸ ਦੇ ਸਿਰ ’ਤੇ ਹੈਲਮਟ ਰੱਖ ਦਿਆਂਗਾ।” ਜਾਣ ਤੋਂ ਪੰਜ-ਸੱਤ ਮਿੰਟਾਂ ਬਾਅਦ ਹੀ ਮੇਰਾ ਬੇਟਾ ਲਹੂ-ਲੁਹਾਣ ਹੋ ਕੇ ਘਰ ਮੁੜ ਆਇਆ। ਕਹਿਣ ਲੱਗਿਆ, “ਪਾਪਾ ਜੀ! ਅੱਜ ਤਾਂ ਤੁਸੀਂ ਮੈਨੂੰ ਬਚਾ ਲਿਆ। ਅਜੇ ਮੈਂ ਸੰਘੇੜੇ ਹੀ ਪਹੁੰਚਿਆ ਸਾਂ ਕਿ ਗਲੀ ਵਿਚੋਂ ਆਉਂਦੇ ਇਕ ਤੇਜ਼ ਰਫ਼ਤਾਰ ਰੇਹੜੇ ਨੇ ਸਾਨੂੰ ਟੱਕਰ ਮਾਰ ਦਿੱਤੀ। ਹੈਲਮਟ ਟੁੱਟ ਗਿਆ। ਇਸ ਲਈ ਮੈਂ ਉਸ ਨੂੰ ਉਥੇ ਹੀ ਸੁੱਟ ਆਇਆ ਹਾਂ।”

ਮੈਂ ਉਸ ਨੂੰ ਤੁਰੰਤ ਹਸਪਤਾਲ ਲੈ ਗਿਆ। ਡਾਕਟਰ ਨੇ ਸਿਰ ’ਤੇ ਟਾਂਕੇ ਲਾ ਕੇ ਪੱਟੀ ਕਰ ਦਿੱਤੀ। ਉਸੇ ਸਮੇਂ ਖ਼ੂਨ ਨਾਲ ਲੱਥ-ਪੱਥ ਇਕ ਇਸਤਰੀ ਨੂੰ ਉਸ ਦਾ ਪਤੀ ਹਸਪਤਾਲ ਲੈ ਕੇ ਆਇਆ। ਉਸ ਦਾ ਚਿਹਰਾ ਥਾਂ-ਥਾਂ ਤੋਂ ਝਰੀਟਿਆ ਹੋਇਆ ਸੀ। ਮੈਂ ਉਸ ਦੇ ਘਰਵਾਲੇ ਨੂੰ ਪੁੱਛਿਆ, “ਇਸ ਦੇ ਸੱਟਾਂ ਕਿਵੇਂ ਵੱਜੀਆਂ?” ਉਹ ਕਹਿਣ ਲੱਗਿਆ, “ਕੱਲ੍ਹ ਖਾੜਕੂਆਂ ਦਾ ਬੰਦ ਹੋਣ ਕਾਰਨ ਅਸੀਂ ਦੋਵੇਂ ਅੱਜ ਬਰਨਾਲੇ ਘਰ ਦਾ ਸਾਮਾਨ ਖ਼ਰੀਦਣ ਆ ਰਹੇ ਸਾਂ। ਇਨ੍ਹੇ ਵਿਚ ਮੇਰੇ ਸਕੂਟਰ ਕੋਲੋਂ ਦੀ ਲੰਘ ਰਹੇ ਸਾਇਕਲ ਦੇ ਟਾਇਰ ਦਾ ਪਟਾਕਾ ਪੈ ਗਿਆ। ਸਕੂਟਰ ਦੇ ਪਿੱਛੇ ਬੈਠੀ ਮੇਰੀ ਘਰਵਾਲੀ ਨੇ ਇਹ ਕਹਿ ਕੇ ਛਾਲ ਮਾਰ ਦਿੱਤੀ ਕਿ ਅੱਤਵਾਦੀ ਆ ਗਏ.. .ਅੱਤਵਾਦੀ ਆ ਗਏ.. .। ਸਕੂਟਰ ਤੇਜ਼ ਸੀ। ਇਸ ਲਈ ਇਹ ਸੜਕ ’ਤੇ ਮੂੰਹ ਪਰਨੇ ਡਿੱਗ ਪਈ। ਮੂੰਹ-ਮੱਥਾ ਝਰੀਟਿਆ ਗਿਆ।”

‘ਪੰਜਾਬ ਬੰਦ’ ਤੋਂ ਇਕ ਦਿਨ ਬਾਅਦ ਜਦੋਂ ਮੈਂ ਸਕੂਲ ਗਿਆ ਤਾਂ ਮੇਰੇ ਸਾਥੀ ਅਧਿਆਪਕਾਂ ਨੇ ਅਜਿਹੀ ਹੀ ਇਕ ਹੋਰ ਸੱਚੀ ਘਟਨਾ ਸੁਣਾਈ। ਉਨ੍ਹਾਂ ਕਿਹਾ ਕਿ ਕੱਲ੍ਹ ਖਾੜਕੂਆਂ ਦੇ ਦਿੱਤੇ ਬੰਦ ਦੇ ਸੱਦੇ ਦੇ ਬਾਵਜੂਦ ਕਾਲਜ ਸਾਹਮਣੇ ਕੰਟੀਨ ਚਲਾਉਂਦੇ ਹੰਸੇ ਨੇ ਆਪਣੀ ਚਾਹ ਦੀ ਦੁਕਾਨ ਖੁੱਲ੍ਹੀ ਰੱਖੀ। ਸ਼ਾਮ ਨੂੰ ਸੱਤ ਕੁ ਵਜੇ ਉਹ ਅਜੇ ਘਰ ਪੁੱਜਿਆ ਹੀ ਸੀ ਕਿ ਗਲੀ ਵਿਚ ਦੋ ਬੰਦੇ ਟਾਰਚਾਂ ਲੈ ਕੇ ਉਸ ਦਾ ਘਰ ਪੁੱਛ ਰਹੇ ਸਨ। ਹੰਸਾ ਫਟਾ-ਫਟ ਪੌੜੀਆਂ ਚੜ੍ਹਿਆ ਅਤੇ ਬਨੇਰਾ ਟੱਪ ਕੇ ਗੁਆਂਢੀਆਂ ਦੇ ਕੋਠੇ ’ਤੇ ਛਾਲ ਮਾਰ ਦਿੱਤੀ। ਪਿੱਛੇ ਹੀ ਸਾਡੇ ਇਕ ਅਧਿਆਪਕ ਦਾ ਘਰ ਸੀ। ਉਹ ਖੜਾਕ ਸੁਣਕੇ ਪੌੜੀਆਂ ਚੜ੍ਹ ਆਇਆ। ਲੁਕੇ ਬੈਠੇ ਹੰਸੇ ਨੂੰ ਪੁੱਛਣ ਲੱਗਿਆ, “ਹੰਸਿਆ ਤੂੰ ਕਿਉਂ ਕੰਬ ਰਿਹੈਂ?” ਉਹ ਕਹਿਣ ਲਗਿਆ, “ਦੋ ਖਾੜਕੂ ਮੈਨੂੰ ਮਾਰਨ ਲਈ ਲੱਭਦੇ ਫਿਰਦੇ ਨੇ।” ਅਧਿਆਪਕ ਕਹਿਣ ਲੱਗਿਆ, “ਸਾਡੇ ਸਾਰੇ ਟੱਬਰ ਨੂੰ ਵੀ ਮਰਵਾਏਂਗਾ, ਚੱਲ ਭੱਜ ਇਥੋਂ!” ਹੰਸੇ ਨੇ ਨਾਲ ਲਗਦੇ ਇਕ ਹੋਰ ਗੁਆਂਢੀ ਦੇ ਕੋਠੇ ’ਤੇ ਛਾਲ ਮਾਰ ਦਿੱਤੀ। ਉਹ ਵੀ ਸਾਡੇ ਸਕੂਲ ਦਾ ਕਲਰਕ ਸੀ। ਉਹ ਵੀ ਛੱਤ ’ਤੇ ਚੜ੍ਹ ਆਇਆ। ਹੰਸੇ ਨੇ ਕਿਹਾ, “ਮੈਂ ਅੱਜ ਦੁਕਾਨ ਖੋਲ੍ਹ ਕੇ ਰੱਖੀ ਸੀ। ਇਸ ਲਈ ਖਾੜਕੂ ਮੈਨੂੰ ਗੱਡੀ ਚਾੜ੍ਹਨ ਲਈ ਲੱਭ ਰਹੇ ਨੇ।” ਉਸ ਨੇ ਵੀ ਦੋ-ਚਾਰ ਧੱਕੇ ਮਾਰ ਕੇ ਹੰਸੇ ਨੂੰ ਭਜਾ ਦਿੱਤਾ। ਏਨੇ ਨੂੰ ਹੰਸੇ ਦੀ ਘਰਵਾਲੀ ਕੋਠੇ ਉਪਰ ਆ ਗਈ। ਕਹਿਣ ਲੱਗੀ, “ਉਹ ਬੰਦੇ ਤਾਂ ਬਿਜਲੀ ਠੀਕ ਕਰਨ ਵਾਲੇ ਮੁਲਾਜ਼ਮ ਸਨ ਅਤੇ ਪੌੜੀ ਮੰਗ ਰਹੇ ਸਨ।”

ਅਜਿਹੇ ਵਿਅਕਤੀਆਂ ਨਾਲ ਸਬੰਧਤ ਬਹੁਤ ਸਾਰੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਦਹਿਸ਼ਤਗਰਦੀ ਦਾ ਸੰਤਾਪ ਝੱਲਿਆ ਹੈ। ਕਾਸ਼! ਅਜਿਹੇ ਦਿਨ ਮੁੜ ਨਾ ਆਉਣ।